# ਕੈਨੇਡਾ ਦਰਪਣ

ਅਕਤੂਬਰ 18- 24, 1988

**October 18- 24, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

# ਜ਼ਿਆ ਦੀ ਮੌਤ : ਵੱਖ ਵੱਖ ਰਾਵਾਂ

OCTOBER 18-24, 1988 Vol. 07 No. 24

Out of Greater Vancouver
75¢

Second Class Mail Reg. No. 5991

ਕਨੇਡਾ ਦਰਪਣ

The Canada Darpan The Punjabi Newspaper

P.O.BOX 265, Surrey, B.C. V3T 4W8
Ph: (604) 581-4473

ਨੀਊਯਾਰਕ — ਬੀ. ਬੀ. ਸੀ. ਨੇ ਖ਼ਬਰ ਦਿੱਤੀ ਹੈ ਕਿ ਪਾਕਿਸਤਾਨ ਦੇ ਡਿਕਟੇਟਰ ਜ਼ਿਆ ਉਲ ਹੱਕ ਦੀ ਮੌਤ ਸੰਬੰਧੀ ਅਮਰੀਕਨ ਕਮਿਸ਼ਨ ਦੇ ਪ੍ਰਤੀਨਿਧ ਨੇ ਕਿਹਾ ਹੈ ਕਿ ਉਨ੍ਹਾਂ ਦੀ ਮੌਤ ਕਿਸੇ ਸਾਜ਼ਿਸ਼ ਦਾ ਕਾਰਨ ਨਹੀਂ ਹੈ ਸਗੋਂ ਇਹ ਦੁਰਘਟਨਾ ਮਕੈਨੀਕਲ ਖਰਾਬੀ ਦੇ ਕਾਰਨ ਹੋਈ।

ਓਧਰ ਪਾਕਿਸਤਾਨ ਵਿਚ ਪਾਕਿਸਤਾਨ ਦੀ ਸਰਕਾਰ ਦੇ ਨੁਮਾਇੰਦਿਆਂ ਨੇ ਫਿਰ ਕਿਹਾ ਹੈ ਕਿ ਜ਼ਿਆ ਦੀ ਮੌਤ ਦਾ ਕਾਰਨ ਭੰਨ-ਤੋੜ ਦਾ ਸਿੱਟਾ ਹੋਣਾ ਰੱਦ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੀ ਏਅਰਫੋਰਸ ਦੇ ਦੋ ਅਫਸਰ ਇਸ ਲਈ ਜ਼ਿਮੇਂਵਾਰ ਹੋ ਸਕਦੇ ਹਨ।

ਇਕ ਜਾਣਕਾਰ ਨੇ ਕਿਹਾ ਹੈ ਕਿ ਪਾਕਿਸਤਾਨ ਸਰਕਾਰ ਇਕ ਵੱਖਰੀ ਪੜਤਾਲ ਵੀ ਕਰਵਾ ਰਹੀ ਹੈ। ਉਸ ਨੇ ਕਿਹਾ ਹੈ ਹਾਲੇ ਤੱਕ ਕੋਈ ਨਿਸਚਤ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਹਾਦਸੇ ਦਾ ਅਸਲ ਕਾਰਨ ਕੀ ਸੀ ਹੁਣ ਤਕ ਸਭ ਕਿਆਸ-ਅਰਾਈਆਂ ਹੀ ਕੀਤੀਆਂ ਜਾ ਰਹੀਆਂ ਹਨ।

# ਜਸਬੀਰ ਸਿੰਘ ਵਲੋਂ ਖਾਨਾਜੰਗੀ ਤੇਜ਼

## ਦਿੱਲੀ ਦੇ ਮਾਡਰੇਟ ਸਿੱਖਾਂ ਦਾ ਦੋਸ਼

ਨਵੀਂ ਦਿੱਲੀ — ਭਾਈ ਜਸਬੀਰ ਸਿੰਘ ਰੋਡੇ ਵਲੋਂ ਦਿੱਲੀ ਉਤੇ ਸੱਦੇ ਗਏ ਸਰਬਤ ਖਾਲਸਾ ਨੇ ਅਕਾਲੀ ਧੜਿਆਂ ਤੇ ਅਤਿਵਾਦੀ ਗਰੁੱਪਾਂ ਵਿਚਾਲੇ ਤਕੜੀ ਖਿਚ ਧੂਹ ਕਰ ਦਿੱਤੀ ਹੈ। ਸਾਧਾਰਨ ਅਤੇ ਮਾਡਰੇਟ ਸਿਖ ਇਸ ਹਾਲਤ ਤੋਂ ਵਧੇਰੇ ਪਰੇਸ਼ਾਨ ਹਨ। "ਪਿਛਲਾ ਸਰਬਤ ਖਾਲਸਾ ਸਹੀ ਸਰਬੱਤ ਖਾਲਸਾ ਸੀ ਜਾਂ ਅਗੋਂ ਹੋਣ ਵਾਲਾ ਸਰਬਤ ਖਾਲਸਾ ਸਹੀ ਹੋਵੇਗਾ।" ਇਹ ਸਵਾਲ ਅਜ ਸਿਖ ਜਨ ਸਾਧਾਰਨ ਵਿਚ ਆਮ ਪੁਛਿਆ ਜਾ ਰਿਹਾ ਹੈ। ਦਿੱਲੀ ਅਕਾਲੀ ਦਲ (ਸੰਤ) ਦੇ ਪ੍ਰਧਾਨ ਅਵਤਾਰ ਸਿੰਘ ਹਿਤ ਨੇ ਵੀ ਅਖਬਾਰਾਂ ਨੂੰ ਬਿਆਨ ਦੇ ਕੇ ਇਹੋ ਸਵਾਲ ਉਠਾਇਆ ਹੈ ਉਹਨਾਂ ਕਿਹਾ ਕਿ ਸਰਬਤ ਖਾਲਸੇ ਦਾ ਅਸਲ ਮਤਲਬ ਹਰ ਖਿਆਲ ਦੇ ਸਿੱਖਾਂ ਦਾ ਇਕੱਠ ਸੱਦ ਕੇ ਹਰ ਵੱਖਰੇ ਖਿਆਲ ਵਾਲੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦੇਣਾ ਅਤੇ ਫਿਰ ਬਹੁਗਿਣਤੀ ਦਾ ਫੈਸਲਾ ਮੰਨਣਾ ਹੁੰਦਾ ਹੈ। ਅਜੇਹੇ ਸਰਬਤ ਖਾਲਸੇ ਕੇਵਲ 18ਵੀਂ ਸਦੀ ਤੱਕ ਹੀ ਬੁਲਾਏ ਜਾਂਦੇ ਰਹੇ ਪਰ ਨੀਲਾ ਤਾਰਾ ਅਪਰੇਸ਼ਨ ਤੋਂ ਬਾਅਦ ਹਰ ਸਿੱਖ ਜਥੇਬੰਦੀ ਆਪਣੇ ਆਪਣੇ ਅਨੁਸਾਰ ਆਪਣੇ ਹਮਾਇਤੀਆਂ ਦੇ ਇਕੱਠ ਸੱਦ ਕੇ ਉਸਨੂੰ ਹੀ ਸਰਬੱਤ ਖਾਲਸਾ ਦਾ ਨਾਂ ਦੇਣ ਲੱਗੀ ਹੈ ਤੇ ਇਹ ਸਿਲਸਿਲਾ ਜਾਰੀ ਹੈ। ਅਕਾਲੀ ਪ੍ਰਧਾਨ ਹਿੱਤ ਨੇ ਕਿਹਾ ਕਿ ਜੇਕਰ ਇਹ ਮੰਨ ਲਿਆ ਜਾਵੇ ਕਿ ਜਥੇਦਾਰ ਜਸਬੀਰ ਸਿੰਘ ਰੋਡੇ ਦੀ ਨਿਯੁਕਤੀ ਸਰਬਤ ਖਾਲਸੇ ਨੇ ਕੀਤੀ ਸੀ ਤਾਂ ਫਿਰ ਪੁਛਿਆ ਜਾ ਸਕਦਾ ਹੈ ਕਿ ਰੋਡੇ ਸਾਹਿਬ ਉਸ ਸਰਬੱਤ ਖਾਲਸੇ ਦੇ ਦੂਸਰੇ ਫੈਸਲੇ ਕਿਉਂ ਨਹੀਂ ਮੰਨਦੇ। ਦੇਖਿਆ ਜਾਵੇ ਤਾਂ ਅਜ ਦੀ ਪੰਥਕ ਕਮੇਟੀ ਤੇ ਦਮਦਮੀ ਟਕਸਾਲ ਵੀ ਭਾਈ ਰੋਡੇ ਦੇ ਸਰਬਤ ਖਾਲਸੇ ਦੇ ਐਲਾਨ ਨੂੰ ਸਹਿਮਤੀ ਨਹੀਂ ਦੇ ਰਹੀਆਂ।



### ਕੀ ਰੋਡੇ ਵਿਕ ਗਿਆ ਹੈ

ਅਵਤਾਰ ਸਿੰਘ ਹਿਤ ਨੇ ਕਿਹਾ ਕਿ ਇਸ ਹਾਲਤ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਭਾਈ ਜਸਬੀਰ ਸਿੰਘ ਰੋਡੇ ਇਸ ਸਮੇਂ ਸਰਕਾਰ ਵਿਰੁਧ ਚਲ ਰਹੀ ਸੰਘਰਸ਼ ਦਾ ਮੂੰਹ ਪੰਥ ਵਿਚ ਖਾਨਾਜੰਗੀ ਸ਼ੁਰੂ ਕਰਨ ਵਲ ਮੋੜ ਰਹੇ ਹਨ। ਇਹ ਗੱਲ ਆਮ ਕਹੀ ਜਾ ਰਹੀ ਹੈ ਕਿ ਜਥੇਦਾਰ ਰੋਡੇ ਕਿਤੇ ਸਰਕਾਰ ਪਾਸ ਵਿਕ ਤਾਂ ਨਹੀਂ ਗਏ।

ਯਾਦ ਰਹੇ ਭਾਈ ਜਸਬੀਰ ਸਿੰਘ ਨੂੰ ਭਾਰਤ ਸਰਕਾਰ ਨੇ ਸਾਲ ਦੇ ਅਰੰਭ ਵਿਚ ਜਦੋਂ ਰਿਹਾਅ ਕੀਤਾ ਸੀ ਤਾਂ ਪੰਜਾਬ ਵਿਚ ਇਸ ਸੰਬੰਧੀ ਸਾਰੇ ਰਾਜਸੀ ਹਲਕੇ ਕਹਿ ਰਹੇ ਸਨ ਕਿ ਭਾਈ ਰੋਡੇ ਸਰਕਾਰ ਨਾਲ ਗੁਪਤ ਸਮਝੌਤਾ ਕਰਕੇ ਜੇਲ੍ਹ ਤੋਂ ਬਾਹਰ ਆਏ ਹਨ।

## ਚਿੱਲੀ ਦੇ ਲੋਕਾਂ ਡਿਕਟੇਟਰ ਨੂੰ "ਨਾ" ਕਰ ਦਿੱਤੀ

ਸੈਂਟੀਆਗੋ — ਖਬਰ ਹੈ ਕਿ ਪਿਛਲੇ ਦਿਨੀਂ ਚਿੱਲੀ ਵਿਚ ਉਥੋਂ ਦੇ ਡਿਕਟੇਟਰ ਪੁਨੋਚੇ ਨੇ ਇਕ ਰਾਏ ਸ਼ੁਮਾਰੀ ਕਰਾਈ ਸੀ ਜਿਸ ਵਿਚ ਲੋਕਾਂ ਨੂੰ ਕਿਹਾ ਗਿਆ ਸੀ ਕਿ ਉਹ ਉਸਦੀ ਡਿਕਟੇਟਰੀ ਨੂੰ ਹੋਰ ਅਗਲੇ 8 ਸਾਲਾਂ ਲਈ ਚਾਹੁੰਦੇ ਹਨ ਜਾਂ ਨਹੀਂ। ਇਸ ਲਈ ਉਨ੍ਹਾਂ ਨੂੰ ਵੋਟ ਪਾਉਣ ਲਈ ਕਿਹਾ ਗਿਆ। ਪਰਚੇ ਉਪਰ ਹਾਂ ਜਾਂ ਨਾ ਲਿਖਿਆ ਹੋਇਆ ਸੀ। ਗਿਣਤੀ ਦੇ ਸਿੱਟੇ ਵਜੋਂ 53 ਫੀਸਦੀ ਤੋਂ ਵੱਧ ਲੋਕਾਂ ਨੇ ਨਾ ਵਿਚ ਵੋਟ ਪਾ ਕੇ ਡਿਕਟੇਟਰ ਦੀ ਡਿਕਟੇਟਰੀ ਰੱਦ ਕਰ ਦਿੱਤੀ ਹੈ। ਉਸ ਦੇ ਅਹੁਦੇ ਦੀ ਠੋਂਸੀ ਹੋਈ ਮਿਆਦ 1990 ਵਿਚ ਖਤਮ ਹੋ ਰਹੀ ਹੈ

ਇਥੇ ਇਹ ਯਾਦ ਰੱਖਣ ਦੀ ਲੋੜ ਹੈ ਕਿ ਡਿਕਟੇਟਰ ਪੋਨੋਚੇ 1973 ਵਿਚ ਚਿੱਲੀ ਦੀ ਚੁਣੀ ਹੋਈ ਸਰਕਾਰ ਦੇ ਪ੍ਰਧਾਨ ਸਲਵਾਡੋਰ ਅਲੈਂਡੇ ਦਾ ਸੀ ਆਈ ਏ ਦੀ ਸਹਾਇਤਾ ਨਾਲ ਤਖਤਾ ਉਲਟਾ ਕੇ ਰਾਜ ਸੱਤਾ ਵਿਚ ਆਇਆ ਸੀ।

## ਮਲਰੂਨੀ ਨੂੰ ਰੇਗਨ ਦੀ ਮਿਤਰਤਾ ਪਿਆਰੀ

ਟਰਾਂਟੋ — ਖ਼ਬਰ ਹੈ ਕਿ ਕੈਨੇਡਾ ਦੀ ਐਨ. ਡੀ. ਪੀ. ਦੀ ਪਾਰਟੀ ਦੇ ਆਗੂ ਮਿਸਟਰ ਬਰਾਡਬੈਂਟ ਨੇ ਏਥੇ 'ਵਾਤਾਵਰਨਵਾਦੀ' 250 ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਮਲਰੂਨੀ ਨੂੰ ਕੈਨੇਡਾ ਨਾਲ ਅਮਰੀਕਨ ਪ੍ਰਧਾਨ ਰੇਗਨ ਮਿਤਰਤਾ ਵਧੇਰੇ ਪਿਆਰੀ ਹੈ।

ਸ੍ਰੀ ਬਰਾਡਬੈਂਟ ਕੈਨੇਡਾ ਵਿਚ 'ਪਲੂਸ਼ਨ' ਅਤੇ 'ਏਸਡ ਰੇਨ' ਦੀ ਗੰਭੀਰ ਸੱਮਸਿਆ ਦੇ ਸੰਬੰਧ ਵਿਚ ਬੋਲ ਰਹੇ ਸਨ।

ਪ੍ਰਧਾਨ ਮੰਤਰੀ ਨੇ ਖੇਤੀਬਾੜੀ ਅਤੇ ਫਰੀ ਟਰੇਡ ਦੇ ਮਸਲੇ ਉਪਰ ਪੱਤਰਕਾਰਾਂ ਦੇ ਸਵਾਲਾਂ ਦੇ ਜੁਆਬ ਦੇਣ ਤੋਂ ਇਨਕਾਰ ਕੀਤਾ ਹੋਇਆ ਹੈ।

## ਪੰਜ ਮਾਰਕਸਵਾਦੀ ਕਤਲ ਕਰ ਦਿੱਤੇ ਗਏ

ਅਗਰਤਲਾ — ਏਥੇ ਖ਼ਬਰ ਪੁੱਜੀ ਹੈ ਕਿ ਤਿਰੀਪੁਰਾ ਦੀ ਰਾਜਧਾਨੀ ਅਗਰਤਲਾ ਵਿਚ ਜਦੋਂ ਸੀ. ਪੀ. ਆਈ (ਮ) ਦੇ ਵਰਕਰ ਇਕ ਜਲੂਸ ਕੱਢੀ ਜਾ ਰਹੇ ਸਨ ਤਾਂ ਇੰਦਰਾ ਕਾਂਗਰਸ ਪਾਰਟੀ ਦੇ ਮੈਂਬਰਾਂ ਨੇ ਇਕ ਇਕੱਠ ਆਪਣੇ ਦਫਤਰ ਵਿਚ ਕੀਤਾ। ਜਿਥੋਂ ਉਨ੍ਹਾਂ ਜਲੂਸ ਉਪਰ ਹਮਲਾ ਕਰ ਦਿੱਤਾ। ਪਤਾ ਲੱਗਾ ਹੈ ਕਿ ਪੁਲਸ ਨੇ ਪਹਿਲਾਂ ਕੋਈ ਕਾਰਵਾਈ ਨਾ ਕੀਤੀ ਫਿਰ ਹਵਾ ਵਿਚ ਦੋ ਗੋਲੀਆਂ ਚਲਾਈਆਂ। ਕਾਂਗਰਸੀਆਂ ਨੇ ਜੋ ਮਾਰੂ ਹਥਿਆਰਾਂ ਨਾਲ ਲੈਸ ਸਨ ਪੰਜ ਮਾਰਕਸੀ ਕਮਿਊਨਿਸਟਾਂ ਨੂੰ ਕਤਲ ਕਰ ਦਿੱਤਾ ਅਤੇ ਕਾਫੀ ਗਿਣਤੀ ਵਿਚ ਜ਼ਖਮੀ ਕਰ ਦਿੱਤਾ।

ਯਾਦ ਰਹੇ ਪਹਿਲਾਂ ਤਿਰੀਪੁਰਾ ਵਿਚ ਦਸ ਸਾਲ ਮਾਰਕਸੀ ਪਾਰਟੀ ਦੀ ਅਗਵਾਈ ਵਿਚ ਖੱਬੇ ਫਰੰਟ ਦੀ ਸਰਕਾਰ ਸੀ ਜੋ ਕਿ ਪਿਛਲੇ ਸਾਲ ਚੋਣਾਂ ਸਮੇਂ ਕੇਂਦਰ ਵਲੋਂ ਫੌਜ ਭੇਜਣ ਅਤੇ ਚੋਣ ਸਟੇਸ਼ਨਾਂ ਉਪਰ ਕਾਂਗਰਸੀਆਂ ਦੇ ਕਬਜ਼ੇ ਕਰ ਲਏ ਜਾਣ ਪਿਛੋਂ ਪਰਚੀਆਂ ਵਿਚ ਧਾਂਦਲੀਆਂ ਕਰਨ ਦੇ ਕਾਰਨ ਚੋਣ ਹਾਰ ਗਈ ਸੀ। ਇਹ ਵੀ ਪਤਾ ਲੱਗਾ ਹੈ ਕਿ ਇਸ ਲੜਾਈ ਵਿਚ ਇਕ ਕਾਂਗਰਸੀ ਮੈਂਬਰ ਵੀ ਉਨ੍ਹਾਂ ਦੇ ਹਥਿਆਰਬੰਦ ਸਮਰਥਕਾਂ ਕੋਲੋਂ ਮਾਰਿਆ ਗਿਆ ਹੈ।

## ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲੋਂ ਹੜ੍ਹਾਂ ਮਾਰੇ ਇਲਾਕਿਆਂ ਦਾ ਦੌਰਾ

### ਇਕ ਅਰਬ ਰੁਪਏ ਦੀ ਸਹਾਇਤਾ ਦਾ ਐਲਾਨ



ਚੰਡੀਗੜ੍ਹ — ਖਬਰ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਜੰਮੂ-ਕਸ਼ਮੀਰ ਦੇ ਹੜ੍ਹ ਮਾਰੇ ਇਲਾਕਿਆਂ ਦਾ ਤਿੰਨ ਦਿਨਾਂ ਦੌਰਾ ਕੀਤਾ ਹੈ। ਸ੍ਰੀ ਗਾਂਧੀ ਇਕ ਰਾਤ ਚੰਡੀਗੜ੍ਹ ਵੀ ਠਹਿਰੇ। ਉਨ੍ਹਾਂ ਹੜ੍ਹ ਮਾਰੇ ਇਲਾਕਿਆਂ ਦਾ ਦੌਰਾ ਕਰਨ ਸਮੇਂ ਸਹਾਇਤਾ ਲਈ ਇਕ ਅਰਬ ਰੁਪਏ ਦੇ ਕਰੀਬ ਰਕਮ ਦਾ ਐਲਾਨ ਕੀਤਾ। ਇਸ ਸਹਾਇਤਾ ਨਾਲ ਲੋਕਾਂ ਨੂੰ ਮੁਢਲੀਆਂ ਲੋੜਾਂ, ਖੁਰਾਕ, ਕੱਪੜੇ, ਕੰਬਲ, ਦੁਆਈਆਂ ਆਦਿ ਦਿੱਤੇ ਜਾਣਗੇ।

ਪਤਾ ਲੱਗਾ ਹੈ ਕਿ ਗੁਰਦਾਸਪੁਰ ਜ਼ਿਲੇ ਦਾ ਬੜਾ ਨੁਕਸਾਨ ਹੋਇਆ ਹੈ ਇਕ ਅੰਦਾਜ਼ੇ ਅਨੁਸਾਰ ਇਸ ਜ਼ਿਲੇ ਵਿਚ 200 ਤੋਂ ਵੱਧ ਲੋਕਾਂ ਦੀਆਂ ਮੌਤਾਂ ਤੇ ਹਜ਼ਾਰਾਂ ਡੰਗਰ ਮਾਰੇ ਗਏ ਹਨ। ਇਹ ਵੀ ਪਤਾ ਲੱਗਾ ਹੈ ਕਿ ਘਰਾਂ ਅਤੇ ਫਸਲਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਜ਼ਿਲੇ ਵਿਚ ਛੇ ਲੱਖ ਲੋਕ ਹੜ੍ਹਾਂ ਦੀ ਮਾਰ ਹੇਠ ਆਏ ਹਨ।

ਹਰਿਆਣੇ ਵਿਚ ਡੇਢ ਲੱਖ ਏਕੜ ਦੇ ਕਰੀਬ ਚੌਲਾਂ ਦੀ ਫਸਲ ਮਾਰੀ ਗਈ ਹੈ। ਹਿਸਾਰ ਤੋਂ ਬਠਿੰਡੇ ਜਾਣ ਵਾਲੀ ਰੇਲ ਦੀ ਲਾਈਨ ਅਤੇ ਸੜਕ ਅਜੇ ਤੱਕ ਪਾਣੀ ਵਿਚ ਡੁੱਬੀ ਹੋਈ ਹੋਣ ਕਾਰਨ ਰੇਲਾਂ ਦਾ ਆਉਣਾ ਜਾਣਾ ਬੰਦ ਹੈ।

ਸ੍ਰੀ ਰਾਜੀਵ ਗਾਂਧੀ ਨੇ ਚੰਡੀਗੜ੍ਹ ਵਿਚ ਹੜ੍ਹਾਂ ਵਿਚ ਸਹਾਇਤਾ ਦੇ ਸੰਬੰਧ ਵਿਚ ਉਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਕਿ ਸਹਾਇਤਾ ਦਾ ਕੰਮ ਤੇਜ਼ ਕਰ ਦਿੱਤਾ ਜਾਵੇ।

L/R **LAKEVIEW** REALTY LTD. DELTA **590-3231**

7909 SCOTT RD. DELTA

# ਸੇਲ 'ਤੇ ਹੈ

- ਸਰੀ ਵਿਚ ਗੁਰਦੁਆਰੇ ਦੇ ਨੇੜੇ 21 ਲਾਟਾਂ ਦੀ ਸਬ ਡਵੀਜ਼ਨ ਜਿਥੇ ਤੁਸੀਂ ਮਨ ਪਸੰਦ ਦਾ ਘਰ ਬਣਵਾ ਸਕਦੇ ਹੋ।
- 46 ਏਕੜ ਦਾ ਫਾਰਮ ਜਿਸ ਵਿਚ 3 ਬੈਡ ਰੂਮ ਦਾ ਘਰ ਹੈ ਤੇ ਹੋਰ ਬਹੁਤ ਕੁਝ ਦੋ ਵੱਡੇ ਸ਼ੈਡ ਇਕ ਬਾਰਨ, ਇਹ ਜ਼ਮੀਨ ਬਲੂ ਬੇਰੀ ਵਾਸਤੇ ਬਹੁਤ ਅੱਛੀ ਹੈ ਅਤੇ ਕਿੰਗ ਜਾਰਜ ਹਾਈਵੇ ਦੇ ਉਪਰ ਹੈ।
- ਸਰੀ ਵਿਚ ਤਿੰਨ ਬੈਡ ਰੂਮ ਦਾ ਬੇਸਮੈਂਟ ਵਾਲਾ ਘਰ ਜੋ ਕਿ ਨਵੇਂ ਬਰਿਜ ਤੇ ਗੁਰਦੁਆਰੇ ਦੇ ਨੇੜੇ ਹੈ
- ਦੋ ਏਕੜ ਜ਼ਮੀਨ ਜਿਸ ਵਿਚ ਘਰ ਵੀ ਹੈ, ਜਿਸ ਦੀਆਂ ਲਾਟਾਂ ਵੀ ਬਣ ਸਕਦੀਆਂ ਹਨ।
- 9 ਯੂਨਿਟ ਦੀ ਟਾਊਨ ਹਾਊਸ ਵਾਸਤੇ ਜਗ੍ਹਾ ਜਿਸ ਵਿਚ ਘਰ ਵੀ ਹੈ

ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਦਲਜੀਤ ਸਿੰਘ ਤੂਰ** ਘਰ : 594-7629 ਦਫ਼ਤਰ : 590-3231

ਸਿੱਧਾ ਪੇਜਰ : 645-9504



***After An Auto Accident, Call On Experience:***

# Bernard Simpson And Company

**Lawyers**

Practice **RESTRICTED** to **INJURIES CAUSED BY CAR ACCIDENTS**

ICBC Claims

*No charge for initial consultation*

*Translation Services Available*

ਦੁਭਾਸ਼ੀਏ ਦੀਆਂ ਸੇਵਾਵਾਂ ਵੀ ਹਨ

**Call collect**
*24 Hour Calls*

**Ph. 734-2272**

ਤੁਹਾਡੇ ਕਲੇਮ ਦੇ ਦੌਰਾਨ ਅਸੀਂ ਸਾਰੇ ਖਰਚੇ ਦਿੰਦੇ ਹਾਂ
ਤੁਹਾਡੇ ਲਈ ਇਹ ਜ਼ਰੂਰੀ ਨਹੀਂ ਕਿ ਕੇਸ ਦੇ ਖਤਮ ਹੋਣ ਤੱਕ
ਤੁਸੀਂ ਅਦਾਇਗੀ ਕਰੋਂ

- ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
- ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

**Situated In the B.C. Automobile Association Building**

**Ste. 750, 999 West Broadway**
**Vancouver, B.C. V5Z 1K5**

# ਵੀ. ਪੀ. ਸਿੰਘ ਦੀ ਅਗਵਾਈ ਵਿਚ ਚਾਰ ਪਾਰਟੀ ਵਲੋਂ ਮਿਲ ਕੇ ਨਵੀਂ ਪਾਰਟੀ ਕਾਇਮ

ਬੰਗਲੌਰ — ਇਥੇ 11 ਅਕਤੂਬਰ 1988 ਨੂੰ ਭਾਰਤ ਦੀਆਂ ਚਾਰ ਰਾਜਨੀਤਕ ਪਾਰਟੀਆਂ ਲੋਕਦਲ, ਜਨਤਾ, ਕਾਂਗਰਸ (ਸ) ਅਤੇ ਜਨ ਮੋਰਚਾ ਨੇ ਆਪਣੇ ਆਪ ਨੂੰ ਇਕ 'ਜਨਤਾ ਦਲ' ਨਾਂ ਦੀ ਨਵੀਂ ਪਾਰਟੀ ਵਿਚ ਮਿਲਾ ਦਿੱਤਾ ਹੈ। ਚੌਹਾਂ ਪਾਰਟੀਆਂ ਨੇ ਸਰਬ ਸੰਮਤੀ ਨਾਲ ਸ੍ਰੀ ਵੀ ਪੀ ਸਿੰਘ ਨੂੰ ਨਵੀਂ ਪਾਰਟੀ ਦਾ ਪ੍ਰਧਾਨ ਚੁਣ ਲਿਆ ਹੈ। ਉਨ੍ਹਾਂ ਨੂੰ ਪ੍ਰਧਾਨ ਬਣਾਉਣ ਦਾ ਮਤਾ ਕਰਨਾਟਕ ਦੇ ਸਾਬਕਾ ਮੁਖ ਮੰਤਰੀ ਸ੍ਰੀ ਰਾਮ ਕ੍ਰਿਸ਼ਨ ਹੈਗੜੇ ਨੇ ਪੇਸ਼ ਕੀਤਾ। ਨਵੀਂ ਪਾਰਟੀ ਦੀ ਸਟੀਰਿੰਗ ਕਮੇਟੀ ਦੇ ਪ੍ਰਧਾਨ ਵੀ ਸ੍ਰੀ ਸਿੰਘ ਹੀ ਹੋਣਗੇ।

ਚਾਰੇ ਪਾਰਟੀਆਂ ਦੇ ਆਗੂਆਂ ਨੇ ਇਹ ਫੈਸਲਾ ਲੰਬੀ ਚੌੜੀ ਵਿਚਾਰ ਕਰਨ ਪਿਛੋਂ ਕੀਤਾ ਹੈ ਕਿ ਉਨ੍ਹਾਂ ਦੀ ਨਵੀਂ ਪਾਰਟੀ ਕਾਂਗਰਸ ਪਾਰਟੀ ਨੂੰ ਆਉਂਦੀਆਂ ਚੋਣਾਂ ਵਿਚ ਵੰਗਾਰੇਗੀ।

ਜਨਤਾ ਦਲ ਦੀ ਸਥਾਪਨਾ ਸੰਬੰਧੀ ਕੀਤੇ ਗਏ ਇਸ ਸੰਮੇਲਨ ਵਿਚ ਸ੍ਰੀ ਵੀ ਪੀ ਸਿੰਘ ਨੂੰ ਇਹ ਅਧਿਕਾਰ ਵੀ ਦੇ ਦਿੱਤਾ ਗਿਆ ਕਿ ਉਹ ਜਨਤਾ ਦਲ ਦੇ ਅਹੁਦੇ ਨੂੰ ਨਾਮਜਦ ਕਰ ਸਕਦੇ ਹਨ। ਇਹ ਵੀ ਫੈਸਲਾ ਕੀਤਾ ਗਿਆ ਕਿ ਨਵੀਂ ਪਾਰਟੀ ਦਾ ਉਹ ਹੀ ਵਿਧਾਨ ਹੋਵੇਗਾ ਜੋ ਜਨਤਾ ਪਾਰਟੀ ਦਾ ਵਿਧਾਨ ਸੀ।

ਦੱਸਿਆ ਗਿਆ ਹੈ ਕਿ ਚਾਰੇ ਪਾਰਟੀਆਂ ਨੂੰ ਨਵੀਂ ਪਾਰਟੀ ਵਿਚ ਸ਼ਾਮਲ ਕਰਨ ਸੰਬੰਧੀ, ਉਨ੍ਹਾਂ ਦੇ ਆਪੋ ਆਪਣੀਆਂ ਪਾਰਟੀਆਂ ਵਿਚ ਬਾਕਾਇਦਾ ਮਤੇ ਪਾਸ ਕਰਨ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਪਾਰਟੀ ਦਾ ਝੰਡਾ ਹਰੇ ਰੰਗ ਦਾ ਹੋਵੇਗਾ ਜਿਸ ਵਿਚ ਪਾਰਟੀ ਦਾ ਚੋਣ ਨਿਸ਼ਾਨ ਚਿੱਟੇ ਰੰਗ ਵਿਚ ਅੰਕਤ ਕੀਤਾ ਜਾਵੇਗਾ।

ਜਨਤਾ ਦਲ ਦੀ ਕਾਇਮੀ ਲਈ ਜਿਸ ਵੱਡੀ ਸਟੇਜ ਤੋਂ ਐਲਾਨ ਕੀਤਾ ਗਿਆ ਉਹ ਮਹਾਤਮਾ ਗਾਂਧੀ ਅਤੇ ਸ੍ਰੀ ਜੈ ਪ੍ਰਕਾਸ਼ ਨਰਾਇਣ ਦੇ ਵੱਡੇ ਵੱਡੇ ਚਿੱਤਰਾਂ ਨਾਲ ਸਜਾਇਆ ਗਿਆ ਸੀ। ਪਾਰਟੀ ਆਪਣੇ ਆਪ ਨੂੰ.

ਸਾਧ ਮਾਰਗੀ ਭਾਵ ਨਾ ਸੱਜੇ ਨਾ ਖੱਬੇ ਦੀ ਪਾਰਟੀ ਹੋਣ ਦਾ ਦਾਅਵਾ ਕਰ ਰਹੀ ਹੈ

ਇਹ ਗੱਲ ਵਿਸ਼ੇਸ਼ ਰੂਪ ਵਿਚ ਧਿਆਨ ਵਿਚ ਆਉਂਦੀ ਹੈ ਕਿ ਨਵੀਂ ਪਾਰਟੀ ਦੀ ਕਾਇਮੀ ਦਾ ਐਲਾਨ ਦਿੱਲੀ ਦੀ ਥਾਂ ਉਪਰ ਜਨਤਾ ਪਾਰਟੀ ਨੇ ਚਾਰ ਸਾਲਾਂ ਤੋਂ ਚਲੇ ਆ ਰਹੇ ਰਾਜ ਕਰਨਾਟਕ ਦੀ ਰਾਜਧਾਨੀ ਬੰਗਲੋਰ ਨੂੰ ਜਾਣਬੁੱਝ ਕੇ ਚੁਣਿਆ ਗਿਆ ਹੈ।

ਕਰਨਾਟਕ ਦੇ ਮੁਖ ਮੰਤਰੀ ਨੇ ਜਨਤਾ ਦਲ ਦੀ ਸਥਾਪਨਾ ਨੂੰ ਇਕ ਇਤਿਹਾਸਕ ਘਟਨਾ ਕਿਹਾ ਹੈ। ਉਨ੍ਹਾਂ ਕਿਹਾ ਹੈ ਕਿ ਕਿਹਾ ਜਾ ਸਕਦਾ ਹੈ ਕਿ ਚਾਰ ਪਾਰਟੀਆਂ ਨੇ ਇਕ ਹੋ ਕੇ ਦਿੱਲੀ ਦੇ ਤਖਤ ਉਪਰ ਕਬਜ਼ਾ ਕਰਨ ਲਈ ਪਹਿਲਾ ਕਦਮ ਪੁੱਟਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਇਸ ਸਮੇਂ ਅਤੀ ਸੰਕਟ ਵਿਚੋਂ ਲੰਘ ਰਿਹਾ ਹੈ ਕਿ ਰਾਜੀਵ ਸਰਕਾਰ ਦੇ ਕਾਰਨ ਪੰਜਾਬ ਦੀ ਸਮੱਸਿਆ, ਆਰਥਿਕ ਸੰਕਟ, ਸ੍ਰੀ ਲੰਕਾ ਵਿਚ ਤਾਮਲਾਂ ਦੀ ਸਮੱਸਿਆ, ਕਾਨੂੰਨ ਦੀ ਵਿਗੜਦੀ ਹੋਈ ਹਾਲਤ ਦੇ ਕਾਰਨ ਦੇਸ਼ ਦੀ ਏਕਤਾ ਅਤੇ ਅਖੰਡਤਾ ਵੱਡਾ ਖਤਰਾ ਪੈਦਾ ਹੋ ਗਿਆ ਹੈ।

ਸਾਬਕਾ ਰੇਲ ਮੰਤਰੀ ਸ੍ਰੀ ਮਧੂ ਦੰਡਵਤੇ ਨੇ ਕਿਹਾ ਹੈ ਕਿ ਚਾਰੇ ਪਾਰਟੀਆਂ ਵਿਚਕਾਰ ਮਤਭੇਦਾਂ ਦੇ ਬਾਵਜੂਦ, ਚਾਰਾਂ ਪਾਰਟੀਆਂ ਵਿਚ ਸਹਿਯੋਗ ਦੀ ਭਾਵਨਾ ਨੇ ਨਵੀਂ ਪਾਰਟੀ ਨੂੰ ਹੋਂਦ ਵਿਚ ਲਿਆਉਣਾ ਸੰਭਵ ਬਣਾ ਦਿੱਤਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਸ ਨਵੀਂ ਪਾਰਟੀ ਦੀ ਸਥਾਪਨਾ ਤੋਂ ਪਿਛੋਂ ਇਹ ਅਗਲੀਆਂ ਚੋਣਾਂ ਦੀ ਤਿਆਰੀ ਵਿਚ ਸਰਗਰਮ ਹੋ ਜਾਵੇਗੀ। ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਅਗਲੀਆਂ ਚੋਣਾਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਚੋਣਾਂ ਕਰਾਉਣ ਦਾ ਐਲਾਨ ਕਰ ਦੇਣ। ਅਗਲੀਆਂ ਚੋਣਾਂ 14 ਮਹੀਨੇ ਤੱਕ ਕਰਾਈਆਂ ਜਾ ਸਕਦੀਆਂ ਹਨ।

## 'ਯਮਲਾ ਜੱਟ' ਦੀ ਮਾਤਾ ਦਾ ਦੇਹਾਂਤ

ਲੁਧਿਆਣਾ — ਪੰਜਾਬੀ ਦੇ ਉਘੇ ਗਾਇਕ ਸ੍ਰੀ ਲਾਲ ਚੰਦ ਯਮਲਾ ਜੱਟ ਦੀ ਪੂਜਨੀਕ ਮਾਤਾ ਸ੍ਰੀਮਤੀ ਹਰਨਾਮ ਕੌਰ ਉਮਰ 115 ਸਾਲ ਦੀ ਉਹਨਾਂ ਦੇ ਨਿਵਾਸ ਸਥਾਨ ਜਵਾਹਰ ਨਗਰ ਵਿਖੇ ਲੰਬੀ ਬਿਮਾਰੀ ਬਾਅਦ ਮੌਤ ਹੋ ਗਈ ਹੈ।

## 15 ਤੋਂ 17 ਅਕਤੂਬਰ ਤੱਕ 14 ਦਾ ਕਤਲ

ਚੰਡੀਗੜ੍ਹ — ਖਬਰ ਹੈ ਕਿ ਖਾਲਿਸਤਾਨੀ-ਅਤਿਵਾਦੀਆਂ ਨੇ 48 ਘੰਟਿਆਂ ਵਿਚ 14 ਲੋਕਾਂ ਦਾ ਕਤਲ ਕਰ ਦਿੱਤਾ ਹੈ। ਅਤਿਵਾਦੀਆਂ ਨੇ ਲੁਧਿਆਣੇ ਵਿਚ ਇਕ ਟਰੱਕ ਦੇ ਕੰਡਕਟਰ ਨੂੰ ਅਗਵਾ ਕਰ ਲਿਆ ਹੈ। ਲੁਧਿਆਣੇ ਦੇ ਹੀ ਪਿੰਡ ਗਿੱਦੜ ਪਿੰਡ ਵਿਚ ਦੋ ਅਤਿਵਾਦੀ ਪੁਲਸ ਨਾਲ ਇਕ ਝੜਪ ਵਿਚ ਮਾਰੇ ਗਏ ਅਤੇ ਦੋ ਭੱਜ ਗਏ। ਅਤਿਵਾਦੀਆਂ ਨੇ ਪੁਲਸ ਦੀ ਗਸ਼ਤੀ ਟੁਕੜੀ ਉਪਰ ਪਹਿਲਾਂ ਗੋਲੀ ਚਲਾਈ ਪਰ ਪੁਲਸ ਨੇ ਮੋਰਚੇ ਸੰਭਾਲ ਲਏ। ਹੋਰਾਂ ਵੱਖ ਵੱਖ ਥਾਵਾਂ ਉਪਰ ਦਸ ਕਤਲ ਕੀਤੇ ਗਏ ਹਨ।

### ਛਪਦੇ ਛਪਦੇ .......

ਦਾਰਜੀਲਿੰਗ ਵਿਚ ਗੋਰਖਾਲੈਂਡੀਆਂ ਦਾ ਸਰਕਾਰ ਨੂੰ ਹਥਿਆਰ ਸਮਰਪਨ ਕਰਨ ਦਾ ਇਤਿਹਾਸਕ ਕੰਮ ਸਮਾਪਤ। 10,000 ਤੋਂ ਵੱਧ ਗੋਰਖਾਲੈਂਡੀਆਂ ਅਤੇ ਢਾਈ ਹਜ਼ਾਰ ਸੀ ਪੀ ਐਮ ਵਰਕਰਾਂ ਨੇ ਵੀ ਹਥਿਆਰ ਜਮ੍ਹਾਂ ਕਰਵਾਏ ਜੋ ਗੋਰਖਾਲੈਂਡੀਆਂ ਨਾਲ ਡਟ ਕੇ ਟੱਕਰ ਲੈ ਰਹੇ ਸਨ।

## ਭਾਰਤ ਵਿਚ ਰੀਕਾਰਡ ਤੋੜ ਅਨਾਜ ਪੈਦਾਵਾਰ

ਨਵੀਂ ਦਿੱਲੀ — ਖਬਰ ਹੈ ਕਿ ਏਥੇ ਭਾਰਤ ਦੇ ਖੇਤੀਬਾੜੀ ਦੇ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਸਾਲ ਭਾਰਤ ਵਿਚ ਰੀਕਾਰਡ ਤੋੜ ਅਨਾਜ ਦੀ ਪੈਦਾਵਾਰ ਹੋਵੇਗੀ। ਉਨ੍ਹਾਂ ਕਿਹਾ ਕਿ ਪਿਛਲਾ ਉਚਾ ਰਿਕਾਰਡ 1980 ਦਾ ਹੈ

## ਰਹਿੰਦੇ ਯੋਧਪੁਰ ਦੇ ਬੰਦੀਆਂ ਦੀ ਰਿਹਾਈ ਦਾ ਹੁਕਮ ਦਿਓ !

ਨਵੀਂ ਦਿੱਲੀ — ਖਬਰ ਹੈ ਕਿ ਸੁਪਰੀਮ ਕੋਰਟ ਦੇ ਇਕ ਸਾਬਕਾ ਜੱਜ ਵਾਈ ਆਰ ਕ੍ਰਿਸ਼ਨਾ ਅਈਅਰ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਇਕ ਖਤ ਲਿਖਕੇ ਮੰਗ ਕੀਤੀ ਹੈ ਕਿ ਜੋਧਪੁਰ ਵਿਚ ਰਹਿੰਦੇ ਕੈਦੀਆਂ ਨੂੰ ਤੁਰਤ ਰਿਹਾ ਕੀਤਾ ਜਾਵੇ। ਸਾਬਕਾ ਜੱਜ ਨੇ ਕਿਹਾ ਹੈ ਕਿ ਇਹ ਆਮ ਮਨੁੱਖ ਦੀ ਆਜ਼ਾਦੀ ਕੁਚਲਣ ਦਾ ਅਜਿਹਾ ਦੋਸ਼ ਹੈ ਜਿਸ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ। ਉਸ ਨੇ ਕਿਹਾ ਹੈ ਕਿ ਸਰਕਾਰ ਨੇ ਇਸ ਸੰਬੰਧ ਵਿਚ ਜੋ ਕਲੰਕ ਮੁੱਲ ਲਿਆ ਹੈ ਉਸ ਨੂੰ ਮਿਟਾਇਆ ਨਹੀਂ ਜਾ ਸਕਦਾ।

ਸ੍ਰੀ ਅਈਅਰ ਨੇ ਇਹ ਮੰਗ ਵੀ ਕੀਤੀ ਹੈ ਕਿ ਦਿੱਲੀ ਦੰਗਿਆਂ ਦੇ ਦੋਸ਼ੀਆਂ ਉਪਰ ਤੁਰਤ ਮੁਕੱਦਮਾ ਚਲਾਇਆ ਜਾਵੇ।

## ਦੋ ਨਕਸਲੀਆਂ ਨੇ ਆਤਮ ਸਮਰਪਨ ਕਰ ਦਿੱਤਾ

ਵਿਜੈਵਾੜਾ — ਖਬਰ ਹੈ ਕਿ ਆਂਧਰਾ ਪ੍ਰਦੇਸ਼ ਦੇ 'ਪੀਪਲਜ਼ ਵਾਰ' ਗਰੁਪ ਦੇ ਦੋ ਚੋਟੀ ਦੇ ਨਕਸਲੀ ਆਗੂਆਂ ਨੇ ਵਿਜੈਵਾੜਾ ਦੇ ਪੁਲਸ ਸਟੇਸ਼ਨ ਜਾ ਕੇ ਆਤਮ ਸਮਰਪਨ ਕਰ ਦਿੱਤਾ। ਉਨ੍ਹਾਂ ਆਪਣੇ ਹਥਿਆਰ ਅਧਿਕਾਰੀਆਂ ਦੇ ਹਵਾਲੇ ਕਰ ਦਿੱਤੇ। ਰਾਜ ਦੇ ਦੂਜੇ ਭਾਗਾਂ ਵਿਚ ਨਕਸਲੀਆਂ ਦੀਆਂ ਦਹਿਸ਼ਤਗਰਦ ਕਾਰਵਾਈਆਂ ਹਾਲੇ ਜਾਰੀ ਹੀ ਹਨ। ਪਤਾ ਲੱਗਾ ਹੈ ਕਿ ਗੰਤੂਰ ਅਤੇ ਗੁਦਾਵਰੀ ਜ਼ਿਲਿਆਂ ਵਿਚ ਏਸੇ ਗਰੁਪ ਦੇ ਲੋਕਾਂ ਨੇ ਰਾਜ ਸਰਕਾਰ ਦੀਆਂ ਤਿੰਨ ਬੱਸਾਂ ਨੂੰ ਅੱਗ ਲਾ ਕੇ ਫੂਕ ਦਿੱਤਾ ਅਤੇ ਕੰਡਕਟਰ ਤੋਂ ਨਕਦੀ ਲੈ ਕੇ ਭੱਜ ਗਏ।

## ਸੋਨੇ ਦਾ ਰੇਟ

512 ਡਾਲਰ ਕੈਨੇਡੀਅਨ (ਇਕ ਔਂਸ)
206 ਡਾਲਰ ਕੈਨੇਡੀਅਨ (12 ਗ੍ਰਾਮ)
177 ਡਾਲਰ ਕੈਨੇਡੀਅਨ (10 ਗ੍ਰਾਮ)
(ਏ. ਸੀ. ਜਿਊਲਰਜ਼ ਦੇ ਧੰਨਵਾਦ ਸਹਿਤ — ਫ਼ੋਨ 588-5808)

## 1000 ਰੁਪਏ ਦਾ ਰੇਟ

84 ਕੈਨੇਡੀਅਨ ਡਾਲਰ
(ਸਟੇਟ ਬੈਂਕ ਆਫ਼ ਇੰਡੀਆ ਦੇ ਧੰਨਵਾਦ ਸਹਿਤ — 681-3428)

## ਸ੍ਰੀਲੰਕਾ ਵਿਚ ਰਹਿ ਰਹੇ ਭਾਰਤੀਆਂ ਨੂੰ ਸਿਟੀਜਨਸ਼ਿਪ

ਕੋਲੰਬੋ — ਇਥੇ ਖਬਰ ਪੁਜੀ ਹੈ ਕਿ ਸ੍ਰੀ ਲੰਕਾ ਦੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਸ੍ਰੀ ਲੰਕਾ ਵਿਚ ਰਹਿ ਰਹੇ ਭਾਰਤੀ ਮੂਲ ਦੇ ਲੋਕਾਂ ਨੂੰ ਇਕੱਠਿਆਂ ਹੀ ਸਿਟੀਜ਼ਨਸ਼ਿਪ ਮਿਲ ਜਾਵੇਗੀ। ਇਸ ਨਾਲ ਇਕ ਵੱਡੀ ਸਮੱਸਿਆ ਦਾ ਹੱਲ ਹੋ ਜਾਵੇਗਾ। ਸਿਟੀਜਨਸ਼ਿਪ ਬਾਰੇ ਇਕ ਬਿੱਲ ਛੇਤੀ ਹੀ ਪਾਰਲੀਮੈਂਟ ਵਿਚ ਪੇਸ਼ ਕਰਕੇ ਕਾਨੂੰਨ ਬਣਾ ਦਿੱਤਾ ਜਾਵੇਗਾ। ਸਰਕਾਰ ਦੇ ਇਸ ਐਲਾਨ ਨਾਲ ਦੋ ਲੱਖ ਪੈਂਤੀ ਹਜ਼ਾਰ ਲੋਕ ਸ੍ਰੀਲੰਕਾ ਦੇ ਸ਼ਹਿਰੀ ਬਣ ਜਾਣਗੇ। ਇਨ੍ਹਾਂ ਵਿਚ ਬਹੁਤ ਚਾਹ ਬਾਗਾਂ ਵਿਚ ਕੰਮ ਕਰਦੇ ਹਨ।

## 'ਕੈਨੇਡਾ ਦਰਪਣ' ਹਰ ਬੁੱਧਵਾਰ ਨੂੰ

ਇਸ ਅੰਕ ਤੋਂ 'ਕੈਨੇਡਾ ਦਰਪਣ' ਮੁੜ ਹਫਤਾਵਾਰੀ ਹੋ ਗਿਆ ਹੈ। ਪਰਚਾ ਹਰ ਬੁੱਧਵਾਰ ਨੂੰ ਸਟੋਰਾਂ ਉਤੇ ਮਿਲ ਸਕੇਗਾ। ਵਪਾਰੀ ਸੱਜਣਾਂ ਕੋਲ ਬੇਨਤੀ ਹੈ ਕਿ ਆਪਣੀਆਂ ਐਡਾਂ ਸੋਮਵਾਰ ਸ਼ਾਮ ਤੱਕ ਪਹੁੰਚਾਉਣ ਦੀ ਖੇਚਲ ਕਰਨ। ਇਸ ਤੋਂ ਪਿਛੋਂ ਮਿਲੀ ਐਡ ਅਗਲੇ ਹਫਤੇ ਹੀ ਛਾਪੀ ਜਾ ਸਕੇਗੀ। ਜਿਨ੍ਹਾਂ ਸਟੋਰਾਂ ਤੋਂ ਪਰਚਾ ਮਿਲਦਾ ਹੈ ਉਨ੍ਹਾਂ ਦੀ ਲਿਸਟ ਇਸ ਪ੍ਰਕਾਰ ਹੈ :

**ਵੈਨਕੂਵਰ — ਪੰਜਾਬੀ ਮਾਰਕਿਟ**

ਬੰਬੇ ਸਵੀਟਸ - ਮੇਨ ਸਟਰੀਟ, ਮਾਨ ਮਿਊਜ਼ਕ - ਮੇਨ ਸਟਰੀਟ, ਆਲ ਇੰਡੀਆ ਫੂਡਜ਼ ਸੈਂਟਰ - ਮੇਨ ਸਟਰੀਟ, ਮਾਈਕਲ ਫੂਡਜ਼ - ਮੇਨ ਸਟਰੀਟ, ਐਸ ਐਂਡ ਐਸ ਇੰਨਸ਼ੋਰੈਂਸ - ਮੇਨ ਸਟਰੀਟ, ਸ਼ਾਨ ਸਾੜ੍ਹੀਜ਼ - ਮੇਨ ਸਟਰੀਟ, ਗੁਰੂ ਬਾਜ਼ਾਰ - ਮੇਨ ਸਟਰੀਟ, ਕੰਵਲ ਗਿਫਟਸ - ਮੇਨ ਸਟਰੀਟ, ਮਾਈਕਲ ਫੂਡਜ਼ - 26 ਐਵੇਨਿਊ ਤੇ ਮੇਨ ਸਟਰੀਟ)

**ਫਰੇਜ਼ਰ ਸਟਰੀਟ**

ਫਾਈਵ ਰਿਵਰ ਫਿਸ਼ ਐਂਡ ਚਿਪਸ, ਰੇਕੋ ਸਾੜ੍ਹੀਜ਼, ਅਸ਼ੋਕਾ ਟਰੇਡਿੰਗ, ਇੰਟਰਨੈਸ਼ਨਲ ਗਰੋਸਰੀ ਸਟੋਰ, ਗੋਇਲ ਵੀਡੀਓਜ਼

**ਵਿਕਟੋਰੀਆ ਡਰਾਈਵ**

ਅੰਬੀਕਾ ਫੂਡਜ਼, ਪੈਰਾਡਾਈਜ਼ ਵੀਡੀਓ

**ਕਿੰਗਜ਼ਵੇਅ**

ਨਿਸ਼ਾਨ ਫੂਡਜ਼, ਕਿੰਗਜ਼ਵੇਅ ਸੁਪਰਮਾਰਕਿਟ

**ਬਰਨਬੀ**

ਗਿੱਲ ਫੂਡਜ਼, ਐਚ. ਆਰ. ਵੀਡੀਓਜ਼

**ਸਰੀ/ਡੈਲਟਾ**

ਟਰੂ ਫੂਡਜ਼, ਏ. ਸੀ. ਜਿਊਲਰਜ਼, ਜੈਸੀ ਫੈਬਰਿਕਸ, ਗਿੱਲ ਫੂਡਜ਼, ਟੀ.ਜੇ. ਵੀਡੀਓ, ਅੰਬੀਕਾ ਡਿਸਕਾਊਂਟ ਫੂਡਜ਼, ਪੈਮਰਾਮਾਊਂਟ ਵੀਡੀਓ, ਪਾਇਲ ਸਾੜ੍ਹੀ ਸੈਂਟਰ, ਸੁਪਰਮਾਰਕਿਟ ਫੂਡ, ਮਾਈਕਲ ਫੂਡਜ਼ (72 ਐਵੇਨਿਊ ਨੇੜੇ)

**ਕਲੀਅਰਬਰੁੱਕ**

ਅਵਤਾਰ ਫੂਡਜ਼, ਅਮਰ ਫੂਡਜ਼, ਵੀਡੀਓ ਸਟੋਰ, ਦਸ਼ਮੇਸ਼ ਕਲਾਥ ਹਾਊਸ

**ਮਿਸ਼ਨ**

ਸਨ ਫੂਡਜ਼,
(ਰਿਚਮੰਡ, ਨਾਰਥ ਵੈਨਕੂਵਰ, ਕੁਕਿਟਲਮ ਦੇ ਸਟੋਰ ਅਗਲੇ ਅੰਕ ਵਿਚ)

ਮੈਨੇਜਰ — 'ਕੈਨੇਡਾ ਦਰਪਣ'




# Ph. 588-5808

**9373 - 120 St., (Scott Rd.),**
**Delta, B. C.**



# ਏ. ਸੀ. ਜਿਊਲਰਜ਼



# FASHIONS & DECORATIONS



## ਫੈਸ਼ਨ ਅਤੇ ਡੈਕੋਰੇਸ਼ਨ
## ’ਤੇ
## ਗਰੈਂਡ ਓਪਨਿੰਗ ਸੇਲ



## ਆਪਣੇ ਘਰ ਨੂੰ ਸਜਾਉਣ ਲਈ ਖ਼੍ਰੀਦੋ

ਸਾਡੇ ਸਟੋਰ ਤੋਂ, ਬਰਾਸ ਫਿਕਸਚਰਜ਼ (ਡਿਸਪਲੇ ਸਟੈਂਡ), ਸਿਲਕ ਦੇ ਫੁੱਲ ਤੇ ਪਲਾਂਟ, ਫੈਂਸੀ ਟੈਲੀਫ਼ੋਨ

ਲੇਡੀਜ਼ ਐਂਡ ਜੈਂਟਸ ਘੜੀਆਂ, ਮੇਕ ਅੱਪ ਦਾ ਸਾਮਾਨ, ਫੈਂਸੀ ਜਿਊਲਰੀ ਵੀ ਮਿਲ ਸਕਦੀ ਹੈ

ਟੱਚ ਲੈਂਪਾਂ ਵਿਚ ਬਹੁਤ ਸਾਰੀਆਂ ਕਿਸਮਾਂ ਹਨ, ਸਟੋਰ ’ਤੇ ਆਓ ਅਤੇ ਆ ਕੇ ਦੇਖੋ







## ਹੋਲਸੇਲ ਦੀਆਂ ਕੀਮਤਾਂ ’ਤੇ ਸਿੱਧਾ ਸਾਮਾਨ ਖ਼੍ਰੀਦਣ ਲਈ ਪਹੁੰਚੋ!

ਅਸੀਂ ਗਰੰਟੀ ਨਾਲ ਕਹਿੰਦੇ ਹਾਂ ਕਿ ਏਨੀਆਂ ਘੱਟ ਕੀਮਤਾਂ, ਕੁਆਲਿਟੀ ’ਤੇ ਡਿਜ਼ਾਇਨਾਂ ਵਿਚ ਤੁਹਾਨੂੰ ਹੋਰ ਕਿਤੋਂ ਅਜਿਹਾ ਸਮਾਨ ਨਹੀ ਮਿਲ ਸਕਦਾ।

**13279 - 72nd AVE., NEWTON**
[Next to J.R. Furniture Place]

**Ph. 594-4277**

# ਮੁਕਾਬਲੇ ਵਿਚ ਦੋ ਅਤਿਵਾਦੀ ਤੇ ਦੋ ਸੀ. ਆਰ. ਪੀ. ਦੇ ਜਵਾਨ ਮਰੇ

ਚੰਡੀਗੜ੍ਹ — ਵਲਟੋਹਾ ਥਾਣਾ ਖੇਤਰ ਦੇ ਪਿੰਡ ਪੂਨੀਆ ਨੇੜੇ ਇਕ ਸਖਤ ਮੁਕਾਬਲੇ ਵਿਚ ਦੋ ਖਤਰਨਾਕ ਦਹਿਸ਼ਤਗਰਦ ਅਤੇ ਦੋ ਸੀ ਆਰ ਪੀ ਦੇ ਜਵਾਨ ਮਾਰੇ ਗਏ। ਤਿੰਨ ਜਵਾਨ ਜ਼ਖਮੀ ਹੋਏ। ਦਹਿਸ਼ਤਗਰਦਾਂ ਨੇ ਸੀ ਆਰ ਪੀ ਦੀ ਟੁਕੜੀ ਉਤੇ ਘਾਤ ਲਾ ਕੇ ਹਮਲਾ ਕੀਤਾ। ਉਸ ਥਾਂ ਤੋਂ ਪੁਲਸ ਨੂੰ ਏ ਕੇ 47 ਰਾਈਫਲਾਂ ਤੇ ਭਾਰੀ ਮਾਤਰਾ ਵਿਚ ਅਸਲਾ ਮਿਲਿਆ। ਸੀ ਆਰ ਪੀ ਦੇ ਮਰਨ ਵਾਲੇ ਜਵਾਨਾਂ ਦੇ ਨਾਂ ਜਗਦੀਸ਼ ਸਿੰਘ ਤੇ ਨਾਮ ਸਿੰਘ ਹਨ। ਇਸ ਸਮੇਂ ਮੋਹਨ ਸਿੰਘ ਤੇ ਬੀ ਕੇ ਦਾਸ ਜ਼ਖਮੀ ਹੋਏ। ਇਹ ਮੁਕਾਬਲਾ ਉਸ ਸਮੇਂ ਹੋਇਆ ਜਦੋਂ ਪੁਲਸ ਤੇ ਸੀ ਆਰ ਪੀ ਨੇ ਇਲਾਕੇ ਵਿਚ ਲੁਕੇ ਹੋਏ ਅਤਿਵਾਦੀਆਂ ਦੀ ਭਾਲ ਵਿਚ ਛਾਪੇ ਮਾਰੇ।

ਗੁਰਦਾਸਪੁਰ ਸਰਹੱਦ ਤੋਂ ਭਾਰਤ ਵਿਚ ਦਾਖਲ ਹੋ ਰਹੇ ਇਰਾਨੀ ਘੁਸਪੈਠੀਏ ਸੁਰਖਿਆ ਦਲ ਹਥੋਂ ਮਾਰੇ ਗਏ ਤੇ ਇਕ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅਧਿਕਾਰੀ ਮਿ. ਚੌਹਾਨ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਹੋ ਗਈ ਹੈ ਉਹਨਾਂ ਦੇ ਇਕ ਸਾਥੀ ਇਬਰਾਹੀਮ ਜੋ ਤਹਿਰਾਨ ਦਾ ਵਾਸੀ ਹੈ ਨੂੰ ਫੜ ਲਿਆ ਗਿਆ ਜਿਸ ਨੇ ਦੱਸਿਆ ਕਿ ਉਹ ਪਾਕਿਸਤਾਨ ਨਜਾਇਜ਼ ਤੌਰ ਤੇ ਦਾਖਲ ਹੋਣ ਬਾਅਦ ਲਾਹੌਰ ਪਹੁੰਚੇ ਤੇ ਕਿਰਾਏ ਉਤੇ ਰਹਿਣ ਲੱਗੇ। ਉਥੇ ਮਕਬੂਲ ਨੇ ਉਹਨਾਂ ਤੋਂ 34 ਹਜ਼ਾਰ ਰੁਪੈ ਲੈ ਕੇ ਭਾਰਤ ਵਿਚ ਦਾਖਲ ਹੋਣ ਦਾ ਭਰੋਸਾ ਦਿੱਤਾ ਪਰ ਸਰੱਹਦ ਤੇ ਦਾਖਲੇ ਸਮੇਂ ਇਹ ਘਟਨਾ ਵਾਪਰੀ।

## ਬਿਦਰ ਕਤਲ ਕਾਂਡ

ਬਿਦਰ — ਕਰਨਾਟਕ ਦੇ ਮੁੱਖ ਮੰਤਰੀ ਮਿ. ਐਸ ਆਰ ਬੋਮਈ ਨੇ ਬਿਦਰ ਵਿਚ ਛੇ ਸਿੱਖ ਵਿਅਕਤੀਆਂ ਦੇ ਕਤਲ ਉਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਮ੍ਰਿਤਕਾਂ ਦੇ ਵਾਰਸਾਂ ਨੂੰ 20-20 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਮੌਕੇ ਉਹਨਾਂ ਦੰਗਿਆਂ ਦੀ ਸਪੈਸ਼ਲ ਕਮਿਸ਼ਨ ਪਾਸੋਂ ਜਾਂਚ ਕਰਾਏ ਜਾਣ ਦਾ ਵੀ ਫੈਸਲਾ ਦਿੱਤਾ। ਹਾਈਕੋਰਟ ਦੇ ਕਿਸੇ ਜੱਜ ਨੂੰ ਇਹ ਜ਼ਿਮੇਂਵਾਰੀ ਸੌਂਪੀ ਜਾਵੇਗੀ।

## ਮਾਰਕਸੀ ਪਾਰਟੀ ਦੀ ਤੇਰਵੀਂ ਕਾਂਗਰਸ ਦਸੰਬਰ ਵਿਚ

ਤਰੀਵੇਂਦਰਮ — ਖਬਰ ਪੁੱਜੀ ਹੈ ਕਿ ਸੀ. ਪੀ. ਆਈ. (ਮ) ਦੀ ਪਾਰਟੀ ਕਾਂਗਰਸ ਦੇ ਸੰਬੰਧ ਵਿਚ ਪਾਰਟੀ ਸੈਕਟਰੀ ਨੰਬੂਦਰੀ ਪਾਦ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਦੀ ਤੇਰਵੀਂ ਕਾਂਗਰਸ ਦਸੰਬਰ ਦੇ ਅੰਤ ਵਿਚ ਕੇਰਲਾ ਦੀ ਰਾਜਧਾਨੀ ਤਰੀਵੇਂਦਰਮ ਵਿਚ ਹੋਵੇਗੀ। ਉਨ੍ਹਾਂ ਦੱਸਿਆ ਕਿ ਪਾਰਟੀ ਕਾਂਗਰਸ ਵਿਚ ਸੋਵੀਅਤ ਯੂਨੀਅਨ ਅਤੇ ਚੀਨ ਦੀਆਂ ਪਾਰਟੀਆਂ ਦੇ ਡੇਲੀਗੇਸ਼ਨ ਪਹਿਲੀ ਵਾਰ ਸ਼ਾਮਲ ਹੋ ਰਹੇ ਹਨ।

## ਭਾਰਤ ਦੇ ਮਸ਼ਹੂਰ ਨਾਵਲਕਾਰ ਦਾ ਦਿਹਾਂਤ

ਨੀਊਯਾਰਕ — ਪਤਾ ਲੱਗਾ ਹੈ ਕਿ ਭਾਰਤ ਦੇ ਸੰਸਾਰ ਪ੍ਰਸਿਧ ਨਾਵਲਕਾਰ ਅਤੇ ਲੇਖ ਭਵਾਨੀ ਭੱਟਾਚਾਰੀਆ ਦਾ ਏਥੇ ਦਿਲ ਦਾ ਦੌਰਾ ਪੈਣ ਦੇ ਕਾਰਨ ਦਿਹਾਂਤ ਹੋ ਗਿਆ ਹੈ। ਉਹ 81 ਵਰ੍ਹਿਆਂ ਦੇ ਸਨ।

ਸ੍ਰੀ ਭੱਟਾਚਾਰੀਆ ਬਿਹਾਰ ਦੇ ਰਾਜ ਵਿਚ ਪੈਦਾ ਹੋਏ ਸਨ। ਉਨ੍ਹਾਂ ਨੇ ਲੰਡਨ ਸਕੂਲ ਆਫ ਇਕਨਾਮਕਸ ਦੀ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ ਸੀ। ਉਹ ਭਾਰਤ ਦੇ ਦੂਤਾਵਾਸ ਦੇ ਅਮਲੇ ਵਿਚ ਕੰਮ ਕਰ ਚੁੱਕੇ ਸਨ ਉਹ ਅੰਗਰੇਜ਼ੀ ਹਫਤਾਵਾਰ 'ਅਲਸਟਰਡ ਵੀਕਲੀ' ਦੇ ਐਡੀਟਰ ਵੀ ਰਹਿ ਚੁੱਕੇ ਸਨ। ਉਹ ਹਾਰਵਰ ਯੂਨੀਵਰਸਿਟੀ ਵਿਚ 'ਵਿਜ਼ਟਿੰਗ ਪ੍ਰੋਫੈਸਰ' ਵੀ ਰਹਿ ਚੁੱਕੇ ਸਨ।

ਉਨ੍ਹਾਂ ਦੇ ਲਿਖੇ ਨਾਵਲਾਂ ਦਾ ਦੁਨੀਆਂ ਦੀਆਂ ਅਠਾਈ ਬੋਲੀਆਂ ਵਿਚ ਅਨੁਵਾਦ ਹੋ ਚੁੱਕਾ ਹੈ। ਉਨ੍ਹਾਂ ਦਾ ਅੰਤਮ ਨਾਵਲ 'ਏ ਡਰੀਮ ਇਨ ਹਵਾਈ' ਸੀ। ਉਹ ਕਈ ਸਾਹਿਤਕ ਇਨਾਮਾਂ ਦੇ ਜੇਤੂ ਸਨ।

## ਅਫਗਾਨਸਤਾਨ ਵਿਚ ਚਾਰ ਅਮਰੀਕਨ ਤੇ ਪਾਕਿਸਤਾਨੀ ਅਫਸਰ ਮਾਰੇ ਗਏ

ਕਾਬੁਲ — ਖਬਰ ਪੁੱਜੀ ਹੈ ਕਿ ਪੂਰਬੀ ਆਫਗਾਨਸਤਾਨ ਵਿਚ ਪਾਕਿਸਤਾਨ ਦੇ ਨਾਲ ਲਗਦੇ ਬਾਡਰ ਏਰੀਏ ਵਿਚ, ਅਫਗਾਨ ਭਗੌੜਿਆਂ ਨਾਲ ਅਫਗਾਨ ਫੌਜਾਂ ਦੀ ਇਕ ਟੱਕਰ ਹੋ ਗਈ। ਜਿਸ ਵਿਚ 20 ਅਫਗਾਨ ਭਗੌੜੇ ਮਰ ਗਏ ਜੋ ਕਿ ਅਮਰੀਕਾ ਅਤੇ ਪਾਕਿਸਤਾਨ ਦੀ ਸਹਾਇਤਾ ਨਾਲ ਅਫਗਾਨਸਤਾਨ ਦੇ ਅੰਦਰ ਭੰਨ-ਤੋੜ ਅਤੇ ਮਾਰ-ਧਾੜ ਕਰ ਰਹੇ ਸਨ।

ਪਤਾ ਲੱਗਾ ਹੈ ਕਿ ਪਿਛੋਂ ਜਾ ਕੇ ਜਦੋਂ ਅਫਗਾਨ ਫੌਜਾਂ ਨੇ ਦੇਖਿਆ ਤਾਂ ਮਰਨ ਵਾਲਿਆਂ ਵਿਚ ਦੋ ਅਮਰੀਕਨ ਅਤੇ ਦੋ ਪਾਕਿਸਤਾਨ ਦੇ ਉਚੇ ਅਹੁਦਿਆਂ ਵਾਲੇ ਫੌਜੀ ਅਫਸਰ ਸੀ।

ਯਾਦ ਰਹੇ ਕਿ ਇਸੇ ਸਾਲ ਜਨੇਵਾ ਸਮਝੌਤੇ ਅਨੁਸਾਰ ਅਫਗਾਨਸਤਾਨ ਦੇ ਅੰਦਰ ਅਮਰੀਕਾ ਅਤੇ ਪਾਕਿਸਤਾਨ ਨੇ ਕੋਈ ਦਖਲ ਅੰਦਾਜ਼ੀ ਨਾ ਕਰਨ ਲਈ ਅਮਨ ਸਮਝੌਤੇ ਉਪਰ ਦਸਖਤ ਕੀਤੇ ਹਨ। ਸੋਵੀਅਤ ਵਿਦੇਸ਼ ਮੰਤਰੀ ਸ਼ਵਰਦਨਾਜ਼ੇ ਨੇ ਯੂ. ਐਨ. ਅਸੰਬਲੀ ਵਿਚ ਸਮਝੌਤੇ ਦੀ ਉਲੰਘਣਾ ਰੋਕਣ ਲਈ ਮੁੜ ਚਾਰੇ ਦੇਸ਼ਾਂ ਦੀ ਮੀਟਿੰਗ ਦੀ ਮੰਗ ਕੀਤੀ ਸੀ। ਪਰ ਪਾਕਿਸਤਾਨ ਨੇ ਸੋਵੀਅਤ ਯੂਨੀਅਨ ਉਪਰ ਦੋਸ਼ ਲਾ ਕੇ ਮੰਗ ਨਾ ਮਨਜ਼ੂਰ ਕਰ ਦਿੱਤੀ ਸੀ। ਸੋਵੀਅਤ ਯੂਨੀਅਨ ਨੇ ਅਗਸਤ ਤੱਕ ਆਪਣੀਆਂ ਅੱਧੀਆਂ ਫੌਜਾਂ ਕੱਢ ਲਈਆਂ ਸਨ ਤੇ ਅਗੋਂ ਪਾਕਿਸਤਾਨ ਤੇ ਅਮਰੀਕਾ ਵਲੋਂ ਕੀਤੀਆਂ ਉਲੰਘਣਾਂ ਕਾਰਨ ਕੱਢਣੀਆਂ ਰੋਕ ਦਿੱਤੀਆਂ ਸਨ।

## ਭਾਰਤ ਵਿਚੋਂ ਸਮਾਜਕ ਅਨਿਆਂ ਅਤੇ ਜਾਤ ਪਾਤ ਦਾ ਅੰਤ ਕੀਤਾ ਜਾਵੇਗਾ

### ਸ੍ਰੀ ਵੀ. ਪੀ. ਸਿੰਘ ਦਾ ਐਲਾਨ

ਬੰਗਲੌਰ — ਖਬਰ ਹੈ ਕਿ ਭਾਰਤ ਵਿਚ ਚਾਰ ਪਾਰਟੀ ਦੇ ਮਿਲਣ ਨਾਲ ਸਥਾਪਤ ਕੀਤੀ ਗਈ ਨਵੀਂ ਪਾਰਟੀ ਜਨਤਾ ਦਲ ਦੇ ਪ੍ਰਧਾਨ ਸ੍ਰੀ ਵੀ ਪੀ ਸਿੰਘ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਦੇਸ਼ ਵਿਚੋਂ ਸਮਾਜਕ ਅਨਿਆਂ ਅਤੇ ਜਾਤਪਾਤ ਨੂੰ ਖਤਮ ਕਰਨ ਦਾ ਬੀੜਾ ਚੁੱਕ ਲਿਆ ਹੈ।

ਸ੍ਰੀ ਸਿੰਘ ਅਤੇ ਹੋਰਨਾਂ ਆਗੂਆਂ ਨੇ ਬਦੇਸ਼ ਨੀਤੀ ਦੇ ਸੰਬੰਧ ਵਿਚ ਬਿਆਨ ਦਿੰਦਿਆਂ ਕਿਹਾ ਹੈ ਕਿ ਸ੍ਰੀ ਲੰਕਾ ਵਿਚ ਭੇਜੀ ਗਈ ਸ਼ਾਂਤੀ-ਸੈਨਾ ਨੂੰ ਵਾਪਸ ਬੁਲਾ ਲਿਆ ਜਾਵੇ ਅਤੇ ਉਥੇ ਯੁੱਧਬੰਦੀ ਕੀਤੀ ਜਾਵੇ।

ਜਨਤਾ ਦਲ ਵਲੋਂ ਕੀਤੀ ਗਈ ਰੈਲੀ ਵਿਚ ਇਕ ਦੁਵਰਕੀ ਵੰਡੀ ਗਈ ਜਿਸ ਵਿਚ ਮੰਗ ਕੀਤੀ ਗਈ ਕਿ ਚੋਣ-ਪ੍ਰਣਾਲੀ ਵਿਚ ਸੁਧਾਰ ਕੀਤਾ ਜਾਵੇ। ਚੋਣਾਂ ਤੇ ਹੋਣ ਵਾਲਾ ਖਰਚ ਸਰਕਾਰ ਨੂੰ ਕਰਨਾ ਚਾਹੀਦਾ ਹੈ ਜਿਵੇਂ ਪੱਛਮੀ ਜਰਮਨੀ ਵਿਚ ਕੀਤਾ ਜਾਂਦਾ ਹੈ। ਇਸ ਦੁਵਰਕੀ ਵਿਚ ਕਿਹਾ ਗਿਆ ਹੈ ਕਿ ਸਰਕਾਰ ਦਾ ਅਜਿਹਾ ਜਮਹੂਰੀ ਢਾਂਚਾ ਹੋਣਾ ਚਾਹੀਦਾ ਹੈ ਜਿਸ ਅਨੁਸਾਰ ਰਾਜ ਸੱਤਾ ਦੇ ਨਾਲ ਲੋਕ ਸੱਤਾ ਦਾ ਤਾਲਮੇਲ ਹੋਵੇ।

## ਇੰਦਰਾ ਕਤਲ ਦੇ ਦੋਸ਼ੀ ਵਲੋਂ ਮੁਕੱਦਮਾ ਦਾਇਰ

ਨਵੀਂ ਦਿੱਲੀ — ਖਬਰ ਹੈ ਕਿ ਇੰਦਰਾ ਕਤਲ ਕੇਸ ਵਿਚ ਮੌਤ ਦੀ ਸਜ਼ਾ ਪਾ ਚੁੱਕੇ ਦੋਸ਼ੀ ਸਤਵੰਤ ਸਿੰਘ ਨੇ ਰਾਸ਼ਟਰਪਤੀ ਨੂੰ ਇਕ ਅਰਜ਼ੀ ਦੇ ਕੇ ਰਹਿਮ ਦੀ ਅਪੀਲ ਕੀਤੀ ਹੈ ਕਿ ਉਸ ਦੀ ਜਾਨ ਬਖਸ਼ੀ ਕੀਤੀ ਜਾਵੇ। ਭਾਰਤ ਦੀ ਸੁਪਰੀਮ ਕੋਰਟ ਨੇ ਇੰਦਰਾ ਕਤਲ ਕੇਸ ਦੋਸ਼ੀਆਂ ਨੂੰ ਫਾਂਸੀ ਚਾੜ੍ਹਨ ਲਈ ਕਾਲੇ ਵਾਰੰਟ ਜਾਰੀ ਕਰ ਦਿੱਤੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਦੋਸ਼ੀ ਸਤਵੰਤ ਸਿੰਘ ਨੇ ਅਦਾਲਤ ਵਿਚ ਇਕ ਕੇਸ ਦਰਜ ਕਰਾਇਆ ਹੈ ਕਿ ਪੈਰਾ ਮਿਲਟਰੀ ਦੇ ਦੋ ਸਿਪਾਹੀਆਂ ਨੇ 31 ਅਕਤੂਬਰ 1984 ਨੂੰ ਉਸ ਨੂੰ ਕਤਲ ਕਰਨ ਦਾ ਯਤਨ ਕੀਤਾ ਸੀ ਅਤੇ ਸਬ ਇਨਸਪੈਕਟਰ ਕੇਬਲ ਸਿੰਘ ਨੂੰ ਕਤਲ ਕਰ ਦਿੱਤਾ ਸੀ।

ਅਦਾਲਤ ਨੇ ਹੁਕਮ ਦਿੱਤਾ ਹੈ ਕਿ ਉਨ੍ਹਾਂ ਦੋ ਸਿਪਾਹੀਆਂ ਦੇ ਸੰਬੰਧ ਵਿਚ ਪੜਤਾਲ ਕਰਕੇ 24 ਅਕਤੂਬਰ ਨੂੰ ਰੀਪੋਰਟ ਕੀਤੀ ਜਾਵੇ। ਅਦਾਲਤ ਨੇ ਇਹ ਵੀ ਹੁਕਮ ਦਿੱਤਾ ਹੈ ਕਿ ਕੇਸ ਦੀ ਸੁਣਵਾਈ ਲਈ ਸੂਚਨਾ ਸਤਵੰਤ ਸਿੰਘ ਨੂੰ ਤਿਹਾੜ ਜੇਲ੍ਹ ਵਿਚ ਭੇਜ ਦਿੱਤੀ ਜਾਵੇ। ਅਦਾਲਤ ਨੇ ਸਤਵੰਤ ਸਿੰਘ ਲਈ ਇਕ ਵਕੀਲ ਕਰਨ ਲਈ ਪੁਲੀਸ ਅਧਿਕਾਰੀਆਂ ਨੂੰ ਹੁਕਮ ਦਿੱਤਾ ਹੈ।

ਯਾਦ ਰਹੇ ਦੋਸ਼ੀ ਸਤਵੰਤ ਸਿੰਘ ਨੂੰ ਮੌਤ ਦੀ ਸਜ਼ਾ ਦਾ ਹੁਕਮ ਹੋ ਚੁੱਕਾ ਹੈ ਅਤੇ ਉਹ ਕਿਸੇ ਦਿਨ ਵੀ ਫਾਂਸੀ ਚਾੜ੍ਹਿਆ ਜਾ ਸਕਦਾ ਹੈ।

## 56 ਵੱਖਵਾਦੀ ਕਸ਼ਮੀਰੀ ਗ੍ਰਿਫਤਾਰ

ਸ੍ਰੀਨਗਰ — ਖਬਰ ਹੈ ਕਿ ਭਾਰਤ ਦੇ ਜੰਮੂ-ਕਸ਼ਮੀਰ ਰਾਜ ਵਿਚ ਪਾਕਿਸਤਾਨ ਤੋਂ ਟਰੇਨਿੰਗ ਅਤੇ ਹਥਿਆਰ ਲੈ ਕੇ ਦਾਖਲ ਹੋ ਰਹੇ ਇਕ ਗਰੋਹ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਇਸ ਗਰੋਹ ਵਿਚ 56 ਵਿਅਕਤੀ ਸਨ ਜੋ ਕਸ਼ਮੀਰ ਵਿਚ ਭੰਨਤੋੜ ਅਤੇ ਕਤਲੋਗਾਰਤ ਕਰਨ ਲਈ ਪਾਕਿਸਤਾਨ ਵਿਚੋਂ ਟਰੇਨਿੰਗ ਲੈ ਕੇ ਆਏ ਸਨ। ਇਨ੍ਹਾਂ ਵੱਖਵਾਦੀਆਂ ਦੀ ਸਕੀਮ ਕਸ਼ਮੀਰ ਨੂੰ ਪਾਕਿਸਤਾਨ ਵਿਚ ਮਿਲਾਉਣ ਲਈ ਬੜੀ ਖਤਰਨਾਕ ਸਕੀਮ ਸੀ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਗ੍ਰਿਫਤਾਰੀਆਂ ਨਾਲ ਇਨ੍ਹਾਂ ਵੱਖਵਾਦੀਆਂ ਦੇ ਗਰੁੱਪ ਦੀ ਇਕ ਵਾਰ ਤਾਂ ਕਮਰ ਟੁੱਟ ਗਈ ਹੈ।

ਪੁਲਸ ਦੁਆਰਾ ਪੁਛਗਿਛ ਕਰਨ ਉਪਰ ਇਨ੍ਹਾਂ ਵੱਖਵਾਦੀ ਦਹਿਸ਼ਤਗਰਦਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਪਾਕਿਸਤਾਨ ਵਿਚ ਪਿਸ਼ਾਵਰ ਅਤੇ ਕਸ਼ਮੀਰ (ਪਾਕਿਸਤਾਨ) ਵਿਚ ਟਰੇਨਿੰਗ ਦਿੱਤੀ ਗਈ।

## 'ਸੰਸਾਰ' ਫਿਲਮ ਨੂੰ ਕਿਸ਼ੋਰ ਕੁਮਾਰ ਐਵਾਰਡ

ਕਲਕੱਤਾ — ਖਬਰ ਹੈ ਕਿ ਕਲਕੱਤਾ ਦੀ ਇਕ ਪ੍ਰਸਿੱਧ ਕਲਚਰਲ ਸੰਸਥਾ ਨੇ ਫੈਸਲਾ ਕੀਤਾ ਹੈ ਕਿ ਪਹਿਲਾ ਕਿਸ਼ੋਰ ਕੁਮਾਰ ਐਵਾਰਡ ਫਿਲਮ 'ਸੰਸਾਰ' ਨੂੰ ਦਿੱਤਾ ਜਾਵੇ। ਇਸ ਫਿਲਮ ਵਿਚ ਕੰਮ ਕਰਨ ਵਾਲੇ ਐਕਟਰ ਮਿਥਨ ਚਕਰਵਰਤੀ ਨੂੰ ਉਤਮ ਐਕਟਰ ਅਤੇ ਰੇਖਾ ਨੂੰ ਉਤਮ ਐਕਟਰੈਸ ਇਨਾਮ ਦੇਣ ਦਾ ਐਲਾਨ ਕੀਤਾ ਹੈ।


"FOR ALL YOUR PRINTING NEEDS"

**dhannu printing co. ltd.**

Printers □ Lithographers

English Wedding Cards and other Printing at reasonable rates

**ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:**

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

Ph. Bus. 585-2004 Res. 585-7916

10281 - 133A St., SURREY, B.C. V3T 4A1



**ਜਾਇਦਾਦ ਖ੍ਰੀਦਣੀ ਜਾਂ ਵੇਚਣੀ ਚਾਹੁੰਦੇ ਹੋ ?**



ਭੂਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

**ਭੁਪਿੰਦਰ ਸਿੰਘ ਸੋਢੀ**

PH. Bus. 437-9431

Res. 434-8987

UNITED REALTY

2443 Kingsway, Vancouver, B.C.

V5R 5G8

**The Canada Darpan**

**P.O.BOX 265**
**Surrey, B.C. V3T 4W8**

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

**Ph. 581-4473**


## ਇਸ ਹਫ਼ਤੇ ਦਾ ਵਿਚਾਰ

**"ਜਿਸ ਦੇਸ਼ ਦੇ ਆਦਮੀ ਵਿਦਿਆ ਦੇ ਤੱਤ ਔਰ ਦੀਰਘ ਵਿਚਾਰ ਤੋਂ ਖਾਲੀ ਰਹਿ ਕੇ ਧਰਮ, ਨੀਤੀ ਔਰ ਸਮਾਜ ਆਦਿਕ ਦੇ ਮੁਆਮਲਿਆਂ ਦੀ ਖਿਚੜੀ ਬਣਾ ਕੇ ਪਰਸਪਰ ਈਰਖਾ, ਦਵੈਤ ਨਾਲ ਸੜਦੇ ਔਰ ਲੜਦੇ ਹਨ, ਉਹ ਲੋਕ-ਪ੍ਰਲੋਕ ਦਾ ਸੁਖ ਖੋ ਬੈਠਦੇ ਹਨ ।"**

(ਭਾਈ ਕਾਨ੍ਹ ਸਿੰਘ ਨਾਭਾ)

# ਚੋਣਾਂ ਵਿਚ ਤੁਹਾਡੀ ਵੋਟ ?

ਨਵੰਬਰ ਦਾ ਮਹੀਨਾ ਚੋਣਾਂ ਦਾ ਮਹੀਨਾ ਹੈ । 21 ਨਵੰਬਰ ਨੂੰ ਫੈਡਰਲ ਸਰਕਾਰ ਲਈ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਇਸ ਦੇ ਨਾਲ ਹੀ ਬੀ ਸੀ ਵਿਚ ਮਿਊਂਸਪਲ ਚੋਣਾਂ ਲਈ 19 ਨਵੰਬਰ ਦੀ ਮਿਤੀ ਦਾ ਐਲਾਨ ਪਹਿਲਾਂ ਹੀ ਹੋ ਚੁੱਕਾ ਹੈ । ਇਸ ਬਾਰੇ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਵੋਟਰ ਲਈ ਮੁਢਲੀ ਸ਼ਰਤ ਉਸ ਦਾ ਕੈਨੇਡੀਅਨ ਸਿਟੀਜਨ ਹੋਣਾ ਜ਼ਰੂਰੀ ਹੈ। ਇਸ ਲਈ ਜਿਹੜੇ ਸਾਡੇ ਭਾਰਤੀ ਲੋਕ ਕੈਨੇਡੀਅਨ ਸਿਟੀਜਨ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਵੋਟ ਜ਼ਰੂਰ ਬਣਾਉਣ ।

ਕੈਨੇਡਾ ਦੇ ਚੋਣ ਕਮਿਸ਼ਨ ਨੇ ਨਵੇਂ ਵੋਟਰਾਂ ਦੀ ਰਜਿਸਟਰੇਸ਼ਨ ਲਈ 14 ਅਕਤੂਬਰ ਤੋਂ 20 ਅਕਤੂਬਰ ਦੀ ਮਿਤੀ ਨਿਸਚਤ ਕੀਤੀ ਹੈ। ਇਸ ਦਿਨ ਚੋਣ ਕਮਿਸ਼ਨ ਵਲੋਂ ਦੋ ਵਿਅਕਤੀ ਘਰ ਘਰ ਜਾ ਕੇ ਵੋਟਾਂ ਬਣਾਉਣਗੇ। ਜੇਕਰ ਤੁਸੀਂ ਘਰ ਨਾ ਮਿਲ ਸਕੇ ਤਾਂ ਫਿਰ ਤੁਹਾਨੂੰ ਆਪ ਜਾ ਕੇ ਵੋਟ ਬਣਾਉਣੀ ਪਵੇਗੀ ।

ਅਸੀਂ ਵੋਟਾਂ ਬਣਾਉਣ ਉਪਰ ਇਸ ਲਈ ਜ਼ੋਰ ਦੇ ਰਹੇ ਹਾਂ ਕਿ ਇਸ ਵਾਰ ਦੀਆਂ ਫੈਡਰਲ ਚੋਣਾਂ ਸਾਰੇ ਕੈਨੇਡੀਅਨਾਂ ਲਈ ਬੜੀਆਂ ਹੀ ਮਹੱਤਵਪੂਰਨ ਹਨ ਇਹਨਾਂ ਚੋਣਾਂ ਵਿਚ ਮੁੱਖ ਮਸਲਾ ਫਰੀ-ਟਰੇਡ ਦਾ ਹੋਣਾ ਹੈ ਜਿਸ ਨੇ ਸਾਡੇ ਭਵਿਖ ਉਪਰ ਅਤਿਅੰਤ ਗੰਭੀਰ ਅਸਰ ਪਾਉਣਾ ਹੈ । ਇਸ ਲਈ ਹਰ ਵਿਅਕਤੀ ਲਈ ਜ਼ਰੂਰੀ ਹੈ ਕਿ ਉਹ ਆਪਣੀ ਵੋਟ ਦੀ ਜ਼ਰੂਰ ਹੀ ਵਰਤੋਂ ਕਰੇ। ਇਹੋ ਹੀ ਨਹੀਂ ਸਗੋਂ ਜੋ ਲੋਕ ਰਾਜਨੀਤਕ ਤੌਰ ਉਤੇ ਸਰਗਰਮ ਹਨ ਜਾਂ ਫਰੀ-ਟਰੇਡ ਦੀ ਮਹੱਤਤਾ ਨੂੰ ਸਮਝਦੇ ਹਨ ਉਹ ਦੂਜੇ ਲੋਕਾਂ ਦੀ ਵੋਟਾਂ ਪਾਉਣ ਵਿਚ ਪਰੇਰਨਾ ਕਰਕੇ ਸਹਾਇਤਾ ਕਰਨ ।

ਜਿਵੇਂ ਕਿ ਸਾਨੂੰ ਪਤਾ ਹੈ ਕਿ ਕੰਜਰਵੇਟਿਵ ਪਾਰਟੀ ਦੀ ਸਰਕਾਰ ਕਹਿ ਰਹੀ ਹੈ ਕਿ ਫਰੀ-ਟਰੇਡ ਕੈਨੇਡਾ ਦੇ ਹਿੱਤਾਂ ਵਿਚ ਹੈ ਅਤੇ ਲਿਬਰਲ ਅਤੇ ਐਨ. ਡੀ. ਪੀ. ਕਹਿ ਰਹੀ ਹੈ ਕਿ ਇਹ ਸਾਡੇ ਹਿੱਤਾਂ ਦੇ ਵਿਰੁਧ ਹੈ। ਇਸ ਤੋਂ ਬਿਨਾਂ ਕੈਨੇਡਾ ਦੀ ਟਰੇਡ ਯੂਨੀਅਨ ਲਹਿਰ ਅਤੇ ਹੋਰ ਅਗੇਵਧੂ ਵਿਚਾਰਾਂ ਦੇ ਲੋਕ ਫਰੀ-ਟਰੇਡ ਨੂੰ ਮਾਰੂ ਸਮਝ ਰਹੇ ਹਨ ।

ਅਸੀਂ ਇਥੇ ਫਰੀ-ਟਰੇਡ ਦੇ ਸੰਬੰਧ ਵਿਚ ਵਿਸਤਾਰ ਵਿਚ ਨਹੀਂ ਜਾਣਾ ਚਾਹੁੰਦੇ ਕਿਉਂਕਿ ਆਉਂਦੇ ਸਮੇਂ ਵਿਚ ਅਤੇ ਪਹਿਲਾਂ ਵੀ ਇਸ ਬਾਰੇ ਕਾਫੀ ਕੁਝ ਛਪ ਚੁੱਕਾ ਹੈ । ਅਸੀਂ ਏਥੇ ਸਿਰਫ ਇਸ ਚੋਣਾਂ ਦੇ ਮਹੱਤਵਪੂਰਨ ਮਸਲੇ ਬਾਰੇ ਪਾਠਕਾਂ ਦਾ ਧਿਆਨ ਹੀ ਖਿਚਣਾ ਚਾਹੁੰਦੇ ਹਾਂ ਕਿ ਉਹ ਅਗਲੇ ਮਹੀਨੇ ਦੀਆਂ ਚੋਣਾਂ ਵਿਚ ਸਰਗਰਮੀ ਨਾਲ ਭਾਗ ਲੈਣ ਆਪਣੀ ਵੋਟ ਜ਼ਰੂਰ ਪਾਉਣ ਕਿਉਂਕਿ ਇਸ ਨੇ ਕੈਨੇਡਾ ਦੇ ਭਵਿਖ ਦਾ ਫੈਸਲਾ ਕਰਨਾ ਹੈ ।

# ਰਾਸ਼ਟਰਪਤੀ ਰਾਜ ਦੀਆਂ ਹੱਥ ਰੇਖਾਵਾਂ

**ਅਮਰਜੀਤ ਵੜੈਚ**

ਪੰਜਾਬ ਵਿਚ ਰਾਸ਼ਟਰਪਤੀ ਰਾਜ ਵੀ ਹੁਣ ਗੋਡਿਆਂ ਭਾਰ ਹੋ ਕੇ ਤੁਰਨ ਲੱਗ ਪਿਆ ਹੈ । ਪਿਛਲੇ 16 ਮਹੀਨਿਆਂ ਦੌਰਾਨ ਵਾਪਰੀਆਂ ਘਟਨਾਵਾਂ ਵਿਚ ਤੱਥ ਦੀ ਸ਼ਾਹਦੀ ਭਰਦੀਆਂ ਹਨ। ਜਿਹੜੇ ਲੋਕਾਂ ਪਹਿਲਾਂ ਇਹ ਭਰਮ ਪਾਲਿਆ ਹੋਇਆ ਸੀ ਕਿ ਸ਼ਾਇਦ ਕੇਂਦਰ, ਪੰਜਾਬ ਦਾ ਕੋਈ ਹੱਲ ਲੱਭੇਗਾ, ਉਨ੍ਹਾਂ ਨੂੰ ਵੀ ਹੁਣ ਸਪਸ਼ਟ ਹੋ ਗਿਆ ਹੈ ਕਿ 'ਦਿੱਲੀ ਦੀ ਨੀਅਤ ਨੇਕ ਨਹੀਂ ।'

11 ਮਈ, 1987 ਨੂੰ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਇਆ ਗਿਆ। ਰਾਸ਼ਟਰਪਤੀ ਰਾਜ ਲਾਉਣਾ ਹੀ ਸਰਕਾਰ ਦੀ ਗਲਤੀ ਸੀ । ਫਿਰ ਇਸ ਰਾਜ ਨੂੰ ਪੈਰਾਂ ਸਿਰ ਕਰਨ ਲਈ ਕਈ ਸ਼ੋਸ਼ੇ ਛੱਡੇ ਗਏ । ਇਨ੍ਹਾਂ 'ਚੋਂ ਪਹਿਲਾ ਸੀ : 'ਲੋਕ ਸ਼ਕਤੀ ਸਮਾਗਮ' । ਅਖਬਾਰਾਂ ਵਿਚ ਇਹ ਰਿਪੋਰਟਾਂ ਆਮ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਕਿ ਜਿਹੜੇ ਲੋਕ ਇਨ੍ਹਾਂ ਸਮਾਗਮਾਂ 'ਚ ਪੁਲੀਸ ਜਾਂ ਪ੍ਰਸ਼ਾਸਨ ਵਿਰੁਧ ਬੋਲਦੇ ਰਹੇ ਉਨ੍ਹਾਂ ਦੀ ਮਗਰੋਂ ਸ਼ਾਮਤ ਆਉਂਦੀ ਰਹੀ ।

ਫਿਰ ਸਰਕਾਰ ਨੇ ਲੋਕਾਂ ਦਾ ਧਿਆਨ ਪੰਜਾਬ ਦੀ ਕਤਲੋਗਾਰਤ ਅਤੇ ਸਰਕਾਰ ਦੀ ਅਸਫਲਤਾ ਤੋਂ ਹਟਾਉਣ ਲਈ 'ਨਾਟਕ ਲਹਿਰ' ਸ਼ੁਰੂ ਕੀਤੀ। ਇਸ ਦਾ ਬੀੜਾ ਪੰਜਾਬ ਦੇ 'ਸਭਿਆਚਾਰਕ ਮਾਮਲਿਆਂ' ਦੇ ਵਿਭਾਗ ਨੇ ਚੁਕਿਆ। ਹੁਣ ਤਕ ਲਗਪਗ 1000 ਦੇ ਲਗਪਗ ਨਾਟਕ ਸ਼ੋ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ 'ਚ ਕੀਤੇ ਜਾ ਚੁੱਕੇ ਹਨ। ਇਨ੍ਹਾਂ ਤੇ ਸਰਕਾਰ ਨੇ ਲੱਖਾਂ ਰੁਪਈਆ ਖਰਚ (ਬਰਬਾਦ) ਕੀਤਾ ਹੈ। ਇਸ ਪੈਸੇ ਨਾਲ ਨਾ ਤਾਂ ਪੰਜਾਬ ਦੀ ਸਥਿਤੀ 'ਚ ਹੀ ਕੋਈ ਸੁਧਾਰ ਆਇਆ ਹੈ ਨਾ ਹੀ ਇਸ ਨੇ ਨਾਟਕ ਕਲਾ ਨੂੰ ਕੋਈ ਉਤਸ਼ਾਹ ਦਿੱਤਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਹ ਲਹਿਰ 'ਥੋੜਚਿਰੀ' ਹੈ। ਦੂਜਾ ਜਿਥੇ ਵੀ ਨਾਟਕ ਸ਼ੋਅ ਹੁੰਦੇ ਰਹੇ, ਉਥੇ ਹਮੇਸ਼ਾ ਹੀ ਕਲਾਕਾਰਾਂ ਅਤੇ ਦਰਸ਼ਕਾਂ ਦੇ ਮਨਾਂ 'ਚ ਇਹ ਡਰ ਰਹਿੰਦਾ ਸੀ ਕਿ ਕਿਤੇ ਕੋਈ ਸ਼ਰਾਰਤੀ ਸਥਿਤੀ ਦਾ ਨਜਾਇਜ਼ ਫਾਇਦਾ ਨਾ ਉਠਾ ਲਵੇ ।

ਹੁਣ ਤਕ ਜਿੰਨੀ ਵਾਰ ਵੀ 'ਕਾਨੂੰਨ ਅਤੇ ਪ੍ਰਬੰਧ' ਦੀ ਵਿਗੜਦੀ ਸਥਿਤੀ ਦੀ ਆੜ 'ਚ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਇਆ ਹੈ, ਉਸ ਮਗਰੋਂ ਸਥਿਤੀ ਵਿਗੜੀ ਹੀ ਹੈ । ਅਕਤੂਬਰ 1983 'ਚ ਜਦੋਂ ਦਰਬਾਰਾ ਸਿੰਘ ਸਰਕਾਰ ਦਾ ਬਿਸਤਰਾ ਗੋਲ ਕੀਤਾ ਤਾਂ ਸਥਿਤੀ ਇਸ ਹੱਦ ਤੱਕ ਪਹੁੰਚ ਗਈ ਕਿ ਸਰਕਾਰ ਨੂੰ 'ਬਲਿਊ ਸਟਾਰ ਅਪਰੇਸ਼ਨ' ਵਰਗੀ ਇਤਿਹਾਸਕ ਗਲਤੀ ਕਰਨੀ ਪਈ। ਮਈ 1987 'ਚ ਬਰਨਾਲਾ ਸਰਕਾਰ ਦੀ ਛੁੱਟੀ ਕਰਨ ਮਗਰੋਂ ਫਿਰ ਸਰਕਾਰ ਨੇ 'ਬਲੈਕ ਥੰਡਰ ਅਪਰੇਸ਼ਨ' ਕਰਕੇ ਇਤਿਹਾਸ ਦਾ ਇਕ ਹੋਰ ਵਰਕਾ ਕਾਲਾ ਕਰ ਦਿੱਤਾ।

ਇਸ ਵਾਰ ਜਦੋਂ ਮਈ '87 'ਚ ਰਾਸ਼ਟਰਪਤੀ ਰਾਜ ਲਾਉਣ ਦਾ ਐਲਾਨ ਦਿੱਲੀ ਨੇ ਕੀਤਾ ਤਾਂ ਬਹਾਨਾ ਫਿਰ ਉਹੀ ਲਾਇਆ ਗਿਆ ਕਿ ਸਰਕਾਰ ਪੰਜਾਬ 'ਚ ਕਾਨੂੰਨ ਅਤੇ ਪ੍ਰਬੰਧ ਦੀ ਸਥਿਤੀ 'ਤੇ ਕਾਬੂ ਨਹੀਂ ਰੱਖ ਸਕਦੀ । ਪਰ ਅਸਲੀਅਤ ਕਿਸੇ ਤੋਂ ਲੁਕੀ ਨਹੀਂ ਕਿ ਬਰਨਾਲਾ ਸਰਕਾਰ ਦੀ ਬਲੀ ਇਸ ਕਰਕੇ ਦਿੱਤੀ ਗਈ ਸੀ ਤਾਂ ਕਿ ਹਰਿਆਣੇ ਦੀਆਂ ਚੋਣਾਂ ਜਿੱਤੀਆਂ ਜਾ ਸਕਣ। ਜੇ ਸਰਕਾਰ ਦੇ ਬਹਾਨੇ ਨੂੰ ਮੰਨ ਵੀ ਲਿਆ ਜਾਵੇ ਤਾਂ ਇਕ ਗੱਲ ਹੋਰ ਸਪਸ਼ਟ ਹੋ ਜਾਂਦੀ ਹੈ ਕਿ ਰਾਸ਼ਟਰਪਤੀ ਰਾਜ ਮਗਰੋਂ ਰਾਜ ਵਿਚ ਸਥਿਤੀ ਹੋਰ ਵੀ ਵਿਸਫੋਟਕ ਹੋ ਚੁੱਕੀ ਹੈ । ਮਈ '87 ਮਗਰੋਂ ਲਾਲੜੂ ਬੱਸ ਕਾਂਡ, ਅੰਮ੍ਰਿਤਸਰ 'ਚ ਬੰਬ ਧਮਾਕਾ, ਰੋਪੜ 'ਚ ਐਸ ਵਾਈ ਐਲ ਦੇ ਮਜ਼ਦੂਰਾਂ ਦਾ ਕਤਲ, ਅੰਮ੍ਰਿਤਸਰ 'ਚ ਗੱਡੀ ਦੇ ਯਾਤਰੀਆਂ ਦੇ ਕਤਲ ਅਤੇ ਸਰਹੰਦ ਦਾਣਾ ਮੰਡੀ ਵਰਗੇ ਭਿਆਨਕ ਦੁਖਾਂਤ ਵਾਪਰ ਚੁੱਕੇ ਹਨ ਜੋ ਰਾਸ਼ਟਰਪਤੀ ਰਾਜ ਦੀ ਅਸਫਲਤਾ ਦੀ ਕਹਾਣੀ ਆਪ ਬਿਆਨ ਕਰਦੇ ਹਨ ।

ਇਸੇ ਸਾਲ ਅਗਸਤ ਨੂੰ ਪੰਜਾਬ ਦੀ ਤਾਜ਼ਾ ਸਥਿਤੀ ਬਾਰੇ ਅੰਗਰੇਜ਼ੀ ਤੇ ਪੰਜਾਬੀ ਵਿਚ ਇਕ ਸਰਕਾਰੀ ਇਸ਼ਤਿਹਾਰ ਛਪਿਆ ਹੈ। ਦੁੱਖ ਦੀ ਗੱਲ ਤਾਂ ਇਹ ਸੀ ਕਿ ਸਰਕਾਰ ਸ਼ਰੇਆਮ ਲੋਕਾਂ ਦੀਆਂ ਅੱਖਾਂ 'ਚ ਕਿਵੇਂ ਘੱਟਾ ਪਾ ਰਹੀ ਹੈ । ਅੰਗਰੇਜ਼ੀ ਇਸ਼ਤਿਹਾਰ ਵਿਚ ਪੰਜਾਬ ਦੀਆਂ ਵੱਖ ਵੱਖ ਖੇਤਰਾਂ 'ਚ ਪ੍ਰਾਪਤੀਆਂ ਦਾ ਜ਼ਿਕਰ ਤਾਂ ਹੈ ਈ ਸੀ, ਨਾਲ 'ਕਾਨੂੰਨ ਅਤੇ ਪ੍ਰਬੰਧ' ਬਾਰੇ ਵੀ ਅੰਕੜੇ ਸਨ। ਇਨ੍ਹਾਂ ਅੰਕੜਿਆਂ ਅਨੁਸਾਰ ਰਾਸ਼ਟਰਪਤੀ ਰਾਜ ਤੋਂ ਪਹਿਲਾਂ 136 ਅਤਿਵਾਦੀ ਮਾਰੇ ਗਏ ਜਦੋਂ ਕਿ ਹੁਣ 16 ਮਹੀਨਿਆਂ ਦੌਰਾਨ 469 ਮਾਰੇ ਗਏ। ਇਸੇ ਤਰ੍ਹਾਂ ਮਈ '87 ਤੋਂ ਪਹਿਲਾਂ 2784 ਦਹਿਸ਼ਤਗਰਦ ਫੜੇ ਗਏ ਅਤੇ ਰਾਸ਼ਟਰਪਤੀ ਰਾਜ ਦੌਰਾਨ 4,779 । ਬਰਨਾਲਾ ਸਰਕਾਰ ਦੇ ਅੰਤ ਤਕ ਸਿਰਫ 192 ਪੁਲੀਸ ਮੁਕਾਬਲੇ ਹੋਏ ਪਰ ਰਾਸ਼ਟਰਪਤੀ ਰਾਜ ਦੌਰਾਨ 580 । ਇਹ ਦੱਸਦੇ ਹਨ ਕਿ ਰਾਸ਼ਟਰਪਤੀ ਰਾਜ ਦੌਰਾਨ ਪੁਲੀਸ ਦੀ 'ਕਾਰਗੁਜ਼ਾਰੀ' ਕਿੰਨੀ 'ਵਧੀਆ' ਰਹੀ ਹੈ, ਸਰਕਾਰ ਅਤਿਵਾਦੀਆਂ ਨੂੰ ਮਾਰ ਲੈਣ 'ਚ ਹੀ ਜਿੱਤ ਸਮਝ ਰਹੀ ਹੈ।

ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਇਹੋ ਇਸ਼ਤਿਹਾਰ ਜੋ ਪੰਜਾਬੀ ਵਿਚ ਛਪਿਆ ਵਿਚ ਪੰਜਾਬ ਦੀਆਂ ਵਿਕਾਸ ਪ੍ਰਾਪਤੀਆਂ ਦਾ ਤਾਂ ਜ਼ਿਕਰ ਹੈ ਸੀ, ਪਰ ਉਸ ਵਿਚ 'ਕਾਨੂੰਨ ਅਤੇ ਪ੍ਰਬੰਧ' ਸਬੰਧੀ ਅੰਕੜੇ ਗਾਇਬ ਸਨ। ਇਹ ਸੀ ਸਰਕਾਰੀ ਚਲਾਕੀ । ਸਰਕਾਰ ਨੂੰ ਪਤਾ ਹੈ ਕਿ ਅੰਗਰੇਜ਼ੀ ਅਖਬਾਰ ਪੰਜਾਬ ਤੋਂ ਬਾਹਰਲੇ ਲੋਕਾਂ ਨੇ ਵੀ ਪੜ੍ਹਨਾ ਹੈ। ਪਰ ਪੰਜਾਬੀ ਅਖਬਾਰ ਤਾਂ ਪੰਜਾਬ ਦੇ ਲੋਕਾਂ ਹੀ ਪੜ੍ਹਨਾ ਹੈ । ਇਸ ਲਈ ਸਰਕਾਰ ਨਹੀਂ ਚਾਹੁੰਦੀ ਕਿ ਅਤਿਵਾਦੀਆਂ ਦੇ ਮਰਨ ਸੰਬੰਧੀ ਅੰਕੜੇ ਪੰਜਾਬੀ ਲੋਕ ਵੀ ਪੜ੍ਹਨ। ਅਸਲੀਅਤ ਤਾਂ ਇਹ ਹੈ ਕਿ ਸਰਕਾਰ ਖੁਦ ਹੀ ਦੋਹਰੀ ਚਾਲ ਖੇਡ ਰਹੀ ਹੈ। ਜਦੋਂ ਇਹਦਾ ਮੂੰਹ ਦਿੱਲੀ ਵੱਲ ਹੁੰਦਾ ਹੈ ਤਾਂ ਇਹ ਕੁਝ ਹੋਰ ਬੋਲਦੀ ਹੈ ਅਤੇ ਜਦੋਂ ਇਹਦਾ ਮੂੰਹ ਅੰਮ੍ਰਿਤਸਰ ਵਲ ਨੂੰ ਹੁੰਦਾ ਹੈ ਤਾਂ ਕੁਝ ਹੋਰ

ਰਾਸ਼ਟਰਪਤੀ ਰਾਜ ਸਿਰਫ ਦੋ ਹੀ ਹਾਲਤਾਂ 'ਚ ਲਾਇਆ ਜਾਂਦਾ ਹੈ। ਇਕ, ਰਾਜ ਵਿਚਲੀ ਲੋਕ ਸਰਕਾਰ ਵਿਧਾਨ ਸਭਾ 'ਚ ਵਿਸ਼ਵਾਸ ਗੁਆ ਬੈਠੇ ਅਤੇ ਕੋਈ ਹੋਰ ਪਾਰਟੀ ਸਰਕਾਰ ਬਣਾਉਣ ਦੀ ਸਥਿਤੀ 'ਚ ਨਾ ਹੋਵੇ। ਦੂਜਾ, ਰਾਜ ਵਿਚ 'ਕਾਨੂੰਨ ਅਤੇ ਪ੍ਰਬੰਧ' ਦੀ ਸਥਿਤੀ ਸਰਕਾਰ ਦੇ ਹੱਥਾਂ 'ਚੋਂ ਨਿਕਲ ਚੁੱਕੀ ਹੋਵੇ। ਇਨ੍ਹਾਂ ਹਾਲਤਾਂ 'ਚ ਸੰਵਿਧਾਨ ਦੀ ਧਾਰਾ 356 ਤਹਿਤ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਂਦਾ ਹੈ। ਪਰ ਇਸ ਦਾ ਮਤਲਬ ਇਹ ਵੀ ਹੁੰਦਾ ਉਸ ਮਗਰੋਂ ਸਥਿਤੀ ਨੂੰ ਸੁਧਾਰਨ ਲਈ ਠੋਸ ਕਦਮ ਚੁੱਕੇ ਜਾਣ ਤਾਂ ਜੋ ਰਾਜ ਵਿਚ ਫਿਰ ਲੋਕਾਂ 'ਚ ਸਰਕਾਰ ਪ੍ਰਤੀ ਵਿਸ਼ਵਾਸ ਪੈਦਾ ਹੋ ਸਕੇ । ਪਰ ਪੰਜਾਬ 'ਚ ਇਸ ਨੁਕਤੇ ਤੋਂ ਵੀ ਰਾਸ਼ਟਰਪਤੀ ਰਾਜ ਫੇਲ੍ਹ ਹੋ ਗਿਆ ਹੈ ।

ਆਜ਼ਾਦ ਭਾਰਤ 'ਚ ਪੰਜਾਬ ਪਹਿਲਾ ਸੂਬਾ ਸੀ ਜਿਥੇ 1951 'ਚ, ਜਦੋਂ ਕਾਂਗਰਸ ਵਿਧਾਨ ਸਭਾ 'ਚ ਆਪਣਾ ਕੋਈ ਲੀਡਰ ਨਾ ਚੁਣ ਸਕੀ, ਰਾਸ਼ਟਰਪਤੀ ਰਾਜ ਲੱਗਿਆ। ਦੂਜੀ ਵਾਰ 1966 'ਚ ਜਦੋਂ ਪੰਜਾਬ ਦੀ ਵੰਡ ਹੋਈ। ਤੀਜੀ ਵਾਰ 1968 ਵਿਚ ਰਾਸ਼ਟਰਪਤੀ ਰਾਜ ਲੱਗਿਆ ਜਦੋਂ ਚੌਥੀਆਂ ਆਮ ਚੋਣਾਂ ਸਮੇਂ ਪੰਜਾਬ ਵਿਧਾਨ ਸਭਾ 'ਚ ਕੋਈ ਪਾਰਟੀ ਬਹੁਮਤ ਨਾ ਲੈ ਸਕੀ। ਚੌਥੀ ਵਾਰ ਇਹ 1971 'ਚ ਲੱਗਿਆ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ 'ਚੋਂ ਛੇ ਵਿਧਾਇਕਾਂ ਨੇ ਵਜ਼ਾਰਤ ਦੀ ਹਮਾਇਤ ਵਾਪਸ ਲੈ ਲਈ। ਪੰਜਵੀਂ ਵਾਰ 1977 'ਚ ਲੱਗਿਆ ਜਦੋਂ ਜਨਤਾ ਸਰਕਾਰ ਨੇ ਨੌਂ ਰਾਜਾਂ ਦੀਆਂ ਸਰਕਾਰਾਂ ਭੰਗ ਕੀਤੀਆਂ ਅਤੇ ਫਿਰ ਛੇਵੀਂ ਵਾਰ 1981 ਵਿਚ ਜਦੋਂ ਇੰਦਰਾ ਗਾਂਧੀ ਮੁੜ ਸੱਤਾ 'ਚ ਆਈ ਤਾਂ ਫਿਰ ਉਨ੍ਹਾਂ ਹੀ ਨੌਂ ਰਾਜਾਂ ਦੀਆਂ ਸਰਕਾਰਾਂ ਤੋੜੀਆਂ ਗਈਆਂ ।

ਸੱਤਵੀਂ ਵਾਰ 6 ਅਕਤੂਬਰ 1983 ਨੂੰ ਦਰਬਾਰਾ ਸਿੰਘ ਸਰਕਾਰ ਤੋੜ ਕੇ ਕੇਂਦਰੀ ਰਾਜ ਲਾਗੂ ਕੀਤਾ ਗਿਆ ਜੋ ਸਤੰਬਰ 1985 ਨੂੰ ਖਤਮ ਹੋਇਆ। ਇਹ ਭਾਰਤੀ ਇਤਿਹਾਸ ਵਿਚ ਸਭ ਤੋਂ ਲੰਮੇ ਸਮੇਂ ਦਾ ਰਾਸ਼ਟਰਪਤੀ ਰਾਜ ਰਿਹਾ। ਹੁਣ ਮਈ 1987 'ਚ ਅੱਠਵੀਂ ਵਾਰ ਇਤਿਹਾਸ ਦੁਹਰਾਇਆ ਗਿਆ ਜਿਸ ਦੇ ਨਤੀਜੇ ਸਾਡੇ ਸਾਹਮਣੇ ਹਨ ।

ਇਸ ਵਕਤ ਲੋੜ ਇਹ ਹੈ ਕਿ ਕੇਂਦਰ ਸਰਕਾਰ ਫੌਰੀ ਤੌਰ 'ਤੇ ਪੰਜਾਬ ਦੇ ਸਿਆਸੀ ਹੱਲ ਲਈ ਅੱਗੇ ਆਵੇ। ਸਿਰਫ ਬਿਆਨਬਾਜ਼ੀ ਹੀ ਨਾ ਕਰੇ। ਜੋਧਪੁਰ ਦੇ ਬੰਦੀਆਂ ਬਾਰੇ ਸਰਕਾਰ ਨੇ ਹਾਲੇ ਤੱਕ ਕੋਈ ਫੈਸਲਾ ਨਹੀਂ ਲਿਆ, ਜਦੋਂ ਕਿ ਇਹ ਬੜਾ ਨਾਜ਼ਕ ਨੁਕਤਾ ਹੈ। ਪੰਜਾਬ 'ਚ ਲੱਖਾਂ ਹੀ ਨੌਜਵਾਨ ਬੇਰੁਜ਼ਗਾਰੀ ਦੀ ਭੱਠੀ 'ਚ ਸੜ ਰਹੇ ਹਨ । ਇਨ੍ਹਾਂ ਨੌਜਵਾਨਾਂ ਨੂੰ ਫੌਰੀ ਤੌਰ 'ਤੇ ਸਰਕਾਰੀ/ਗੈਰ ਸਰਕਾਰੀ/ਅਰਧ ਸਰਕਾਰੀ ਅਦਾਰਿਆਂ 'ਚ ਨੌਕਰੀਆਂ ਦਿੱਤੀਆਂ ਜਾਣ ਤਾਂ ਜੋ ਇਹ ਵੀ ਨਾ ਭਟਕ ਜਾਣ ।


**Sutton GROUP**

ਕਿਸੇ ਵੀ ਤਰ੍ਹਾਂ ਦੀ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ

**ਰਾਵਿੰਦਰ ਰਾਮਪੁਰੀ**

ਨੂੰ ਫ਼ੋਨ ਕਰੋ

- ਮੌਰਟਗੇਜ ਲੈਣ ਲਈ ਤੁਹਾਨੂੰ ਬੈਂਕ ਕੋਲ ਜਾਣ ਦੀ ਲੋੜ ਨਹੀਂ। ਮੌਰਟਗੇਜ ਦਾ ਬੰਦੋਬਸਤ ਮੌਕੇ ਉਤੇ ਹੀ ਕੀਤਾ ਜਾ ਸਕਦਾ ਹੈ ।

**435-9477**

**Thinking of Selling or Buying REAL ESTATE?**

**MARKET IS VERY ACTIVE**

REMEMBER:

- THE REAL ESTATE MARKET IS CHANGING
- DON'T UNDERSELL YOUR PROPERTY
- DON'T DELAY. CALL ME FIRST FOR A FREE "UP-TO-DATE" MARKET EVALUATION OF YOUR HOME.

**FOR ALL YOUR REAL ESTATE NEEDS**

CALL **RAV RAMPURI**

3010 BOUNDARY ROAD, BURNABY, B.C. V5M 4A1



RAV RAMPURI
**OFF. 435-9477**
**PAGER 686-1160**

**435-9477** sutton group - excel realty corp. AN INDEPENDENT MEMBER BROKER **435-9477**

## ਫ਼ੈਸ਼ਨ ਤੇ ਡੈਕੋਰੇਸ਼ਨ ਦੀ ਨਵੀਂ ਦੁਕਾਨ ਨੇ ਸਰੀ/ਡੈਲਟਾ ਵਿਚ ਧੁੰਮਾਂ ਪਾ ਦਿੱਤੀਆਂ



ਸਰੀ — ਪਿਛਲੇ ਦਿਨੀਂ ਫੈਸ਼ਨ ਤੇ ਡੈਕੋਰੇਸ਼ਨ ਵਾਲੀਆਂ ਚੀਜ਼ਾਂ ਦੀ ਨਵੀਂ ਦੁਕਾਨ ਸ੍ਰੀਮਤੀ ਗੁਰਪਾਲ ਕੌਰ ਬਾਘ੍ਹਾ ਤੇ ਸ੍ਰੀ ਜਸਪਾਲ ਸਿੰਘ ਬਾਘ੍ਹਾ ਨੇ ਜੇ. ਆਰ. ਫਰਨੀਚਰ ਵਾਲਿਆਂ ਦੇ ਸਾਹਮਣੇ (72 ਐਵੇਨੀਊ) ਖੋਲ੍ਹੀ ਹੈ। ਇਸ ਸਮੇਂ ਇਹ ਦੁਕਾਨ ਸਰੀ/ਡੈਲਟਾ ਇਲਾਕੇ ਵਿਚ ਚਰਚਾ ਬਣਨ ਦਾ ਮੁੱਖ ਕਾਰਨ ਪਹਿਲੀ ਨਜ਼ਰੇ ਹੀ ਇਹ ਦਿਸਦਾ ਹੈ ਕਿ ਜਿਥੇ ਇਸ ਦੁਕਾਨ ਵਿਚ ਵਰਾਇਟੀ ਦੀ ਭਰਮਾਰ ਹੈ, ਉਥੇ ਵਸਤਾਂ ਦੀਆਂ ਕੀਮਤਾਂ ਏਨੀਆਂ ਵਾਜਿਬ ਜਾਪਦੀਆਂ ਹਨ ਕਿ ਮੱਲੋਮੱਲੀ ਗਾਹਕ ਦਾ ਮਨ ਖਰੀਦਣ ਲਈ ਕਾਹਲਾ ਪੈਂਦਾ ਹੈ।

ਸਾਰਾ ਸਟੋਰ ਬਰਾਸ ਦੀਆਂ ਵੱਖ ਵੱਖ ਚੀਜ਼ਾਂ ਅਤੇ ਫੁੱਲਾਂ ਨਾਲ ਸਜਿਆ ਹੋਇਆ ਹੈ। ਬਰਾਸ ਦੀਆਂ ਵਸਤਾਂ ਦੀਆਂ ਕੀਮਤਾਂ ਏਨੀਆਂ ਵਾਜਿਬ ਦੇਖਕੇ ਗਾਹਕਾਂ ਦੇ ਮਨ ਨੂੰ ਖਿਚ ਪੈਂਦੀ ਹੈ। ਬਰਾਸ ਦੀਆਂ ਬਣੀਆਂ ਹਰ ਤਰ੍ਹਾਂ ਦੀਆਂ ਸਜਾਵਟ ਵਾਲੀਆਂ ਚੀਜ਼ਾਂ ਇਨ੍ਹਾਂ ਕੋਲ ਹਨ। ਘੜੀਆਂ ਦੀ ਵਰਾਇਟੀ ਬੇਹੱਦ ਹੈ ਟੈਲੀਫ਼ੋਨ ਏਨੀ ਵਧੀਆ ਕਿਸਮ ਦੇ ਹਨ ਜੋ ਤੁਹਾਨੂੰ ਬੀ. ਸੀ. ਟੈਲ ਦੇ ਦਫਤਰਾਂ ਵਿਚ ਵੀ ਦੇਖਣ ਨੂੰ ਨਹੀਂ ਮਿਲਦੇ। ਟੈਲੀਫੋਨ ਵਿਚ ਸਿਊ, ਕਾਰ, ਲਿਪਸਟਿਕ, ਕੇਲਾ, ਹੈਮਬਰਗਰ ਵਰਗੇ ਫੋਨ — ਗੱਲੀ ਕੀ ਟੈਲੀਫੋਨਾਂ ਦੀ ਵਰਾਇਟੀ ਦਾ ਅੰਦਾਜ਼ਾ ਕੇਵਲ ਦੇਖਿਆਂ ਹੀ ਲੱਗ ਸਕਦਾ ਹੈ।

ਤੋਹਫੇ ਦੇਣ ਲਈ ਵਸਤਾਂ ਦਾ ਏਨਾ ਵਰਾਇਟੀ ਵਾਲਾ ਭੰਡਾਰ ਤੁਹਾਨੂੰ ਘੱਟ ਹੀ ਨਜ਼ਰੀਂ ਆਵੇਗਾ। ਸ੍ਰੀਮਤੀ ਗੁਰਪਾਲ ਕੌਰ ਦਾ ਕਹਿਣਾ ਹੈ ਕਿ ਅਸੀਂ ਰੀਟੇਲ ਉਤੇ ਹੋਲਸੇਲ ਵਰਗੀਆਂ ਕੀਮਤਾਂ ਦੇ ਰਹੇ ਹਾਂ।

ਏਨੀਆਂ ਚੀਜ਼ਾਂ ਦੇ ਵਿਸਥਾਰ ਵਿਚ ਜਾਣਾ ਸੰਭਵ ਨਾ ਹੋਣ ਕਾਰਨ ਅਸੀਂ ਇਹ ਸਿਫਾਰਿਸ਼ ਕਰਦੇ ਹਾਂ ਕਿ ਇਕ ਵਾਰ ਹਰ ਪੰਜਾਬੀ ਨੂੰ ਇਹ ਸਟੋਰ ਦੇਖਣਾ ਹੀ ਬਣਦਾ ਹੈ ਤੇ ਕੁਆਲਿਟੀ ਤੇ ਕੀਮਤਾਂ ਦਾ ਅੰਦਾਜ਼ਾ ਤੁਸੀਂ ਆਪ ਹੀ ਲਾ ਲਵੋਗੇ। ਅਸੀਂ ਸ੍ਰੀਮਤੀ ਗੁਰਪਾਲ ਕੌਰ ਅਤੇ ਸ੍ਰੀ ਜਸਪਾਲ ਸਿੰਘ ਨੂੰ ਸਟੋਰ ਦੀ ਓਪਨਿੰਗ ਸੇਲ ਲਾਉਣ ਉਤੇ ਵਧਾਈ ਦਿੰਦੇ ਹਾਂ।

## ਬੰਗਲੌਰ ਵਿਚ ਕੌਮਾਂਤਰੀ 'ਸਪੇਸ' ਕਾਨਫਰੰਸ

ਬੰਗਲੌਰ — ਪਤਾ ਲੱਗਾ ਹੈ ਕਿ ਭਾਰਤ ਦੇ ਕਰਨਾਟਕ ਰਾਜ ਦੀ ਰਾਜਧਾਨੀ ਬੰਗਲੌਰ ਵਿਚ ਇਕ ਕੌਮਾਂਤਰੀ 'ਸਪੇਸ' ਕਾਨਫਰੰਸ ਚਲ ਰਹੀ ਹੈ। ਇਸ ਵਿਚ ਸੰਸਾਰ ਭਰ ਦੇ ਅੰਤਰਿਕਸ਼ ਵਿਗਿਆਨੀ ਹਿਸਾ ਲੈ ਰਹੇ ਹਨ। ਇਸ ਸਮੇਂ ਇਕ ਪਰਦਰਸ਼ਨੀ ਵੀ ਕੀਤੀ ਜਾ ਰਹੀ ਹੈ ਜਿਸ ਵਿਚ ਭਾਰਤ ਦੇ ਪੁਰਾਤਨ ਹਥਿਆਰ ਰੱਖੇ ਗਏ ਹਨ। ਇਨ੍ਹਾਂ ਵਿਚ ਉਹ ਰਾਕਟ ਵੀ ਹਨ ਜੋ ਟੀਪੂ ਸੁਲਤਾਨ ਨੇ ਅੰਗਰੇਜ਼ਾਂ ਵਿਰੁਧ ਲੜਾਈ ਸਮੇਂ ਵਰਤੇ ਸਨ। ਇਹ ਸੰਸਾਰ ਦੇ ਪਹਿਲੇ ਰਾਕਟ ਗਿਣੇ ਜਾਂਦੇ ਹਨ। ਇਸ ਸਮੇਂ ਇਕ ਇਟਾਲੀਅਨ ਵਿਗਿਆਨੀ ਨੇ ਕਿਹਾ ਹੈ ਕਿ ਭਾਰਤ ਦੇ ਪੁਰਾਣਾ ਵਿਚ ਜੋ ਅਗਨੀਬਾਣ ਅਤੇ ਹੋਰ ਹਥਿਆਰਾਂ ਦਾ ਜ਼ਿਕਰ ਹੈ ਉਹ ਸੱਚ ਜਾਪਦਾ ਹੈ। ਭਾਰਤ ਉਸ ਸਮੇਂ ਵਿਗਿਆਨ ਵਿਚ ਸੰਸਾਰ ਵਿਚ ਸਭ ਤੋਂ ਅਗੇ ਸੀ।

ਇਥੇ ਇਹ ਵੀ ਦੱਸਿਆ ਗਿਆ ਹੈ ਕਿ ਚੀਨ ਅੰਤਰਿਕਸ਼ ਵਿਚ ਭਾਰੀ ਤਰੱਕੀ ਕਰ ਗਿਆ ਹੈ ਅਗਲੇ ਸਾਲ ਉਹ ਆਪਣੇ ਰਾਕਟ ਦਾਗਣ ਵਾਲਾ ਹੈ।

## ਗੋਰਖਾਲੈਂਡੀਆਂ ਵਲੋਂ ਹਥਿਆਰ ਹਵਾਲੇ ਕਰਨਾ ਜਾਰੀ

ਦਾਰਜੀਲਿੰਗ — ਪਤਾ ਲੱਗਾ ਹੈ ਕਿ ਗੋਰਖਾਲੈਂਡੀਆਂ ਨੇ ਪਿਛੇ ਜਿਹੇ ਹੋਏ ਸਮਝੌਤੇ ਅਨੁਸਾਰ ਖੱਬੇ ਫਰੰਟ ਦੀ ਪੱਛਮੀ ਬੰਗਾਲ ਸਰਕਾਰ ਦੇ ਅਧਿਕਾਰੀਆਂ ਅੱਗੇ ਹਥਿਆਰ ਸੁਟਣੇ ਜਾਰੀ ਰੱਖੇ ਹੋਏ ਹਨ। ਪਤਾ ਲੱਗਾ ਹੈ ਕਿ ਹੁਣ ਤੱਕ ਢਾਈ ਹਜ਼ਾਰ ਤੋਂ ਵੱਧ ਗੋਰਖਾਲੈਂਡੀ ਹਥਿਆਰ ਸੁੱਟ ਚੁੱਕੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਕੁਝ ਦਿਨ ਹੋਏ ਜਦੋਂ ਗੋਰਖਾਲੈਂਡੀ ਹਥਿਆਰ ਹਵਾਲੇ ਕਰਵਾ ਰਹੇ ਸਨ ਤਾਂ ਕੁਝ ਗਰਮਦਲੀਆਂ ਨੇ ਸੀ ਪੀ ਆਈ (ਮ) ਦੇ ਵਰਕਰਾਂ ਉਪਰ ਹਮਲਾ ਕਰਕੇ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ।

## ਰਾਜੀਵ ਗਾਂਧੀ ਦੀ ਵੱਡੀ ਹਾਰ ਹੱਤਕ ਇਜ਼ਤ ਬਿਲ ਵਾਪਸ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਆਪਣੇ ਸਾਢੇ ਤਿੰਨ ਸਾਲਾਂ ਦੇ ਰਾਜ ਵਿਚ ਸਭ ਤੋਂ ਵੱਡੀ ਹਾਰ ਦਾ ਮੂੰਹ ਦੇਖਣਾ ਪਿਆ ਜਦੋਂ ਉਹਨਾਂ ਨੇ ਦੇਸ਼ ਵਿਚ ਉਠੇ ਵਿਰੋਧੀ ਤੂਫਾਨ ਨੂੰ ਦੇਖ ਕੇ ਹੱਤਕ ਇਜ਼ਤ ਬਿਲ ਬਿਨਾਂ ਸ਼ਰਤ ਵਾਪਸ ਲੈਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਬਿਲ ਭਾਵੇਂ ਲੋਕ ਸਭਾ ਪਾਸ ਕਰ ਚੁਕੀ ਹੈ ਪਰ ਹੁਣ ਸਰਕਾਰ ਨੇ ਇਸ ਨੂੰ ਅੱਗੇ ਨਾ ਤੋਰਨ ਅਤੇ ਇਥੇ ਹੀ ਠੱਪ ਕਰਨ ਦਾ ਫੈਸਲਾ ਕੀਤਾ ਹੈ। ਇਸ ਮਸਲੇ ਉਤੇ ਵਿਆਪਕ ਤੇ ਪੂਰੀ ਬਹਿਸ ਹੋਣੀ ਚਾਹੀਦੀ ਹੈ ਅਤੇ ਅਜੇਹੀ ਬਹਿਸ ਨੂੰ ਅੱਗੇ ਵਧਾਉਣ ਲਈ ਤੇ ਆਪਣੀ ਵਿਰਾਸਤ ਤੇ ਰਵਾਇਤ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਹੱਤਕ ਇਜ਼ਤ ਬਿਲ 1988 ਨੂੰ ਕਾਨੂੰਨ ਦੀ ਸ਼ਕਲ ਨਾ ਦੇਣ ਦਾ ਨਿਰਣਾ ਕੀਤਾ ਹੈ।

ਸਾਰੀਆਂ ਅਪੋਜ਼ੀਸ਼ਨ ਪਾਰਟੀਆਂ ਨੇ ਰਾਜੀਵ ਗਾਂਧੀ ਦੇ ਇਸ ਫੈਸਲੇ ਦਾ ਸਵਾਗਤ ਕੀਤਾ। ਕਮਿਊਨਿਸਟ ਨੇਤਾਵਾਂ ਨੇ ਕਿਹਾ ਕਿ ਇਹ ਦੇਸ਼ ਦੀ ਜਮਹੂਰੀ ਲਹਿਰ ਦੀ ਜਿੱਤ ਹੈ। ਸਾਬਕ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਕਿਹਾ ਕਿ ਸਰਕਾਰ ਨੇ ਇਹ ਇਕ ਚੰਗਾ ਕੰਮ ਕੀਤਾ ਹੈ। ਮੈਂ ਪਹਿਲਾਂ ਹੀ ਕਿਹਾ ਸੀ ਕਿ ਇਹ ਬਿਲ ਲਿਆਉਣਾ ਗਲਤ ਹੈ। ਜਨਮੋਰਚੇ ਤੇ ਦੇ ਨੇਤਾ ਵੀ ਪੀ ਸਿੰਘ ਨੇ ਕਿਹਾ ਕਿ ਬਿਲ ਵਾਪਸ ਲੈਣ ਦਾ ਸਪਸ਼ਟ ਮਤਲਬ ਹੈ ਕਿ ਲੋਕਾਂ ਦਾ ਦਬਾ ਕੁਝ ਵੀ ਕਰਵਾ ਸਕਦਾ ਹੈ। ਇਹ ਪ੍ਰੈਸ ਤੇ ਜਨਤਾ ਦੀ ਜਿੱਤ ਹੈ। ਉਹਨਾਂ ਕਿਹਾ ਕਿ ਤਾਨਾਸ਼ਾਹ ਸਰਕਾਰ ਨੂੰ ਗੱਦੀ ਤੋਂ ਲਾਹੁਣ ਦਾ ਘੋਲ ਜਾਰੀ ਰਹੇਗਾ। ਮਧੂ ਦੰਡਵਤੇ ਨੇ ਕਿਹਾ ਕਿ ਇਹ ਜਨਤਾ ਦੀਆਂ ਜਮਹੂਰੀ ਇਛਾਵਾਂ ਦੀ ਜਿੱਤ ਹੈ।

### ਰੁੱਖ ਬਦਲਿਆ ਕਿਵੇਂ

ਜਾਣਕਾਰ ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਨੇ 21 ਸਤੰਬਰ ਨੂੰ ਜਦੋਂ ਉਹ ਪੰਜਾਬ ਦੇ ਦੌਰੇ ਤੋਂ ਵਾਪਸ ਦਿੱਲੀ ਪਹੁੰਚੇ ਸਨ ਉਹਨਾਂ ਨੇ ਸੀਨੀਅਰ ਮੰਤਰੀਆਂ ਦੀ ਵਿਸ਼ੇਸ਼ ਮੀਟਿੰਗ ਸੱਦੀ ਤੇ ਬਿਲ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ। ਉਹਨਾਂ ਐਲਾਨ ਕੀਤਾ ਕਿ ਪ੍ਰੈਸ ਦੀ ਆਜ਼ਾਦੀ ਸਾਡੇ ਲੋਕ ਤੰਤਰ ਦਾ ਅੰਗ ਹੈ। ਅਸੀਂ ਲੋਕਾਂ ਦੀ ਰਾਏ ਦੀ ਕਦਰ ਕੀਤੀ ਹੈ ਤਾਂ ਹੀ ਬਿਲ ਵਾਪਸ ਲਿਆ ਹੈ। ਪਰ ਜੇ ਲੋੜ ਪਈ ਤਾਂ ਸਰਕਾਰ ਅਜੇਹੇ ਕਦਮਾਂ ਬਾਰੇ ਬਹਿਸ ਲਈ ਢੁਕਵਾਂ ਮੰਚ ਤਿਆਰ ਕਰੇਗੀ ਅਤੇ ਕਿਸੇ ਵੀ ਅਜੇਹੇ ਕਦਮ ਲਈ ਕੌਮੀ ਸਹਿਮਤੀ ਲਈ ਜਾਏਗੀ।

## ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ ਡਿਨਰ ਅਤੇ ਡਾਂਸ

ਵੈਨਕੂਵਰ — ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ 4 ਨਵੰਬਰ, 1988 ਨੂੰ ਸਕਾਟਿਸ਼ ਕਲਚਰਲ ਸੈਂਟਰ, 8886 ਹਡਸਨ ਸਟਰੀਟ, ਵੈਨਕੂਵਰ ਵਿਚ ਡਿਨਰ ਅਤੇ ਡਾਂਸ ਦਾ ਪ੍ਰੋਗਰਾਮ ਹੋ ਰਿਹਾ ਹੈ ਜਿਸ ਵਿਚ ਕੈਲੇਫੋਰਨੀਆਂ ਤੋਂ ਡਾ: ਮੇਰੀਅਨ ਮੋਜਜ਼ ਤੇ ਬੀ ਸੀ ਫੈਡਰੇਸ਼ਨ ਆਫ ਲੇਬਰ ਦੇ ਸਕੱਤਰ-ਖਜ਼ਾਨਚੀ ਕਲਿਫ ਐਂਡਸਟੀਨ ਮੁੱਖ ਬੁਲਾਰਿਆਂ ਨਾਲ ਸਰਵਣ ਬੋਲ ਪ੍ਰਧਾਨ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵੀ ਭਾਸ਼ਨ ਦੇਣਗੇ। ਭਾਰਤੀ ਖਾਣਾ, ਪੰਜਾਬੀ ਗੀਤ, ਭੰਗੜਾ ਤੇ ਜਿੰਜਰ ਗਰੁੱਪ ਵਲੋਂ ਡਾਂਸ ਹੋਵੇਗਾ। ਬੱਚਿਆਂ ਨੂੰ ਸੰਭਾਲਣ ਦਾ ਪ੍ਰਬੰਧ ਹੋਵੇਗਾ।

ਟਿਕਟ ਦੀ ਕੀਮਤ ਰੁਜ਼ਗਾਰ ਕਰਨ ਵਾਲਿਆਂ ਲਈ 15 ਡਾਲਰ ਹੈ ਅਤੇ ਬਾਕੀਆਂ ਲਈ 8 ਡਾਲਰ। ਟਿਕਟਾਂ ਅਤੇ ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ**

430-6055

## ਸਰੀ ਮਿਉਂਸਪਲ ਇਲੈਕਟਰਜ਼ ਨੇ ਆਪਣਾ ਦ.ਫਤਰ ਖੋਲ੍ਹਿਆ

ਸਰੀ — ਮਿਉਂਸਪਲ ਚੋਣਾਂ ਵਿਚ ਹਿਸਾ ਲੈਣ ਲਈ ਸਰੀ ਕੌਂਸਲ ਵਿਚ ਕਾਬਜ਼ ਗਰੁੱਪ ਸਰੀ ਮਿਉਂਸਪਲ ਇਲੈਕਟਰਜ਼ ਨੇ ਅਕਤੂਬਰ 8, 1988 ਨੂੰ ਆਪਣਾ ਦਫਤਰ ਕਿੰਗ ਜਾਰਜ ਹਾਈਵੇ ਉਤੇ ਖੋਲ੍ਹਿਆ। ਸਾਬਕਾ ਮੇਅਰ ਡੌਨ ਰੌਸ ਨੇ ਤਿੰਨ ਕੰਪੇਨ ਮੈਨੇਜਰ ਨਿਯੁਕਤ ਕੀਤੇ ਅਤੇ ਉਨ੍ਹਾਂ ਨੂੰ ਦਫਤਰ ਦੀਆਂ ਚਾਬੀਆਂ ਸੰਭਾਲੀਆਂ। ਕੰਪੇਨ ਮੈਨੇਜਰ ਜੈਕ ਵ੍ਹਿਟੇਕਰ, ਮਾਰਕ ਬੈਟਰਿਜ ਤੇ ਬਿੱਲ ਫੋਮਿਚ ਨੀਯਤ ਕੀਤੇ ਗਏ।

ਸਾਬਕਾ ਮੇਅਰ ਅਤੇ ਲਿਬਰਲ ਪਾਰਟੀ ਦੇ ਨਾਰਥ ਸਰੀ ਤੋਂ ਪਾਰਲੀਮੈਂਟ ਲਈ ਉਮੀਦਵਾਰ ਡੌਨ ਰੌਸ ਨੇ ਕਿਹਾ ਕਿ '1988 ਦੀਆਂ ਮਿਉਂਸਪਲ ਚੋਣਾਂ ਇਸ ਲਈ ਵੱਧ ਅਹਿਮੀਅਤ ਰੱਖਦੀਆਂ ਹਨ ਕਿਉਂਕਿ ਸਰੀ ਦੀ ਕਮਿਊਨਿਟੀ ਲਗਾਤਾਰ ਵਾਧੇ ਵੱਲ ਜਾ ਰਹੀ ਹੈ। ਇਹ ਜ਼ਰੂਰੀ ਹੈ ਕਿ ਐਸ ਐਮ ਈ ਸਿਆਸੀ ਉਥਲ-ਪੁਥਲ ਤੋਂ ਵੱਖ ਰਹਿ ਕੇ ਲੋਕਾਂ ਲਈ ਕੰਮ ਕਰੇ।' ਉਨ੍ਹਾਂ ਕਿਹਾ ਕਿ ਉਹ ਐਸ ਐਮ ਈ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਇਸ ਲਈ ਦੇ ਰਹੇ ਹਨ ਕਿਉਂਕਿ ਉਹ ਲਿਬਰਲ ਪਾਰਟੀ ਦੇ ਨਾਰਥ ਸਰੀ ਤੋਂ ਪਾਰਲੀਮੈਂਟ ਲਈ ਉਮੀਦਵਾਰ ਬਣ ਗਏ ਹਨ। ਉਨ੍ਹਾਂ ਕਿਹਾ ਕਿ ਸਰੀ ਦੀ ਕੌਂਸਲ ਨੂੰ ਸਿਆਸਤ ਤੋਂ ਪਰ੍ਹੇ ਰੱਖਿਆ ਜਾਣਾ ਜ਼ਰੂਰੀ ਹੈ। ਅਗਲੇ ਵਰ੍ਹੇ ਲਈ ਪ੍ਰਧਾਨ ਜੈਕ ਵਿਟ੍ਹੇਕਰ ਰਹਿਣਗੇ ਜੋ ਪਹਿਲਾਂ ਸੀਨੀਅਰ ਮੀਤ-ਪ੍ਰਧਾਨ ਸਨ।

ਐਲਡਰਮੈਨ ਲਈ ਚਾਰ ਉਮੀਦਵਾਰ ਜੈਰੀ ਹਿਊਟ, ਕੈਰਲ ਕਰ, ਐਸ. ਕੂਨਰ ਅਤੇ ਗੈਰੀ ਵਾਟਕਿਨਜ਼ ਹਨ ਜਦ ਕਿ ਸਕੂਲ ਟਰੱਸਟੀਆਂ ਲਈ ਡੋਰੀਨ ਬੀਨਰ, ਕੈਨ ਬੂਥ, ਜੋਸਫ ਬਰਾਊਨ ਅਤੇ ਲੈਰੀ ਮੈਕਨੈਲੀ ਹਨ।

## ਅਤਿਵਾਦੀਆਂ ਨਾਲ ਨਜਿਠਣ ਲਈ ਨਵੀਂ ਸੁਰੱਖਿਆ ਨੀਤੀ

### ਪੰਜਾਬ ਦੇ ਆਈ. ਜੀ. ਕੇ. ਪੀ. ਸਿੰਘ ਗਿੱਲ ਦਾ ਬਿਆਨ

ਅੰਮ੍ਰਿਤਸਰ — ਪੰਜਾਬ ਦੇ ਪੁਲਸ ਚੀਫ ਸ੍ਰੀ ਕੇ ਪੀ ਸਿੰਘ ਗਿੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੰਜਾਬ ਵਿਚ ਅਤਿਵਾਦੀਆਂ ਨਾਲ ਨਜਿਠਣ ਲਈ ਇਕ ਨਵੀਂ ਨੀਤੀ ਬਣਾਈ ਹੈ। ਉਨ੍ਹਾਂ ਨੇ ਕਿਹਾ ਹੈ ਕਿ ਭਾਵੇਂ ਕਾਫੀ ਵੱਡੀ ਗਿਣਤੀ ਵਿਚ ਅਤਿਵਾਦੀ ਮਾਰੇ ਗਏ, ਪਕੜੇ ਗਏ ਅਤੇ ਉਨ੍ਹਾਂ ਦੇ ਹਥਿਆਰ ਫੜੇ ਗਏ ਹਨ ਪਰ ਹਾਲੇ ਵੀ ਕੁਝ ਗਰੁੱਪ ਸਰਗਰਮ ਹਨ।

ਸ੍ਰੀ ਗਿੱਲ ਨੇ ਕਿਹਾ ਹੈ ਭਿੰਡਰਾਂਵਾਲਾ ਟਾਈਗਰ ਫੋਰਸ ਦਾ ਲੀਡਰ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਅੱਜ ਕੱਲ੍ਹ ਤਰਨਤਾਰਨ ਭਿਖੀਵਿੰਗ ਦੇ ਇਲਾਕੇ ਵਿਚ ਸਰਗਰਮ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਬਬਰ ਖਾਲਸਾ ਦੇ ਬਹੁਤ ਸਾਰੇ ਖਤਰਨਾਕ ਅਤਿਵਾਦੀ ਮਾਰੇ ਜਾ ਚੁੱਕੇ ਹਨ ਪਰ ਫਿਰ ਵੀ ਹਾਲੇ ਉਨ੍ਹਾਂ ਦੇ ਕਈ ਛੋਟੇ ਗਰੁੱਪ ਕਦੇ ਕਿਤੇ, ਕਦੇ ਕਿਤੇ ਬੇਗੁਨਾਹ ਲੋਕਾਂ ਦਾ ਕਤਲ ਕਰ ਜਾਂਦੇ ਹਨ।

ਸ੍ਰੀ ਗਿੱਲ ਨੇ ਕਿਹਾ ਹੈ ਕਿ ਪੰਜਾਬ ਵਿਚ ਅਤਿਵਾਦੀਆਂ ਦੀ ਮਾਰਧਾੜ ਕਦੇ ਵੱਧ ਕਦੇ ਘੱਟ ਹੋ ਜਾਂਦੀ ਹੈ। ਉਨ੍ਹਾਂ ਵਿਸ਼ਵਾਸ਼ ਪ੍ਰਗਟ ਕੀਤਾ ਹੈ ਕਿ ਉਹ ਪੰਜਾਬ ਦੇ ਲੋਕਾਂ ਦੇ ਸਹਿਯੋਗ ਨਾਲ ਅਤਿਵਾਦੀਆਂ ਨੂੰ ਕਾਬੂ ਕਰਨ ਵਿਚ ਸਫਲ ਹੋ ਜਾਣਗੇ।

## ਫੈਡਰਲ ਚੋਣਾਂ ਦਾ ਮੁੱਖ ਮੁੱਦਾ ਫਰੀ ਟਰੇਡ ਹੈ — ਕਲਿਫ਼ ਬਲੇਅਰ



ਸਰੀ — ਨਾਰਥ ਸਰੀ ਵਿਚ ਫੈਡਰਲ ਚੋਣਾਂ ਲਈ ਇਸ ਸਮੇਂ ਤਿੰਨ ਉਮੀਦਵਾਰ ਹਨ — ਲਿਬਰਲ ਪਾਰਟੀ ਵਲੋਂ ਸਾਬਕਾ ਮੇਅਰ ਡੌਨ ਰੌਸ, ਐਨ. ਡੀ. ਪੀ. ਵਲੋਂ ਜਿਮ ਕਾਰਪੌਫ਼ ਅਤੇ ਪ੍ਰੋਗਰੈਸਿਵ ਕਨਜ਼ਰਵੇਟਿਵ ਵਲੋਂ ਰੀਅਲ ਇਸਟੇਟ ਵਿਚ ਕੰਮ ਕਰਦੇ ਮਿ: ਕਲਿਫ਼ ਬਲੇਅਰ ਹਨ। 'ਕੈਨੇਡਾ ਦਰਪਣ' ਨਾਲ ਇਕ ਭੇਂਟ ਸਮੇਂ ਮਿ: ਕਲਿਫ਼ ਬਲੇਅਰ ਨੇ ਕਿਹਾ ਕਿ ਫੈਡਰਲ ਚੋਣਾਂ ਵਿਚ ਮੁੱਖ ਮੁੱਦਾ ਫਰੀ ਟਰੇਡ ਹੈ। ਉਨ੍ਹਾਂ ਅਨੁਸਾਰ 'ਕੈਨੇਡਾ ਵਰਗੇ ਥੋੜੀ ਆਬਾਦੀ ਵਾਲੇ ਦੇਸ਼ ਲਈ ਅਮਰੀਕਾ ਨਾਲ ਵਪਾਰ ਵਧੇਰੇ ਲਾਹੇਵੰਦਾ ਹੋਵੇਗਾ।'

ਉਨ੍ਹਾਂ ਅਨੁਸਾਰ 'ਮੀਚ ਲੇਕ ਸਮਝੌਤਾ' ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਜ਼ਾਮਨ ਹੈ — ਇਸ ਲਈ ਇਹ ਬਹੁਤਾ ਉਭਰਵਾਂ ਮੁੱਦਾ ਨਹੀਂ ਹੈ। ਗਰਭ-ਪਾਤ ਦੇ ਮਸਲੇ ਉਤੇ ਮਿ: ਬਲੇਅਰ ਦਾ ਵਿਚਾਰ ਹੈ ਕਿ ਉਹ ਜੀਵਨ ਦੇ ਹੱਕ ਵਿਚ ਹਨ — ਇਸ ਲਈ ਗਰਭ-ਪਾਤ ਦੇ ਮਸਲੇ ਉਤੇ ਅਜਿਹਾ ਬਿੱਲ ਲਿਆਂਦਾ ਜਾਣਾ ਚਾਹੀਦਾ ਹੈ ਜਿਸ ਨਾਲ ਬਿਨਾਂ ਕਾਰਨ ਔਰਤ ਨੂੰ ਗਰਭ-ਪਾਤ ਕਰਵਾਉਣ ਦਾ ਹੱਕ ਨਹੀਂ ਦਿੱਤਾ ਜਾਣਾ ਚਾਹੀਦਾ। ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਅਸਲ ਵਿਚ ਗਰਭ-ਪਾਤਾਂ ਲਈ ਡਾਕਟਰ ਜ਼ਿਮੇਂਵਾਰ ਹਨ ਨਾ ਕਿ ਔਰਤਾਂ।

ਸਰਕਾਰੀ ਅਦਾਰਿਆਂ ਨੂੰ ਪ੍ਰਾਈਵੇਟ ਹੱਥਾਂ ਵਿਚ ਦਿੱਤੇ ਜਾਣ ਬਾਰੇ ਮਿ: ਬਲੇਅਰ ਬਹੁਤੇ ਸੱਪਸ਼ਟ ਨਹੀਂ ਸਨ ਜਿਸ ਤੋਂ ਪ੍ਰਭਾਵ ਇਹ ਪੈਂਦਾ ਸੀ ਕਿ ਉਹ ਸਰਕਾਰੀ ਅਦਾਰਿਆਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਬਾਰੇ ਅਜੇ ਆਪਣਾ ਮਨ ਖੁਲ੍ਹ ਕੇ ਨਹੀਂ ਪ੍ਰਗਟਾਉਣਾ ਚਾਹੁੰਦੇ।

ਮਿ: ਬਲੇਅਰ ਨੇ ਕਿਹਾ ਕਿ ਇੰਡੋ-ਕੈਨੇਡੀਅਨ ਕਮਿਊਨਿਟੀ ਸਰੀ ਵਿਚ ਲਗਪਗ ਪੰਜਵਾਂ ਹਿਸਾ ਹੈ ਅਤੇ ਉਹ ਚਾਹੁੰਦੇ ਹਨ ਕਿ ਕਮਿਊਨਿਟੀ ਪੂਰੀ ਤਰ੍ਹਾਂ ਕੈਨੇਡੀਅਨ ਮਾਮਲਿਆਂ ਵਿਚ ਹਿਸਾ ਲਵੇ। ਉਨ੍ਹਾਂ ਕਿਹਾ ਕਿ ਮਲਟੀਕਲਚਰਲ ਮਹਿਕਮੇ ਨੂੰ ਹੋਰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ।

(ਅਸੀਂ ਅਗਲੇ ਅੰਕਾਂ ਵਿਚ ਦੂਜੇ ਉਮੀਦਵਾਰਾਂ ਦੇ ਵਿਚਾਰ ਵੀ ਛਾਪਾਂਗੇ — ਸੰਪਾਦਕੀ ਮੰਡਲ)

ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

CONTACT:

**NARESH SHUKLA & BROS.**

■ BUYING ■ SELLING

Free Evaluation For Your Property
Call any time
Without any obligation



Malkit Dhami M.A. (Eco.)

Ph. Bus: 736-3831 Res: 434-8548
Pager 687-1985 #2229

**United Realty Ltd.**

3879 Oak Street, Vancouver, B.C. V6H 2M6

ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

London From $548.00 Toronto From $299.00



*AUTHORIZED AGENTS FOR:*

AIR CANADA
BRITISH AIRWAYS
CATHAY PACIFIC
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES

ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

Prices are subject to change without notice

**BAINS TRAVEL SERVICE**

6364 Fraser Street,
Vancouver, B.C.
Ph. 324-2277

935 Marine Drive
Capilano Mall!,
N. Vancouver

1710 Douglas St.
Victoria, B.C.
Ph. 386-6363


# ਭਾਰਤ ਕੈਨੇਡਾ 'ਚ ਵਪਾਰ ਦੂਗਣਾ ਹੋਵੇਗਾ

ਨਿਊਯਾਰਕ — ਭਾਰਤੀ ਅਤੇ ਕੈਨੇਡਿਆਈ ਵਪਾਰੀਆਂ ਨੇ 1990 ਤੱਕ ਆਪਣਾ ਵਪਾਰ ਇਕ ਅਰਬ ਡਾਲਰ ਤੱਕ ਦੂਗਣਾ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਵਪਾਰ ਦਾ ਅਸੰਤੁਲਨ ਵੀ ਹਟਾਇਆ ਜਾਵੇਗਾ ਜੋ ਕਿ ਇਸ ਵੇਲੇ ਕੈਨੇਡਾ ਵੱਲ ਨੂੰ ਜ਼ਿਆਦਾ ਹੈ। ਇਹ ਜਾਣਕਾਰੀ ਇਥੇ ਆਏ ਭਾਰਤੀ ਵਫਦ ਨੇ ਦਿੱਤੀ। ਇੰਡੀਅਨ ਚੈਂਬਰ ਆਫ ਕਾਮਰਸ ਫੈਡਰੇਸ਼ਨ ਦੇ ਮੀਤ ਪ੍ਰਧਾਨ ਰੌਣਕ ਸਿੰਘ ਨੇ ਟੈਲੀਫੋਨ ਤੇ ਇਕ ਮੁਲਾਕਾਤ ਵਿਚ ਦੱਸਿਆ ਕਿ ਸਾਡਾ ਦੌਰਾ ਬੜਾ ਸਫਲ ਰਿਹਾ ਹੈ।" ਉਹਨਾਂ ਦੱਸਿਆ ਕਿ ਕਈ ਸਾਲਾਂ ਤੋਂ ਭਾਰਤ ਦੇ ਕੈਨੇਡਾ ਵਿਚਕਾਰ ਵਪਾਰ ਚਲ ਰਿਹਾ ਸੀ ਜਿਸ ਦਾ ਜ਼ਿਆਦਾ ਲਾਭ ਕੈਨੇਡਾ ਨੂੰ ਹੁੰਦਾ ਸੀ। ਇਸ ਨਾਲ ਭਾਰਤ-ਕੈਨੇਡਾ ਜਾਇੰਟ ਬਿਜ਼ਨਿਸ ਕੌਂਸਲ ਨੂੰ ਕਾਫੀ ਚਿੰਤਾ ਸੀ। ਉਹਨਾਂ ਕਿਹਾ ਕਿ ਹੁਣ ਅਸਾਂ ਵਪਾਰਕ ਅਸਤੁੰਲਨ ਖਤਮ ਕਰਨ ਅਤੇ ਵਪਾਰ ਦੂਗਣਾ ਕਰਨ ਤੇ ਸਹਿਮਤੀ ਪ੍ਰਗਟ ਕਰ ਦਿੱਤੀ ਹੈ। ਉਹਨਾਂ ਕਿਹਾ ਕਿ ਇਹ ਸਮਝੌਤਾ ਪਿਛਲੇ ਹਫਤੇ ਹੀ ਹੋ ਗਿਆ ਸੀ ਕਿ 1990 ਤੱਕ ਵਪਾਰ ਦੂਗਣਾ ਕਰ ਲਿਆ ਜਾਵੇ।

# ਪਤਾ ਨਹੀਂ ਕਿਸ ਵੇਲੇ ਕਿਸ ਦੀ ਵਾਰੀ ਆ ਜਾਏ

## ਹਿੱਤ ਅਭਿਲਾਸ਼ੀ ਦੇ ਸ਼ਬਦ

ਲੁਧਿਆਣਾ — ਅਤਿਵਾਦੀ ਕਤਲ ਕਰਨ ਲੱਗਿਆਂ ਹਿੰਦੂ-ਸਿੱਖ ਬੇਗੁਨਾਹ, ਮਾਸੂਮ ਬੱਚਿਆਂ ਤੇ ਔਰਤਾਂ ਕਿਸੇ ਦਾ ਲਿਹਾਜ਼ ਨਹੀਂ ਕਰਦੇ ਪਰ ਜਦੋਂ ਉਹ ਕਿਸੇ ਸਿਆਸੀ ਲੀਡਰ ਦਾ ਕਤਲ ਕਰਦੇ ਹਨ ਤਾਂ ਉਹਨਾਂ ਦੇ ਜ਼ੁਲਮ ਦੀ ਨਿਖੇਧੀ ਦੇਸ਼ ਦੀ ਹਰ ਨੁਕਰ ਵਿਚ ਤੁਰੰਤ ਹੀ ਹੋਣੀ ਸ਼ੁਰੂ ਹੋ ਜਾਂਦੀ ਹੈ। ਭਾਰਤੀ ਜਨਤਾ ਪਾਰਟੀ ਦੇ ਲੀਡਰ ਮਿ. ਹਿਤ ਅਭਿਲਾਸ਼ੀ ਨੇ ਵੀ ਅਜੇਹੇ ਹੀ ਸ਼ਬਦ ਪੰਜਾਬ ਅਤੇ ਦਿੱਲੀ ਦੇ ਕਈ ਸਥਾਨਾਂ ਉਤੇ ਤਕਰੀਰਾਂ ਕਰਦਿਆਂ ਕਹੇ ਸਨ।

ਉਹਨਾਂ ਦੇ ਅਤਿਵਾਦੀਆਂ ਹੱਥੋਂ ਕਤਲ ਹੋਣ ਦੇ ਦੋ ਦਿਨ ਪਹਿਲਾਂ ਉਹਨਾਂ ਕਿਹਾ ਸੀ, "ਪਤਾ ਨਹੀਂ ਕਿਸ ਸਮੇਂ ਕਿਸ ਦੀ ਵਾਰੀ ਆ ਜਾਵੇ, ਪਰ ਇਸ ਦਾ ਮਤਲਬ ਇਹ ਨਹੀਂ ਕਿ ਦੇਸ਼ ਵਾਸੀ ਅਤਿਵਾਦ ਦਾ ਮੁਕਾਬਲਾ ਕਰਨਾ ਬੰਦ ਕਰ ਦੇਣ।" ਹਿਤ ਅਭਿਲਾਸ਼ੀ ਨੇ ਕਿਹਾ ਸੀ ਕਿ ਹਰ ਭਾਰਤੀ ਦਾ ਫਰਜ਼ ਹੈ ਕਿ ਉਹ ਅਤਿਵਾਦ ਦਾ ਵਿਰੋਧ ਕਰੇ ਕਿਉਂਕਿ ਇਹ ਲੋਕ ਦੇਸ਼ ਨੂੰ ਵੰਡਣਾ ਚਾਹੁੰਦੇ ਹਨ।

# ਕੈਨੇਡੀਅਨ ਰੈੱਡ ਕਰਾਸ ਸੁਸਾਇਟੀ ਵਲੋਂ ਬੰਗਲਾਦੇਸ਼ ਦੇ ਲੋਕਾਂ ਲਈ ਮੱਦਦ ਦੀ ਮੰਗ

ਵੈਨਕੂਵਰ — ਕੈਨੇਡੀਅਨ ਰੈਡ ਕਰਾਸ ਸੁਸਾਇਟੀ ਨੇ ਸਾਰੇ ਕੈਨੇਡੀਅਨ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਬੰਗਲਾਦੇਸ਼ ਵਿਚ ਹੜ੍ਹਾਂ ਨਾਲ ਹੋਈ ਤਬਾਹੀ ਕਾਰਨ ਲੱਖਾਂ ਲੋਕਾਂ ਨੂੰ ਸਹਾਇਤਾ ਦੀ ਲੋੜ ਹੈ। ਲੱਖਾਂ ਲੋਕ ਬੇਘਰ ਹੋ ਗਏ ਹਨ ਅਤੇ ਭੁੱਖ-ਮਰੀ ਦਾ ਸ਼ਿਕਾਰ ਹਨ। ਹੈਜ਼ੇ ਅਤੇ ਟਾਈਫ਼ਾਈਡ ਕਾਰਨ ਹਜ਼ਾਰਾਂ ਲੋਕਾਂ ਦੀ ਜਾਨ ਨੂੰ ਖਤਰਾ ਪੈਦਾ ਹੋ ਗਿਆ ਹੈ।

ਇਸ ਵੇਲੇ ਇੰਟਰਨੈਸ਼ਨਲ ਰੈਡ ਕਰਾਸ ਵਲੋਂ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਨੂੰ ਕਿਸ਼ਤੀਆਂ ਰਾਹੀਂ 3,000 ਵਲੰਟੀਅਰਾਂ ਵਲੋਂ ਸਹਾਇਤਾ ਪੁਚਾਈ ਜਾ ਰਹੀ ਹੈ। ਹੜ੍ਹਾਂ ਕਾਰਨ ਚਾਰ ਕਰੋੜ ਤੋਂ ਉਪਰ ਲੋਕਾਂ ਉਪਰ ਮਾਰੂ ਅਸਰ ਪਿਆਰ ਹੈ।

ਰੈਡ ਕਰਾਸ ਦੀ ਅਪੀਲ ਉਤੇ ਹੁਣ ਤੱਕ 30 ਲੱਖ ਡਾਲਰ ਇਕੱਠੇ ਹੋਏ ਹਨ ਜਦਕਿ ਟੀਚਾ 80 ਲੱਖ ਡਾਲਰ ਦਾ ਹੈ ਤਾਂਕਿ ਸਾਰੇ ਲੋਕਾਂ ਨੂੰ ਸਹਾਇਤਾ ਪੁਚਾਈ ਜਾ ਸਕੇ।

ਸਹਾਇਤਾ ਇਸ ਪਤੇ ਉਤੇ ਭੇਜੀ ਜਾ ਸਕਦੀ ਹੈ:

Canadian Red Cross Society
4750 Oak Street,
Vancouver, B.C. V6H 2N9

ਹੋਰ ਜਾਣਕਾਰੀ ਲਈ ਫ਼ੋਨ ਕਰੋ:

ਸੁਜ਼ਨ ਸੁਕਸ 879-7551 ਜਾਂ 946-7188




ਜਸਬੀਰ ਕੌਰ ਨਰਵਾਲ
B.A. (U.B.C.) A.I.B. I & II

Autoplan

PROTECT YOURSELF WITH

SOLD INSURANCE PROTECTION

- ਘਰਾਂ ਦੀ ਇਨਸ਼ੋਰੈਂਸ
- ਬਿਜ਼ਨਿਸ ਦੀ ਇਨਸ਼ੋਰੈਂਸ
- ਕਮਰਸ਼ੀਅਲ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਲਾਈਫ ਇਨਸ਼ੋਰੈਂਸ
- ਐਕਸੀਡੈਂਟ ਤੇ ਸਿਕਨਸ
- ਕਾਰਾਂ, ਟਰੱਕਾਂ ਤੇ ਵੈਨਾਂ ਆਦਿ ਦੀ ਇਨਸ਼ੋਰੈਂਸ

ਨਰਵਾਲ ਇਨਸ਼ੋਰੈਂਸ ਸਰਵਿਸਿਜ਼ ਲਿ:
MURRICK INSURANCE SERVICES LTD.



ਪ੍ਰਿਤਪਾਲ ਸਿੰਘ ਨਰਵਾਲ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ
ਸਾਬਕਾ ਐਡਵੋਕੇਟ ਤੇ ਓਥ.ਕਮਿਸ਼ਨਰ

ਹੇਠ ਲਿਖੇ ਕੰਮ ਤਸੱਲੀਬਖਸ਼ ਕੀਤੇ ਜਾਂਦੇ ਹਨ:

- ਘਰ ਵੇਚਣ ਤੇ ਖ਼ੀਦਣ ਦੇ ਕਾਗਜ਼ ਤਿਆਰ ਕਰਨੇ
- ਮੌਡਗੇਜ਼ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਹਲਫੀਆ ਬਿਆਨ ਲੈਣੇ • ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣਾਉਣੇ • ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ • ਲੀਜ਼ ਦੇ ਕਾਗਜ਼ ਬਣਾਉਣੇ
- ਇੰਡੀਆ ਦੇ ਕਾਨੂੰਨ ਬਾਰੇ ਜਾਣਕਾਰੀ ਤੇ ਸਲਾਹ • ਬੱਚੇ ਅਡਾਪਟ (ਗੋਦ ਲੈਣਾ) ਕਰਨਾ

Ph. 325-4744

6415 MAIN ST. (at 48th., Ave.) VANCOUVER, B.C.

# ਬਿਦਰ ਹਤਿਆਕਾਂਡ ਹਿੰਦੂ-ਸਿਖ ਪਾੜਾ ਪਾਣ ਵਾਲਿਆਂ ਦੀ ਸਾਜ਼ਸ਼

ਚੰਡੀਗੜ੍ਹ — ਕਰਨਾਟਕ ਸੂਬੇ ਦੇ ਬਿਦਰ ਦੇ ਸਥਾਨ ਉਤੇ 15 ਸਤੰਬਰ ਦੇ ਦੰਗਿਆਂ ਤੋਂ ਬਾਅਦ ਘੱਟੋ ਘੱਟ 35 ਵਿਦਿਆਰਥੀ ਲਾਪਤਾ ਹੋਣ ਦੀਆਂ ਖਬਰਾਂ ਪਹੁੰਚੀਆਂ ਹਨ। ਪੁਲਸ ਉਨ੍ਹਾਂ ਦੀ ਰਾਖੀ ਦੀ ਜ਼ਾਮਨੀ ਭਰ ਕੇ ਉਹਨਾਂ ਦੀ ਭਾਲ ਕਰ ਰਹੀ ਹੈ ਕਿਉਂਕਿ ਹੋ ਸਕਦਾ ਹੈ ਦੰਗਿਆਂ ਤੋਂ ਡਰਦੇ ਉਹ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਜਾ ਲੁਕੇ ਹੋਣ। ਦੋ ਸੌ ਵਿਦਿਆਰਥੀਆਂ ਦਾ ਇਕ ਗਰੁੱਪ ਕਰਨਾਟਕ ਤੋਂ ਦਿੱਲੀ ਪਹੁੰਚਾ ਹੈ ਇਹ ਵੀ ਕਿਹਾ ਜਾ ਰਿਹਾ ਹੈ ਕਿ ਲਾਪਤਾ ਵਿਦਿਆਰਥੀਆਂ ਨੂੰ ਜਾਂ ਤਾਂ ਪੁਲਸ ਲੈ ਗਈ ਹੈ ਜਾਂ ਹਮਲਾਵਰਾਂ ਨੇ ਉਹਨਾਂ ਨੂੰ ਅਗਵਾ ਕਰ ਲਿਆ ਹੈ। ਦਿੱਲੀ ਪਹੁੰਚੇ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ ਜਾ ਰਹੀ ਹੈ।

## ਅਸਲ ਘਟਨਾ ਦਾ ਵਿਸਥਾਰ

14-15 ਸਤੰਬਰ ਨੂੰ ਕਰਨਾਟਕ ਦੇ ਸ਼ਹਿਰ ਬਿਦਰ ਵਿਚ ਸਿੱਖ ਵਿਦਿਆਰਥੀਆਂ ਵਿਰੁਧ ਜੋ ਦੰਗੇ ਹੋਏ ਉਹਨਾਂ ਦੀ ਨਾ ਕੇਵਲ ਸਿਖ ਭਾਈਚਾਰੇ ਸਗੋਂ ਸਾਰੇ ਦੇਸ਼ ਵਾਸੀਆਂ ਨੇ ਨਿਖੇਧੀ ਕੀਤੀ ਹੈ ਅਤੇ ਇਸ ਨੂੰ ਦੋ ਫਿਰਕਿਆਂ ਵਿਚ ਪਾੜਾ ਪਾਉਣ ਵਾਲੀਆਂ ਤਾਕਤਾਂ ਦੀ ਸਾਜ਼ਸ਼ ਕਰਾਰ ਦਿੱਤਾ ਹੈ।

ਬਿਦਰ ਦੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਨਾਨਕ ਝੀਰਾ ਵਿਚ 80 ਫੀਸਦੀ ਪੰਜਾਬੀ ਵਿਦਿਆਰਥੀ ਹਨ। ਇਹਨਾਂ ਪੰਜਾਬੀਆਂ ਵਿਚੋਂ 90 ਫੀਸਦੀ ਸਿੱਖ ਦੱਸੇ ਜਾਂਦੇ ਹਨ। 14 ਸਤੰਬਰ ਦੀ ਰਾਤ ਇਹਨਾਂ ਅਣਭੋਲ ਸੁੱਤੇ ਪਏ ਵਿਦਿਆਰਥੀਆਂ ਲਈ ਕਹਿਰ ਦੀ ਰਾਤ ਬਣ ਗਈ। ਕਾਲਜ ਤੋਂ ਡੇਢ ਕਿਲੋਮੀਟਰ ਵਿੱਥ ਉਤੇ ਗਾਂਧੀ ਗੰਜ ਬਸਤੀ ਦੀਆਂ ਪ੍ਰਾਈਵੇਟ ਕੋਠੀਆਂ ਵਿਚ ਕਾਫੀ ਪੰਜਾਬੀ ਵਿਦਿਆਰਥੀ ਕਿਰਾਏ ਉਤੇ ਰਹਿੰਦੇ ਹਨ। ਉਸ ਰਾਤ ਜਦੋਂ ਹਰ ਕੋਈ ਸੁੱਤਾ ਪਿਆ ਸੀ ਸ਼ਰਾਰਤੀ ਜਨੂੰਨੀ ਤੇ ਗੁੰਡੇ ਅਨਸਰਾਂ ਨੇ ਆਮ ਲੋਕਾਂ ਨੂੰ ਭੜਕਾ ਕੇ ਹਮਲਾ ਕਰ ਦਿੱਤਾ। ਦੇਖਦੇ ਹੀ ਦੇਖਦੇ ਅੱਗ ਦੀਆਂ ਲਾਟਾਂ ਉਠੀਆਂ।

ਇਸ ਹੰਗਾਮੇ ਵਿਚ ਹੀ ਸੁੱਤੇ ਪਏ ਵਿਦਿਆਰਥੀ ਨੰਗੇ ਪੈਰੀਂ ਜੋ ਵੀ ਕਿਸੇ ਨੇ ਪਹਿਨ ਰੱਖਿਆ ਸੀ ਉਸੇ ਹਾਲਤ ਵਿਚ ਭੱਜ ਉਠੇ। ਕਈ ਫਸਾਦੀਆਂ ਦੀ ਲਪੇਟ ਵਿਚ ਆ ਗਏ। ਇਹਨਾਂ ਵਿਚੋਂ ਕੁਝ ਤਿੰਨ ਕਿਲੋਮੀਟਰ ਦੌੜ ਕੇ ਹਵਾਈ ਅੱਡੇ ਦੇ ਲਾਗੇ ਬੈਂਕ ਕਾਲੋਨੀ ਪਹੁੰਚੇ। ਇਥੇ ਉਹਨਾਂ ਕਾਲਜ ਦੇ ਪ੍ਰਿੰਸੀਪਲ ਨੂੰ ਇਹ ਹਮਲੇ ਬਾਰੇ ਦੱਸਿਆ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਐਸ ਪੀ ਨਾਲ ਗੱਲ ਕਰਨ ਦਾ ਭਰੋਸਾ ਦਿੱਤਾ। 15 ਸਤੰਬਰ ਦੀ ਸਵੇਰੇ 4 ਵਜੇ 50 ਕਰੀਬ ਦੇ ਪੰਜਾਬੀ ਵਿਦਿਆਰਥੀ ਪ੍ਰਿੰਸੀਪਲ ਦੇ ਕਹਿਣ ਉਤੇ ਕਾਲਜ ਵੱਲ ਤੁਰੇ। ਜਦੋਂ ਇਹ ਗਾਂਧੀ ਗੰਜ ਪਹੁੰਚੇ ਤਾਂ ਹਿੰਸਕ ਭੀੜ ਨੇ ਫਿਰ ਉਹਨਾਂ ਉਤੇ ਹਮਲਾ ਕਰ ਦਿੱਤਾ। ਇਸ ਹਿੰਸਕ ਭੀੜ ਕੋਲ ਤੇਜ਼ਾਬ ਤੇ ਪੈਟਰੋਲ ਦੀਆਂ ਬੋਤਲਾਂ ਤੇ ਪੀਪੇ ਸਨ। ਡੰਡੇ ਤੇ ਲਾਠੀਆਂ ਸਨ। ਭੀੜ ਵਿਚੋਂ ਨਾਅਰੇ ਲੱਗ ਰਹੇ ਸਨ, 'ਪੰਜਾਬੀਓ ਵਾਪਸ ਚਲੇ ਜਾਓ' ਸਿੱਖਾਂ ਨੂੰ ਪੰਜਾਬ ਭੇਜ ਦਿਓ, ਉਤਰੀ ਭਾਰਤ ਦੇ ਵਿਦਿਆਰਥੀਆਂ ਲਈ ਇਥੇ ਕੋਈ ਥਾਂ ਨਹੀਂ। ਇਸ ਔਖੇ ਸਮੇਂ ਵੀ ਪੁਲਸ ਨੇ ਵਿਦਿਆਰਥੀਆਂ ਦਾ ਸਾਥ ਨਾ ਦਿੱਤਾ ਸਗੋਂ ਭੀੜ ਨੂੰ ਖੁੱਲੀ ਛੁੱਟੀ ਦਿੱਤੀ। ਇਸ ਹਮਲੇ ਸਮੇਂ ਕੋਈ ਬਚਾਓ ਨਾ ਦੇਖ ਕੇ ਸਾਰੇ ਵਿਦਿਆਰਥੀ ਜਿਧਰ ਕਿਸੇ ਦਾ ਮੂੰਹ ਹੋਇਆ ਭੱਜ ਗਿਆ। ਜਿਹੜੇ ਵਿਦਿਆਰਥੀ ਲਾਗੇ ਦੇ ਘਰਾਂ ਵਿਚ ਲੁਕੇ ਉਹਨਾਂ ਨੂੰ ਵੀ ਘਰਾਂ ਵਿਚੋਂ ਕੱਢ ਦਿੱਤਾ ਗਿਆ। ਸੰਗਰੂਰ ਦੇ ਇਕ ਵਿਦਿਆਰਥੀ ਨੇ ਆਪਣੇ ਕਾਲਜ ਵਿਚ ਭਾਂਡੇ ਸਾਫ ਕਰਨ ਵਾਲੀ ਔਰਤ ਦੇ ਘਰ ਪਨਾਹ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਸਨੂੰ ਪਨਾਹ ਨਾ ਮਿਲੀ। ਇਹਨਾਂ ਲੋਕਾਂ ਨੇ ਦੁਹਾਈ ਪਾ ਦਿੱਤੀ, 'ਬਚਾਓ ਬਚਾਓ ਸਿੱਖ ਆ ਵੜੇ।' ਗਾਂਧੀ ਗੰਜ ਦੀ ਹਿੰਸਕ ਭੀੜ ਨੇ ਚਾਰ ਵਿਦਿਆਰਥੀਆਂ ਨੂੰ ਥਾਂ ਹੀ ਮਾਰ ਦਿੱਤਾ। ਕੁਝ ਵਿਦਿਆਰਥੀ ਦੌੜ ਕੇ ਗੁਰਦਵਾਰਾ ਨਾਨਕ ਝੀਰਾ ਪਹੁੰਚੇ। ਜਿਥੇ ਇਹਨਾਂ ਨੇ ਕਾਲਜ ਦੇ ਹੋਸਟਲ ਦੀਆਂ ਛੱਤਾਂ ਤੋਂ ਦੂਰ ਉਹਨਾਂ ਕੋਠੀਆਂ ਨੂੰ ਸੜਦੇ ਦੇਖਿਆ ਜਿਥੇ ਉਹ ਚਾਰ ਚਾਰ, ਪੰਜ ਪੰਜ ਦੇ ਗਰੁੱਪ ਦੀ ਸ਼ਕਲ ਵਿਚ ਕਿਰਾਏ ਉਤੇ ਰਹਿੰਦੇ ਸਨ ਉਹਨਾਂ ਆਪਣਾ ਸਮਾਨ ਸੜਦੇ ਦੇਖਿਆ।

## ਕੁਝ ਸੰਗਰੂਰ ਪਹੁੰਚੇ

ਇਹਨਾਂ ਦੰਗਿਆਂ ਤੋਂ ਬਚੇ ਕੁਝ ਵਿਦਿਆਰਥੀ ਸੰਗਰੂਰ ਪਹੁੰਚੇ। ਉਹਨਾਂ ਦੱਸਿਆ ਕਿ ਕਾਲਜ ਦੀ ਚਾਰ ਦੀਵਾਰੀ ਖੁਦ ਪੁਲਸ ਨੇ ਢਾਹੀ। 15 ਸਤੰਬਰ ਦੀ ਸਵੇਰ ਤੋਂ ਵਿਦਿਆਰਥੀ ਕਾਲਜ ਦੀ ਚਾਰ ਦੀਵਾਰੀ ਵਿਚ ਘਿਰੇ ਰਹੇ। ਬਾਅਦ ਵਿਚ ਗੋਸ਼ਾ ਮਹਿਲ ਗੁਰਦਵਾਰਾ ਕਲਗੀਧਰ (ਹੈਦਰਾਬਾਦ) ਦੇ ਸੰਤ ਈਸ਼ਰ ਸਿੰਘ ਨੂੰ ਘਟਨਾ ਦਾ ਪਤਾ ਲੱਗਾ ਉਹਨਾਂ ਨੇ ਪਹੁੰਚ ਕਰਕੇ ਬੰਗਲੌਰ ਤੋਂ ਪੁਲਸ ਦੀ ਟੁਕੜੀ ਭਜਵਾਈ। ਜ਼ਖਮੀ ਵਿਦਿਆਰਥੀਆਂ ਨੂੰ ਹੀ ਦੋਸ਼ੀ ਮੰਨ ਕੇ ਪੁਲਸ ਵੈਨਾਂ ਵਿਚ ਸੁੱਟ ਕੇ ਥਾਣੇ ਲੈ ਜਾਇਆ ਗਿਆ। ਇਹਨਾਂ ਨੂੰ ਬਿਦਰ ਥਾਣੇ ਵਿਚ ਲਿਆ ਕੇ ਹਵਾਲਾਤ ਵਿਚ ਬੰਦ ਕੀਤਾ ਗਿਆ। ਸਾਰਾ ਦਿਨ ਇਹਨਾਂ ਨੂੰ ਭੁੱਖੇ ਪਿਆਸੇ ਹਵਾਲਾਤ ਵਿਚ ਰਖਿਆ ਗਿਆ ਤੇ ਕਿਹਾ ਗਿਆ ਕਿ ਬਾਹਰ ਕਰਫਿਊ ਤੋਂ ਕੁਝ ਨਹੀਂ ਮਿਲ ਸਕਦਾ।

## ਸੰਗਰੂਰ ਪਹੁੰਚੇ ਵਿਦਿਆਰਥੀਆਂ ਦਾ

ਸੰਗਰੂਰ ਪਹੁੰਚੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਬਿਦਰ ਦਾ ਥਾਣੇਦਾਰ ਬਾਹਰੋਂ ਆਏ ਕਿਸੇ ਵੀ ਟੈਲੀਫੋਨ ਦਾ ਜਵਾਬ ਇਹ ਕਹਿ ਕੇ ਦੇਂਦਾ ਸੀ ਕਿ ਸਭ ਠੀਕ ਹੈ। ਬੰਦ ਵਿਦਿਆਰਥੀਆਂ ਪਾਸੋਂ ਉਹ ਸਟੇਨਗੰਨਾਂ ਦੀ ਮੰਗ ਕਰਦਾ ਸੀ ਤੇ ਕਹਿ ਰਿਹਾ ਸੀ ਕਿ ਲਿਆਓ ਉਹ ਗੰਨਾਂ ਜਿਹੜੀਆਂ ਤੁਸੀਂ ਪੰਜਾਬ ਲੈ ਕੇ ਜਾਂਦੇ ਹੋ।' 16 ਸਤੰਬਰ ਨੂੰ ਡੀ ਆਈ ਜੀ ਕਾਲਜ ਦੇ ਤਿੰਨ ਸੀਨੀਅਰ ਵਿਦਿਆਰਥੀਆਂ ਨੂੰ ਨਾਲ ਲੈ ਕੇ ਬਿਦਰ ਥਾਣੇ ਪਹੁੰਚਾ। ਡੀ ਆਈ ਜੀ ਨੇ ਪੁਲਸ ਅਫਸਰਾਂ ਨੂੰ ਝਾੜਾਂ ਪਾਈਆਂ ਤੇ ਜ਼ਖਮੀ ਵਿਦਿਆਰਥੀਆਂ ਨੂੰ ਹਸਪਤਾਲ ਪੁਚਾਇਆ ਗਿਆ। ਬਠਿੰਡੇ ਦੇ ਇਕ ਵਿਦਿਆਰਥੀ ਦਾ ਕੰਨ ਕੱਟਿਆ ਹੋਇਆ ਸੀ।

## 4 ਦਾ ਸਸਕਾਰ ਕੀਤਾ

ਦੱਸਿਆ ਗਿਆ ਕਿ ਚਾਰ ਵਿਦਿਆਰਥੀਆਂ ਦਾ ਗੁਰਦਵਾਰਾ ਨਾਨਕ ਝੀਰਾ ਵਿਚ ਸਸਕਾਰ ਕੀਤਾ ਗਿਆ। ਦੋ ਦਾ 19 ਸਤੰਬਰ ਨੂੰ ਅਤੇ ਦੋ ਦਾ 20 ਸਤੰਬਰ ਨੂੰ। ਇਹਨਾਂ ਦੀਆਂ ਲਾਸ਼ਾਂ ਦੀ ਬੁਰੀ ਹਾਲਤ ਸੀ। ਕਿਰਾਏ ਉਤੇ ਰਹਿ ਰਹੀਆਂ ਕੁਝ ਪੰਜਾਬਣ ਵਿਦਿਆਰਥਣਾਂ ਦੀ ਵੀ ਬੇਇਜ਼ਤੀ ਕੀਤੀ ਗਈ। ਇਕ ਕੋਠੀ ਵਿਚ ਪੰਜ ਵਿਦਿਆਰਥੀ ਕਿਰਾਏ ਉਤੇ ਰਹਿੰਦੇ ਸਨ ਜਿਹਨਾਂ ਵਿਚੋਂ ਤਿੰਨ ਨੂੰ ਭੀੜ ਨੇ ਮਾਰ ਦਿੱਤਾ ਜੋ ਬਚਿਆ ਹੈ ਉਹ ਦਿਮਾਗੀ ਸੁਰਤ ਗਵਾ ਚੁਕਾ ਹੈ।

## ਬਿਦਰ ਦੀ ਮਹਾਨਤਾ

ਬਿਦਰ ਕਰਨਾਟਕ ਦਾ ਸਰਹੱਦੀ ਹੈਡ ਕੁਆਟਰ ਹੈ ਜਿਸ ਦੀ ਹੱਦ ਮਹਾਂਰਾਸ਼ਟਰ ਤੇ ਆਂਧਰਾ ਨਾਲ ਲਗਦੀ ਹੈ। ਇਥੋਂ ਦੇ ਇਕ ਧਨਾਢ ਸਿੱਖ ਜੰਗ ਸਿੰਘ ਦੇ ਉਦਮ ਨਾਲ ਇਸ ਇਲਾਕੇ ਵਿਚ ਗੁਰੂ ਨਾਨਕ ਦੇ ਨਾਂ ਉਤੇ ਚਾਰ ਵਿਦਿਅਕ ਅਦਾਰੇ ਚਲ ਰਹੇ ਹਨ। ਜੰਗ ਸਿੰਘ ਦੇ ਕਰਨਾਟਕ ਦੇ ਸਾਬਕ ਮੁਖ ਮੰਤਰੀ ਮਿ. ਹੈਗੜੇ ਨਾਲ ਖਾਸ ਸਬੰਧ ਹਨ। ਉਹ ਹੁਣ ਇਥੇ ਮੈਡੀਕਲ ਕਾਲਜ ਖੋਲ੍ਹਣਾ ਚਾਹੁੰਦੇ ਹਨ। ਵਿਦਿਆਰਥੀਆਂ ਨੇ ਦੱਸਿਆ ਕਿ ਲੁਟਮਾਰ ਕਰਨ ਵਾਲੇ ਮਰਾਠੀ ਬੋਲਦੇ ਸਨ।

# ਨਵਾਂ ਭਾਰਤੀ ਕੌਂਸਲਰ ਜਨਰਲ

ਵੈਨਕੂਵਰ ਵਿਚ ਭਾਰਤੀ ਕੌਂਸਲੇਟ ਦੇ ਨਵੇਂ ਮੁਖੀ ਸ੍ਰੀ ਦੇਵ ਕੁਮਾਰ ਮੈਤਰਾ ਨੇ ਪਹਿਲੀ ਅਕਤੂਬਰ 1988 ਤੋਂ ਚਾਰਜ ਸੰਭਾਲ ਲਿਆ ਹੈ। ਉਹ ਪਿਛਲੇ ਅਠਾਈ ਸਾਲਾਂ ਤੋਂ ਸਰਵਿਸ ਕਰ ਰਹੇ ਹਨ ਅਤੇ ਕਈ ਥਾਵਾਂ ਅਤੇ ਕਈ ਪਦਾਂ ਤੇ ਰਹਿ ਚੁੱਕੇ ਹਨ। ਦਸਦੇ ਹਨ ਕਿ ਉਹ ਮੀਡੀਆ ਅਤੇ ਪ੍ਰਸਾਰ ਸਾਧਨਾਂ ਨਾਲ ਬੜੇ ਵਧੀਆ ਸੰਬੰਧ ਰੱਖਦੇ ਹਨ। ਉਹ ਦੱਸਦੇ ਹਨ ਕਿ ਉਹਨਾਂ ਦੀ ਯਾਦ ਸ਼ਕਤੀ ਕੰਪੀਊਟਰ ਵਾਂਗ ਹੈ।

ਉਹ ਸਾਇੰਸ ਪੜ੍ਹੇ ਹੋਏ ਹਨ। ਉਹ ਸਾਹਿਤ ਰਚਣ ਵਾਲੇ ਅਤੇ ਸਾਹਿਤ ਪ੍ਰੇਮੀ ਹਨ। ਉਹਨਾਂ ਨੇ ਬੰਗਾਲੀ ਵਿਚ ਕੁਝ ਨਾਵਲ ਅਤੇ ਛੋਟੀਆਂ ਕਹਾਣੀਆਂ ਲਿਖੀਆਂ ਹਨ। ਉਹ ਲੇਖ ਭੀ ਲਿਖਦੇ ਰਹਿੰਦੇ ਹਨ। ਪਰ ਉਹ ਗੰਭੀਰ, ਸੰਜੀਦਾ ਅਤੇ ਡੂੰਘਾਈ ਵਿਚ ਲਿਖਣ ਵਾਲੇ ਹਨ। ਕਾਫੀ ਗਿਆਨਵਾਨ ਤੇ ਬੁੱਧੀਜੀਵੀ ਹਨ। ਅਜੋਕੇ ਸਾਹਿਤ ਵਿਚ ਖਾਸ ਦਿਲਚਸਪੀ ਰਖਦੇ ਹਨ। ਕਲਾਸੀਕਲ ਸੰਗੀਤ, ਕਲਾਸੀਕਲ ਨਾਚ, ਮਨੋਰੰਜਨ ਅਤੇ ਖੇਡਾਂ ਦੇ ਸ਼ੌਕੀਨ ਹਨ।

ਆਖਦੇ ਹਨ, "ਸਾਨੂੰ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ ਭਾਰਤ ਦੀ ਪੰਜ ਹਜ਼ਾਰ ਪੁਰਾਣੇ ਸਭਿਆਚਾਰ ਅਤੇ ਸਭਿਅਤਾ ਤੇ ਸਾਨੂੰ ਮਾਣ ਹੈ ਅਤੇ ਇਸ ਦਾ ਇਤਿਹਾਸ ਦਸਦਾ ਹੈ ਕਿ ਕਈ ਉਤਾਰ ਚੜਾਅ ਆਏ ਪਰ ਆਖਰਕਾਰ ਭਾਰਤ ਜੇਤੂ ਹੋ ਕੇ ਨਿਕਲਦਾ ਰਿਹਾ।"

# ਯੂ. ਪੀ. ਵਿਚ ਮੱਛਰ ਨੇ ਹਜ਼ਾਰਾਂ ਦੀ ਜਾਨ ਲੈ ਲਈ

ਗੋਰਖਪੁਰ — ਖਬਰ ਹੈ ਕਿ ਉਤਰ ਪ੍ਰਦੇਸ਼ ਰਾਜ ਦੇ ਤਰਾਈ ਦੇ ਇਲਾਕੇ ਵਿਚ ਮਾਰੂ ਮੱਛਰ ਨੇ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਹੈ। ਇਹ ਮੱਛਰ ਜਦੋਂ ਬੰਦੇ ਦੇ ਲੜਦਾ ਹੈ ਤਾਂ ਉਸ ਨੂੰ ਤੇਜ਼ ਬੁਖਾਰ ਹੋ ਜਾਂਦਾ ਹੈ ਅਤੇ ਉਸ ਦੀ ਮੌਤ ਹੋ ਜਾਂਦੀ ਹੈ

ਇਥੇ ਸਿਹਤ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਹੈ ਕਿ ਇਸ ਬੁਖਾਰ ਨੂੰ 'ਜਾਪਾਨੀ ਮੱਛਰ ਦਾ ਬੁਖਾਰ' ਕਿਹਾ ਜਾਂਦਾ ਹੈ। ਜਾਪਾਨ ਤੋਂ ਮੰਗਵਾਈ ਇਕ ਧਾਨ ਦੀ ਕਿਸਮ ਦੀਆਂ ਜੜ੍ਹਾਂ ਵਿਚ ਪਾਣੀ ਵਿਚ ਪੈਦਾ ਹੋਇਆ ਇਹ ਮੱਛਰ ਲਾ-ਇਲਾਜ ਬਣ ਗਿਆ ਸੀ। ਪਰ ਹੁਣ ਸਰਕਾਰ ਨੇ ਇਸ ਉਪਰ ਕੰਟਰੋਲ ਕਰ ਲੈਣ ਦਾ ਦਾਅਵਾ ਕੀਤਾ ਹੈ।

ਪਤਾ ਲੱਗਾ ਹੈ ਇਸ ਮੱਛਰ ਦਾ ਵੱਡੀ ਗਿਣਤੀ ਵਿਚ ਵਧਣ ਦਾ ਕਾਰਨ ਇਸ ਇਲਾਕੇ ਵਿਚੋਂ ਵੱਡੀ ਗਿਣਤੀ ਵਿਚ ਡੱਡੂਆਂ ਨੂੰ ਬਦੇਸ਼ਾਂ ਨੂੰ ਵੇਚਿਆ ਗਿਆ ਹੈ। ਡੱਡੂ ਮੱਛਰਾਂ ਨੂੰ ਖਾ ਜਾਂਦੇ ਸਨ ਉਨ੍ਹਾਂ ਦੀ ਥੁੜ ਦੇ ਕਾਰਨ ਮੱਛਰ ਵਧ ਗਏ ਹਨ। ਗੋਰਖਪੁਰ ਜ਼ਿਲੇ ਵਿਚ ਇਕ ਹਜ਼ਾਰ ਮੌਤਾਂ ਹੋ ਜਾਣ ਦੀ ਖਬਰ ਹੈ। ਯਾਦ ਰਹੇ ਯੂ. ਪੀ. ਵਿਚ ਲੱਖਾਂ ਦੀ ਗਿਣਤੀ ਵਿਚ ਪੰਜਾਬੀ ਕਿਸਾਨ ਵੀ ਰਹਿੰਦੇ ਹਨ।

# ਖੇਤ ਮਜ਼ਦੂਰਾਂ ਲਈ ਅੰਗਰੇਜ਼ੀ ਦੀਆਂ ਕਲਾਸਾਂ

ਜਿਵੇਂ ਕਿ :

— ਅੰਗਰੇਜ਼ੀ ਵਿਚ ਗੱਲਬਾਤ ਕਰਨੀ
— ਟੈਲੀਫੋਨ ਦੀ ਵਰਤੋਂ
— ਕਿਸੇ ਐਮਰਜੈਂਸੀ 'ਚ ਅੰਗਰੇਜ਼ੀ ਬੋਲੀ ਦਾ ਪ੍ਰਯੋਗ
— ਖੇਤਾਂ ਦੇ ਕੰਮਾਂ ਦੇ ਮਸਲਿਆਂ ਬਾਰੇ ਅੰਗਰੇਜ਼ੀ ਦਾ ਪ੍ਰਯੋਗ
— ਅੰਨਇਮਪਲਾਇਮਿੰਟ, ਕੰਪਨਸੇਸ਼ਨ, ਖੇਤਾਂ ਵਿਚ ਵਰਤੀਆਂ ਜਾਣ ਵਾਲੀਆਂ ਜ਼ਹਿਰੀਲੀਆਂ ਦਵਾਈਆਂ ਬਾਰੇ ਗੱਲਬਾਤ।
— ਇਮੀਗਰੇਸ਼ਨ ਤੇ ਨੌਕਰੀ ਦੀ ਭਾਲ ਲਈ ਅੰਗਰੇਜ਼ੀ ਦਾ ਪ੍ਰਯੋਗ
ਅਤੇ — ਅੰਗਰੇਜ਼ੀ ਲਿਖਣੀ ਅਤੇ ਪੜ੍ਹਨੀ
— ਕਮਿਊਨਿਟੀ ਸਰਵਿਸਜ਼ ਬਾਰੇ ਜਾਣਕਾਰੀ। ਆਦਿ

ਇਹ ਕਲਾਸਾਂ ਅਕਤੂਬਰ, ਨਵੰਬਰ ਅਤੇ ਦਸੰਬਰ ਵਿਚ ਸ਼ੁਰੂ ਹੋ ਰਹੀਆਂ ਹਨ ਜਿਹੜੀਆਂ ਕਿ ਅਪ੍ਰੈਲ ਜਾਂ ਮਈ ਵਿਚ ਖਤਮ ਹੋਣਗੀਆਂ।

ਇਹ ਕਲਾਸਾਂ ਸਾਰੇ ਖੇਤ ਮਜ਼ਦੂਰਾਂ, ਉਨ੍ਹਾਂ ਦੇ ਪ੍ਰਵਾਰ ਅਤੇ ਭੈਣ ਭਰਾਵਾਂ ਵਾਸਤੇ ਹਨ।

ਇਨ੍ਹਾਂ ਕਲਾਸਾਂ ਦੀ ਕੋਈ ਫੀਸ ਨਹੀਂ ਹੈ।

ਇਹਨਾਂ ਕਲਾਸਾਂ ਦੌਰਾਨ ਵਲੰਟੀਅਰ ਟੀਚਰ, ਤੁਹਾਡੇ ਘਰ ਆ ਕੇ ਜਾਂ ਆਂਢ ਗੁਆਂਢ ਦੇ ਘਰ ਜਾਂ ਕਿਸੇ ਕਮਿਊਨਿਟੀ ਸੈਂਟਰ 'ਚ ਆਣਕੇ ਪੜ੍ਹਾਇਆ ਕਰਨਗੇ।

ਇਹ ਕਲਾਸ ਦੋ ਘੰਟੇ ਦੀ ਅਤੇ ਵੀਕ ਵਿਚ ਦੋ ਦਿਨ ਹੋਵੇਗੀ।

ਅਕਤੂਬਰ ਦੀਆਂ ਕਲਾਸਾਂ ਵਾਸਤੇ ਦਾਖਲਾ ਚੱਲ ਰਿਹਾ ਹੈ। ਨਵੰਬਰ ਦੀਆਂ ਕਲਾਸਾਂ ਵਾਸਤੇ ਅਕਤੂਬਰ ਵਿਚ ਅਤੇ ਦਸੰਬਰ ਦੀਆਂ ਕਲਾਸਾਂ ਵਾਸਤੇ ਨਵੰਬਰ ਵਿਚ ਤੁਸੀਂ ਆਪਣਾ ਨਾਂ ਰਜਿਸਟਰ ਕਰਵਾ ਸਕਦੇ ਹੋ।

ਸਿਖਣ ਦੇ ਚਾਹਵਾਨ ਯੂਨੀਅਨ ਦੇ ਦਫਤਰ ਫੋਨ ਕਰੋ :

430-6055

ਟੀਚਰਾਂ ਦੇ ਨਾਮ : ਸ਼ਰਲ ਜਾਂ ਭਾਵਨਾ

# ਟੋਰੀ ਸਰਕਾਰ ਵਲੋਂ ਘਰ ਵੇਚਣ ਤੇ ਟੈਕਸ ਲਾਉਣ ਦਾ ਡਰ

ਵੈਨਕੂਵਰ — ਖਬਰ ਹੈ ਕਿ ਕੈਨੇਡੀਅਨ ਰੀਅਲ ਇਸਟੇਟ ਐਸੋਸੀਏਸ਼ਨ ਨੇ ਡਰ ਪ੍ਰਗਟ ਕੀਤਾ ਹੈ ਕਿ ਟੋਰੀ ਸਰਕਾਰ ਵਲੋਂ ਘਰ ਵੇਚਣ ਉਪਰ ਭਾਰੀ ਟੈਕਸ ਲਾਏ ਜਾਣ ਦੀ ਸੰਭਾਵਨਾ ਹੈ। ਐਸੋਸੀਏਸ਼ਨ ਦੇ ਪ੍ਰਧਾਨ ਮਿ: ਲੂਈਸ ਬਰਟਨ ਨੇ ਪ੍ਰੋਵੈਂਸ ਅਖਬਾਰ ਨੂੰ ਦੱਸਿਆ ਕਿ ਜੇਕਰ ਅਜਿਹਾ ਹੋ ਗਿਆ ਤਾਂ ਘਰਾਂ ਦੀਆਂ ਕੀਮਤਾਂ ਛੱਤਣੀ ਚੜ੍ਹ ਜਾਣਗੀਆਂ। ਉਸ ਨੇ ਅਗੇ ਕਿਹਾ ਹੈ ਕਿ ਇਸ ਦਾ ਬੜਾ ਗੰਭੀਰ ਅਸਰ ਪਵੇਗਾ ਜਿਸ ਨਾਲ ਵਕੀਲਾਂ ਅਤੇ ਮਾਰਗੇਜ ਫੀਸਾਂ ਵੀ ਚੜ੍ਹਨੀਆਂ ਜ਼ਰੂਰੀ ਹਨ।

ਯਾਦ ਰਹੇ ਟੋਰੀ ਸਰਕਾਰ ਵਲੋਂ ਟੈਕਸ ਸੁਧਾਰਾਂ ਦੇ ਦੂਜੇ ਪੜਾ ਉਪਰ ਕੌਮੀ ਪੱਧਰ ਉਪਰ ਟੈਕਸ ਲਾਏ ਜਾਣ ਦੀ ਸਕੀਮ ਹੈ।

# ਬਰਮਾ ਵਿਚ ਅਪੋਜ਼ੀਸ਼ਨ ਵਲੋਂ ਚੋਣ ਸ਼ਰਤਾਂ ਪੇਸ਼

ਰੰਗੂਨ — ਬਰਮਾ ਵਿਚ ਫੌਜ ਵਲੋਂ ਕੀਤੇ ਖੂਨ ਖਰਾਬੇ ਪਿਛੋਂ ਅਪੋਜ਼ੀਸ਼ਨ ਗਰੁੱਪਾਂ ਨੇ ਮਿਲ ਕੇ 'ਲੀਗ ਫਾਰ ਡੈਮੋਕਰੇਸੀ' ਨਾਂ ਦੀ ਜਥੇਬੰਦੀ ਬਣਾਈ ਹੈ ਅਤੇ ਅੰਗ ਗਾਈ ਨੂੰ ਉਸਦਾ ਚੇਅਰਮੈਨ ਬਣਾ ਦਿੱਤਾ ਹੈ। ਇਸ ਜਥੇਬੰਦੀ ਨੇ ਚੋਣਾਂ ਜਿਹਨਾਂ ਦਾ ਐਲਾਨ ਫੌਜੀ ਸਰਕਾਰ ਕਰ ਚੁਕੀ ਹੈ ਲਈ ਮੈਨੀਫੈਸਟੋ ਵੀ ਜਾਰੀ ਕੀਤਾ ਹੈ ਪਰ ਚੋਣਾਂ ਵਿਚ ਹਿਸਾ ਲੈਣ ਲਈ ਕੁਝ ਸ਼ਰਤਾਂ ਰੱਖੀਆਂ ਹਨ। ਦੇਸ਼ ਵਾਸੀਆਂ ਨੂੰ ਇਸ ਅਪੋਜ਼ੀਸ਼ਨ ਨੇ ਹਾਲਾਂ ਹੜਤਾਲ ਜਾਰੀ ਰੱਖਣ ਦੀ ਅਪੀਲ ਕੀਤੀ ਹੈ। ਇਸ ਅਪੀਲ ਵਿਚ ਕਿਹਾ ਗਿਆ ਹੈ ਕਿ ਫੌਜੀ ਸਰਕਾਰ ਨੇ ਦੇਸ਼ ਭਰ ਵਿਚ ਲੋਕਾਂ ਨੂੰ ਹੜਤਾਲ ਅਤੇ ਬਾਈਕਾਟ ਦੀ ਮੁਹਿੰਮ ਸੋਮਵਾਰ ਤੱਕ ਖਤਮ ਕਰਨ ਦੀ ਵਾਰਨਿੰਗ ਦਿੱਤੀ ਹੈ। ਉਸ ਦੀ ਹਰ ਹਾਲਤ ਵਿਚ ਉਲੰਘਣਾ ਕੀਤੀ ਜਾਏ।

# ਪੁਰੇਵਾਲ ਭਰਾਵਾਂ ਨੇ ਇਕ ਲੱਖ ਤੋਂ ਉਤੇ ਲਾਟਰੀ ਵਿਚ ਜਿੱਤਿਆ

ਸਰੀ : ਪਿੱਟ ਮੈਡੋਜ਼ ਵਿਚ ਪੁਰੇਵਾਲ ਬਲੂਬੇਰੀ ਫਾਰਮ ਦੇ ਮਾਲਕ ਭਰਾਵਾਂ ਮਲਕੀਅਤ ਪੁਰੇਵਾਲ ਅਤੇ ਗੁਰਜੀਤ ਪੁਰੇਵਾਲ ਨੇ 5 ਅਕਤੂਬਰ ਨੂੰ ਨਿਕਲੇ 6/49 ਲਾਟੋ ਲਾਟਰੀ ਵਿਚ 1,17941.80 ਜਿੱਤੇ। ਦੋਵਾਂ ਭਰਾਵਾਂ ਨੇ ਟਿਕਟਾਂ ਵੱਖ ਵੱਖ ਸਮੇਂ ਉਤੇ ਸਰੀ ਦੀ ਟੋਮ ਫੂਡ ਮਾਰਕਿਟ ਤੋਂ ਖਰੀਦੀਆਂ ਸਨ। ਮਲਕੀਅਤ ਅਤੇ ਗੁਰਜੀਤ ਦੋਵਾਂ ਨੇ 58,970.90 ਡਾਲਰ ਵੱਖ ਵੱਖ ਤੌਰ ਉਤੇ ਜਿੱਤੇ।

'ਲੱਕ' ਮੈਗਜ਼ੀਨ ਵਿਚ ਛਪੇ ਨੰਬਰਾਂ ਦੇ ਗਰਾਫਾਂ ਮੁਤਾਬਕ ਧਿਆਨ ਨਾਲ ਦੋਵਾਂ ਨੇ ਆਪਣੇ ਨੰਬਰ ਚੁਣੇ ਸਨ।

ਦੋਵੇਂ ਭਰਾ ਆਪਣੇ ਜਿੱਤੇ ਡਾਲਰ ਆਪਣੇ ਫਾਰਮ ਉਤੇ ਖਰਚਣਾ ਚਾਹੁੰਦੇ ਹਨ ਅਤੇ ਪ੍ਰਵਾਰ ਨੂੰ ਮਿਲਣ ਲਈ ਭਾਰਤ ਜਾਣ ਦੀ ਸੋਚ ਰਹੇ ਹਨ। ਮਲਕੀਅਤ ਪੁਰੇਵਾਲ ਦੀ ਉਮਰ 44 ਸਾਲ ਹੈ ਅਤੇ ਗੁਰਜੀਤ ਦੀ 33 ਸਾਲ। ਦੋਵੇਂ ਭਰਾ ਵਿਆਹੇ ਹੋਏ ਤੇ ਬੱਚਿਆਂ ਵਾਲੇ ਹਨ।

ਦੋਵਾਂ ਭਰਾਵਾਂ ਨੇ ਆਪਣੇ ਆਪਣੀਆਂ ਚੈਕਾਂ ਰਿਚਮੰਡ ਵਿਚ ਸਥਿਤ ਬੀ ਸੀ ਲਾਟਰੀ ਕਾਰਪੋਰੇਸ਼ਨ ਦੇ ਦਫਤਰ ਵਿਚੋਂ ਲੈ ਲਈਆਂ ਹਨ।

# ਲਹਿਰ ਦਾ ਪਾਣੀ ਲੱਥ ਰਿਹਾ ਹੈ — ਆਨੰਦ

ਸਾਊਥਾਲ — ਜਗਜੀਤ ਸਿੰਘ ਆਨੰਦ ਨੇ ਪੰਜਾਬ ਵਿਚ ਅਕਾਲੀਆਂ ਤੇ ਕੇਂਦਰ ਸਰਕਾਰ ਦੇ ਰੋਲ ਨੂੰ ਨੰਗਾ ਕੀਤਾ। ਉਹਨਾਂ ਪਾਰਟੀ ਦਾ ਇਹ ਚੈਲਿੰਜ ਦੁਹਰਾਇਆ ਕਿ ਬੰਦੂਕਧਾਰੀ 'ਜੁਝਾਰੂ' ਸਿਖੀ ਤੇ ਜੁਝਾਰੂ ਨਹੀਂ ਹਨ। ਇਹ ਬਾਬਾ ਦੀਪ ਸਿੰਘ ਦਾ ਨਾਂ ਲੈ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਬੇਗੁਨਾਹਾਂ ਨੂੰ ਮਾਰਨ ਵਾਲੇ ਇਹ ਕਦੇ ਵੀ ਸਿੱਖ ਅਖਵਾਉਣ ਦੇ ਹੱਕਦਾਰ ਨਹੀਂ। ਉਹਨਾਂ ਪੰਜਾਬ ਦੀ ਜਨਤਾ ਨੂੰ ਵਧਾਈ ਦਿੱਤੀ ਜਿਹਨਾਂ ਨੇ ਕੁਰਬਾਨੀਆਂ ਦੇ ਹਿਦੂ ਸਿਖ ਏਕਤਾ ਕਾਇਮ ਰੱਖੀ ਹੈ।


## ਏ. ਡੀ. ਬਾਰੀਆ ਐਲ. ਐਲ. ਬੀ.

**ਵਕੀਲ**

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ

**Arsad Dara Baria LL.B.**

**Lawyer**

Ste. 209-6330 Fraser St., Vancouver, B.C.

**Ph. 321-8300**



## ਦਿਉਲ ਲੇਡੀਜ਼ ਟੇਲਰ ਸ਼ਾਪ

**11860 - Oldfield Ave., Richmond, B.C. V6X 1M4**

**Phone : 270-1529**

ਅਸੀਂ ਹਰ ਤਰ੍ਹਾਂ ਦੇ ਡੀਜ਼ਾਇਨਾਂ ਵਾਲੇ ਪੰਜਾਬੀ ਸੂਟ, ਪਟਿਆਲਾ ਸ਼ਾਹੀ ਸੂਟ, ਬਲਾਊਜ਼, ਪੇਟੀਕੋਟ, ਡਰੈਸ, ਸਾੜ੍ਹੀ ਫਾਲ ਆਦਿ ਦੀ ਤਸੱਲੀਬਖਸ਼ ਸਲਾਈ ਕਰਦੇ ਹਾਂ

ਹਰ ਤਰ੍ਹਾਂ ਦੀ ਰੀਪੇਅਰ ਵੀ ਕੀਤੀ ਜਾਂਦੀ ਹੈ। ਸਾਡੀਆਂ ਸੇਵਾਵਾਂ ਦਾ ਲਾਭ ਉਠਾਓ ਤੇ ਹੋਰ ਜਾਣਕਾਰੀ ਲਈ ਫ਼ੋਨ ਕਰੋ :

**270-1529**



## ਜਗਦੀਸ਼ ਸਿੰਘ ਬੀ. ਏ. ਐਲ. ਐਲ. ਬੀ. (ਪੰ. ਯੂ.)

**ਨੋਟਰੀ ਪਬਲਿਕ**



- ਘਰ ਜਾਂ ਜ਼ਮੀਨ ਖ਼ੀਦਣ, ਵੇਚਣ ਲਈ ਜਾਂ ਮੌਰਟਗੇਜ ਲੈਣ ਲਈ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
- ਡੈਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

**ਇਮੀਗਰੇਸ਼ਨ ਸੰਲਾਹਕਾਰ**

- ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
- Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਦੇ ਆਮ ਮਸਲੇ
- ਭਾਰਤੀ ਕਾਨੂੰਨਾਂ ਬਾਰੇ ਸਲਾਹ
- ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

**Ph. Off: 324-6727 Res: 324-4160**

(ਦਫ਼ਤਰ ਸ਼ਨਿਚਰਵਾਰ ਵੀ ਖੁਲ੍ਹਦਾ ਹੈ)

ਜਗਦੀਸ਼ ਸਿੰਘ [B.A. L.L.B. (Pb. U.)]
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

**#201 - 2001 East 36th Ave. [at victoria]**
**Vancouver. B.C. V5P 1C9**


ਪੰਨਾ 11 ਦੀ ਬਾਕੀ

* ਹੜ੍ਹਾਂ ਦਾ ਪਾਣੀ ਲਹਿ ਜਾਣ ਤੋਂ ਪਿਛੋਂ ਜਿਹੜੇ ਕੰਮ ਹੰਗਾਮੀ ਹਾਲਤ ਵਿਚ ਕਰਨੇ ਚਾਹੀਦੇ ਸਨ ਉਹ ਹੋ ਨਹੀਂ ਪਾਏ। ਜੀ. ਟੀ. ਰੋਡ ਹੀ ਲਓ। ਇਹ ਮੁਖ ਸੜਕ ਲੁਧਿਆਣਾ ਲਾਗੋਂ ਅਤੇ ਕੁਝ ਇਕ ਹੋਰ ਥਾਵਾਂ ਤੋਂ ਹੜ੍ਹ ਦੇ ਪਾਣੀ ਨਾਲ ਰੁੜ ਜਾਣ ਕਾਰਨ ਸਾਰੀ ਆਵਾਜਾਈ ਠੱਪ ਪਈ ਹੈ। ਸਮਝ ਨਹੀਂ ਆਉਂਦੀ ਕਿ ਜੀ ਟੀ ਰੋਡ ਉਤੇ ਆਰਜ਼ੀ ਪੁਲ ਬਣਾ ਕੇ ਟਰੈਫਿਕ ਚਾਲੂ ਕਰਨ ਲਈ ਫੌਜ ਦੀ ਮਦਦ ਕਿਉਂ ਨਹੀਂ ਲਈ ਜਾਂਦੀ।

ਜੀ. ਟੀ. ਰੋਡ ਉਤੇ ਅਜਿਹੇ ਆਰਜ਼ੀ ਪੁਲ ਫੌਜ ਕੁਝ ਹੀ ਘੰਟਿਆਂ ਵਿਚ ਖੜ੍ਹੇ ਕਰ ਸਕਦੀ ਹੈ, ਪਰ ਇਸ ਸੇਧ ਵਿਚ ਕੁਝ ਵੀ ਨਹੀਂ ਹੋ ਰਿਹਾ।

ਹੜ੍ਹ ਪੀੜਤਾਂ ਲਈ ਬਣੇ ਕੈਂਪਾਂ ਦਾ ਦੌਰਾ ਕਰਕੇ ਜਿਹੜੇ ਵੀ ਜਨਤਕ ਆਗੂ ਮਿਲੇ ਹਨ ਉਹਨਾਂ ਸਭਨਾਂ ਦਾ ਏਹੀ ਕਹਿਣਾ ਹੈ ਕਿ ਹੜ੍ਹ ਪੀੜਤਾਂ ਵਿਚ ਸਰਕਾਰ ਪ੍ਰਤੀ ਬਹੁਤ ਗੁੱਸਾ ਹੈ। ਉਸ ਦਾ ਕਾਰਨ ਇਹ ਹੈ ਕਿ ਸਰਕਾਰ ਜਿਹੜਾ ਰਾਸ਼ਨ ਦੇ ਰਹੀ ਹੈ ਉਸ ਨਾਲ ਉਹਨਾਂ ਦਾ ਢਿੱਡ ਨਹੀਂ ਭਰਦਾ। ਜੇ ਹੜ੍ਹ ਪੀੜ੍ਹਤ ਢਿਡ ਭਰ ਕੇ ਰੋਟੀ ਖਾ ਰਹੇ ਹਨ ਤਾਂ ਉਹ ਕੇਵਲ ਲਾਗਲੇ ਪਿੰਡਾਂ ਦੇ ਲੋਕਾਂ ਦੇ ਸਾਂਝੇ ਉਦਮ ਸਦਕਾ।

* ਪੰਜਾਬ ਵਿਚ ਹੜ੍ਹਾਂ ਨਾਲ ਤਬਾਹੀ ਬਹੁਤ ਵੱਡੀ ਹੈ। ਕੇਂਦਰੀ ਸਰਕਾਰ ਪੰਜਾਬ ਨੂੰ ਵੱਡੀ ਮਦਦ ਦੇਣ ਦਾ ਐਲਾਨ ਕਰਕੇ ਹੀ ਹੜ-ਪੀੜਤਾਂ ਦੀ ਕੁਝ ਹੱਦ ਤੱਕ ਮਦਦ ਕਰ ਸਕਦੀ ਹੈ।

ਫਸਲੀ ਤਬਾਹੀ ਦਾ ਅੰਦਾਜ਼ਾ ਲਾਉਣ ਦੇ ਹੁਕਮ ਹੁਣ ਐਵੇਂ ਰਸਮੀ ਜੇਹੀ ਅਤੇ ਸਮਾਂ ਜਾਇਆ ਕਰਨ ਵਾਲੀ ਗੱਲ ਬਣਕੇ ਰਹਿ ਗਏ ਹਨ ਕਿਉਂ ਜੁ ਭਾਰੀ ਬਾਰਸ਼ਾਂ ਤੇ ਹੜ੍ਹਾਂ ਨਾਲ ਸਮੁੱਚੀ ਸਾਉਣੀ ਦੀ ਫਸਲ ਹੀ ਤਬਾਹ ਹੋ ਚੁਕੀ ਹੈ।

* ਹੜ੍ਹ ਪੀੜਤਾਂ ਨੂੰ ਯੋਗ ਰਾਹਤ ਦੇਣ ਦੀ ਮੰਗ ਵੱਖ ਵੱਖ ਸਿਆਸੀ ਪਾਰਟੀਆਂ ਅਤੇ ਕਿਸਾਨ ਜਥੇਬੰਦੀਆਂ ਵਲੋਂ ਕੀਤੀ ਜਾ ਚੁਕੀ ਹੈ। ਇਸ ਸੇਧ ਵਿਚ ਸਰਕਾਰ ਨੂੰ ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦੀ ਆਪਣੀ ਨੀਤੀ ਦਾ ਤੁਰੰਤ ਐਲਾਨ ਕਰਨਾ ਚਾਹੀਦਾ ਹੈ।

* ਜੀ ਟੀ ਰੋਡ ਉਤੇ ਫੌਜ ਦੀ ਮੱਦਦ ਨਾਲ ਹੰਗਾਮੀ ਪੱਧਰ ਉਤੇ ਟੁਟੀਆਂ ਥਾਵਾਂ ਉਤੇ ਤੈਰਦੇ ਪੁਲ ਬਣਾ ਕੇ ਟਰੈਫਿਕ ਚਾਲੂ ਕਰਨਾ ਚਾਹੀਦਾ ਹੈ ਕਿਉਂ ਜੁ ਜੇ ਇਹ ਸੜਕ ਕੁਝ ਦਿਨ ਹੋਰ ਚਾਲੂ ਨਾ ਹੋਈ ਤਾਂ ਲੋਕਾਂ ਨੂੰ ਬਹੁਤ ਸਾਰੀਆਂ ਵਸਤਾਂ ਮਿਲਣੀਆਂ ਮੁਸ਼ਕਲ ਹੋ ਜਾਣਗੀਆਂ।

* ਭਾਰੀ ਬਾਰਸ਼ਾਂ ਅਤੇ ਹੜ੍ਹਾਂ ਕਾਰਨ ਜਿਹੜੀਆਂ ਸਮੱਸਿਆਵਾਂ ਦਾ ਪੰਜਾਬ ਦੀ ਜਨਤਾ ਨੂੰ ਸਾਹਮਣਾ ਹੈ ਉਹਨਾਂ ਨੂੰ ਸਭਨਾਂ ਹੀ ਸਿਆਸੀ ਪਾਰਟੀਆਂ ਅਤੇ ਹੋਰ ਜਨਤਕ ਜਥੇਬੰਦੀਆਂ ਦੇ ਆਗੂਆਂ ਨਾਲ ਬਹਿਕੇ ਵਿਚਾਰਨਾ ਚਾਹੀਦਾ ਹੈ ਅਤੇ ਹੜ੍ਹ ਪੀੜਤਾਂ ਨੂੰ ਸਹਾਇਤਾ ਆਦਿ ਦੇ ਸਬੰਧ ਵਿਚ ਅਪੋਜ਼ੀਸ਼ਨ ਪਾਰਟੀਆਂ ਦੀਆਂ ਤਜਵੀਜ਼ਾਂ ਨੂੰ ਧਿਆਨ ਵਿਚ ਸੁਣਨਾ ਚਾਹੀਦਾ ਹੈ।

ਭਾਰੀ ਬਾਰਸ਼ਾਂ ਅਤੇ ਮਾਰੂ ਹੜ੍ਹਾਂ ਨੇ ਸਮੁੱਚੇ ਪੰਜਾਬ ਨੂੰ ਮਧੋਲਕੇ ਰੱਖ ਦਿੱਤਾ ਹੈ। ਇਹ ਸੱਟ ਦੇਰ ਤੱਕ ਰੜਕਦੀ ਰਹੇਗੀ। ਆਰਥਕ ਖੇਤਰ ਵਿਚ ਪੰਜਾਬ ਜਿਹੜੀਆਂ ਸੱਟਾਂ ਖਾਂਦਾ ਚਲਾ ਆ ਰਿਹਾ ਹੈ ਉਹਨਾਂ ਵਿਚ ਤਾਜ਼ਾ ਸੱਟ ਬਹੁਤ ਵੱਡੀ ਹੈ।



*ਪੱਟੀ ਮੁਲਤਾਨਾਂ 'ਚ ਕਿਸ਼ਤੀ ਰਾਹੀਂ ਕੱਢੇ ਜਾ ਰਹੇ ਲੋਕ*


## MERIDIAN INSURANCE

*Life & Accident sickness*

**LOCATION 1**

3268 COAST MERIDIAN RD.,
PORT COQUITLAM, B.C. V3B 3N4

**LOCATION 2**

Unit 115-8980 - No. 3 Road, RICHMOND, B.C. V6Y 2E8
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)

ਸੰਤਬੀਰ ਸਿੰਘ ਮਿਨਹਾਸ

**Ph. 272-0700**

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Santbir Minhas **Res. 271-1248** **ICBC, house, tenant, commercial**

# ਸਰਕਾਰ ਕਿੱਥੇ ਹੈ ?
# ਹੜ੍ਹ ਪੀੜਤਾਂ ਨੇ ਪੁੱਛਿਆ

—ਸੁਹੇਲ ਸਿੰਘ—

ਹਰ ਚੜ੍ਹਦੇ ਦਿਨ ਹੜ੍ਹਾਂ ਦਾ ਪਾਣੀ ਲਹਿ ਰਿਹਾ ਹੈ। ਹਰ ਚੜ੍ਹਦੇ ਦਿਨ ਨਾਲ ਹੜ੍ਹਾਂ ਨਾਲ ਹੋਈ ਤਬਾਹੀ ਦਾ ਅਕਾਰ ਵਧਦਾ ਜਾ ਰਿਹਾ ਹੈ।

ਹੜ੍ਹਾਂ ਵਿਚ ਪਿੰਡਾਂ ਦੇ ਰੁੜ੍ਹਨ, ਪਾਣੀ ਵਿਚ ਘਿਰਨ ਅਤੇ ਮਨੁੱਖੀ ਜਾਨਾਂ ਹੜ੍ਹ ਦੀ ਭੇਂਟ ਚੜ੍ਹ ਜਾਣ ਦੇ ਸੰਬੰਧ ਵਿਚ ਜਿਹੜੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪ ਰਹੀਆਂ ਹਨ, ਜਿਹੜੀਆਂ ਰੀਪੋਰਟਾਂ ਸਰਕਾਰੀ ਅਤੇ ਗੈਰ-ਸਰਕਾਰੀ ਸਰੋਤਾਂ ਤੋਂ ਮਿਲ ਰਹੀਆਂ ਹਨ ਉਹਨਾਂ ਦੂਜੇ ਸਰਕਾਰੀ ਅੰਕੜਿਆਂ ਦੇ ਬਰਾਬਰ ਰੱਖਿਆ ਜਾਵੇ ਤਾਂ ਏਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਰਕਾਰ ਇਕ ਗਿਣੀ ਮਿਥੀ ਨੀਤੀ ਅਨੁਸਾਰ ਤਬਾਹੀ ਨੂੰ ਘਟਾ ਕੇ ਪੇਸ਼ ਕਰ ਰਹੀ ਹੈ।

* ਗੁਰਦਾਸਪੁਰ ਜ਼ਿਲੇ ਵਿਚ ਹੜ੍ਹਾਂ ਨਾਲ ਹੋਈ ਤਬਾਹੀ ਬਾਰੇ ਅਖ਼ਬਾਰਾਂ ਵਿਚ ਬਹੁਤ ਸਾਰੀਆਂ ਖ਼ਬਰਾਂ ਛਪ ਚੁਕੀਆਂ ਹਨ। ਬੀ. ਐਸ. ਐਫ. ਦੇ ਵਸੀਲਿਆਂ ਅਨੁਸਾਰ ਬਾਰਸ਼ਾਂ ਅਤੇ ਹੜ੍ਹਾਂ ਦੇ ਕਹਿਰ ਵਾਲੇ ਦਿਨਾਂ ਵਿਚ ਸਰਹੱਦ ਉਤੇ ਬਹੁਤ ਸਾਰੀਆਂ ਲਾਸ਼ਾਂ ਰੁੜ੍ਹਕੇ ਪਾਕਿਸਤਾਨ ਵਾਲੇ ਖੇਤਰ ਵਿਚ ਜਾਂਦੀਆਂ ਵੇਖੀਆਂ ਗਈਆਂ। ਇਸ ਤੱਥ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਰਾਵੀ ਦੇ ਖੇਤਰ ਵਿਚ ਵੱਡੀ ਗਿਣਤੀ ਵਿਚ ਲੋਕ ਪਾਣੀ ਵਿਚ ਡੁਬਕੇ ਮਰ ਗਏ ਹਨ।

* ਜ਼ਿਲਾ ਗੁਰਦਾਸਪੁਰ ਦੇ ਜ਼ਿਲਾ ਕਿਸਾਨ ਸਭਾ ਦੇ ਸੈਕਟਰੀ ਅਮਰਜੀਤ ਸਿੰਘ ਕੁਲਾਰ ਨੇ ਦੱਸਿਆ ਕਿ 29 ਸਤੰਬਰ ਤੱਕ ਜ਼ਿਲਾ ਅਧਿਕਾਰੀਆਂ ਵਲੋਂ ਨਾ ਹੀ ਹੜ੍ਹ ਵਿਚ ਘਿਰੇ ਲੋਕਾਂ ਨੂੰ ਸੁਰਖਿਅਤ ਥਾਵਾਂ ਉਤੇ ਪਹੁੰਚਾਉਣ ਲਈ ਕੁਝ ਕੀਤਾ ਗਿਆ ਅਤੇ ਨਾ ਹੀ ਰਾਹਤ ਆਦਿ ਪਹੁੰਚਾਈ ਗਈ।

ਕਿਸਾਨ ਆਗੂ ਨੇ ਦੱਸਿਆ ਕਿ ਕਸਬਾ ਕਲਾਨੌਰ ਵਿਖੇ ਜੋ ਕਿ ਗੁਰਦਾਸਪੁਰ ਡੇਰਾ ਬਾਬਾ ਨਾਨਕ ਸੜਕ ਉਤੇ ਹੈ 29 ਸਤੰਬਰ ਨੂੰ ਪਹਿਲੀ ਵਾਰ ਜ਼ਿਲਾ ਅਧਿਕਾਰੀ ਪੁਜੇ ਜਿਨ੍ਹਾਂ ਵਿਚ ਡਿਪਟੀ ਕਮਿਸ਼ਨਰ ਵੀ ਸਨ। ਉਹਨਾਂ ਦੱਸਿਆ ਕਿ ਇਸ ਕਸਬੇ ਵਿਚ ਅਤੇ ਸੜਕ ਉਤੇ ਉਚੀਆਂ ਥਾਵਾਂ ਉਤੇ ਵੱਡੀ ਗਿਣਤੀ ਵਿਚ ਹੜ੍ਹ-ਪੀੜਤ ਬੈਠੇ ਹੋਏ ਹਨ ਪਰ ਸਰਕਾਰ ਵਲੋਂ ਕੇਵਲ ਥੋੜ੍ਹੀ ਜਿਹੀ ਖਾਣ ਪੀਣ ਦੀ ਮੱਦਦ 29 ਸਤੰਬਰ ਨੂੰ ਹੀ ਪੁੱਜੀ।

ਕਿਸਾਨ ਆਗੂ ਨੇ ਦੱਸਿਆ ਕਿ ਪਿੰਡ ਦੇ ਲੋਕਾਂ ਵਲੋਂ ਡਿਪਟੀ ਕਮਿਸ਼ਨਰ ਨੂੰ ਸੜਕ ਦੇ ਨਾਲ ਨਾਲ ਤਰਦੀਆਂ ਲਾਸ਼ਾਂ ਵਿਖਾਈਆਂ ਗਈਆਂ ਜਿਨ੍ਹਾਂ ਦੀ ਗਿਣਤੀ ਕਿ ਸੌ ਦੇ ਕਰੀਬ ਹੋਵੇਗੀ।

ਉਪਰੋਕਤ ਤੋਂ ਅਨੁਮਾਨ ਲਗ ਸਕਦਾ ਹੈ ਕਿ ਜ਼ਿਲਾ ਗੁਰਦਾਸਪੁਰ ਵਿਚ ਹੜ੍ਹਾਂ ਨਾਲ ਵੱਡੀ ਪੱਧਰ ਉਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਹਰ ਥਾਂ ਤੋਂ ਹੀ ਇਸੇ ਤਰ੍ਹਾਂ ਦੀਆਂ ਰੀਪੋਰਟਾਂ ਮਿਲ ਰਹੀਆਂ ਹਨ ਕਿ ਪਾਣੀ ਵਿਚ ਘਿਰੇ ਲੋਕਾਂ ਨੂੰ ਬਾਹਰ ਕੱਢਣ ਲਈ ਸਰਕਾਰੀ ਯਤਨ ਐਵੇਂ ਨਾਮਾਤਰ ਹਨ। ਏਸੇ ਹੀ ਤਰ੍ਹਾਂ ਹੜ੍ਹ ਪੀੜਤਾਂ ਨੂੰ ਖੁਰਾਕ ਆਦਿ ਪਹੁੰਚਾਉਣ ਵਿਚ ਵੀ ਸਰਕਾਰ ਨੇ ਬਹੁਤਾ ਕੁਝ ਨਹੀਂ ਕੀਤਾ ਅਤੇ ਵਧੇਰੇ ਕਰਕੇ ਲਾਗਲੇ ਪਿੰਡਾਂ ਦੇ ਲੋਕ ਹੀ ਉਹਨਾਂ ਦੀ ਸਾਰ ਲੈ ਰਹੇ ਹਨ।

* ਜ਼ਿਲਾ ਗੁਰਦਾਸਪੁਰ, ਜ਼ਿਲਾ ਕਪੂਰਥਲਾ, ਜ਼ਿਲਾ ਜਲੰਧਰ ਅਤੇ ਹੁਸ਼ਿਆਰਪੁਰ ਤੇ ਰੋਪੜ ਜ਼ਿਲਿਆਂ ਵਿਚ ਬਹੁਤ ਸਾਰੇ ਖੇਤਰ ਅਜਿਹੇ ਹਨ ਜਿਨ੍ਹਾਂ ਵਿਚ ਜਾਣਾ ਹਾਲੇ ਸੰਭਵ ਨਹੀਂ। ਟੈਲੀਫੋਨ ਰਾਹੀਂ ਰਾਬਤਾ ਵੀ ਖਤਮ ਹੈ। ਇਸ ਹਾਲਤ ਵਿਚ ਇਹਨਾਂ ਖੇਤਰਾਂ ਵਿਚ ਹੋਈ ਤਬਾਹੀ ਦਾ ਤਾਂ ਹਾਲੇ ਅਨੁਮਾਨ ਹੀ ਲਗ ਸਕਦਾ ਹੈ।

ਸਮੁੱਚੇ ਤੌਰ ਉਤੇ ਤਬਾਹੀ ਬਹੁਤ ਵੱਡੀ ਹੈ। ਜਾਨਾਂ, ਫਸਲਾਂ, ਘਰਾਂ ਆਦਿ ਦੇ ਨੁਕਸਾਨ ਬਾਰੇ ਸਰਕਾਰੀ ਅੰਕੜੇ ਹਕੀਕਤਾਂ ਨਾਲ ਮੇਲ ਨਹੀਂ ਖਾਂਦੇ। ਵੱਖ ਵੱਖ ਸਰੋਤਾਂ ਅਨੁਸਾਰ ਜ਼ਿਲਾ ਗੁਰਦਾਸਪੁਰ ਵਿਚ ਹੜ੍ਹਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਦਾ ਜੇ ਘਟਾ ਕੇ ਵੀ ਅੰਦਾਜ਼ਾ ਲਾਈਏ ਤਾਂ 1500 ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ।

ਹੜ੍ਹਾਂ ਨਾਲ ਮਨੁਖੀ ਜਾਨਾਂ ਜਾਣ ਨੂੰ ਕੇਵਲ ਕੁਦਰਤੀ ਕਹਿਰ ਕਹਿਰ ਕਹਿਕੇ ਬਚਿਆ ਨਹੀਂ ਜਾ ਸਕਦਾ।

ਪਹਾੜੀ ਖੇਤਰ ਵਿਚ ਭਾਰੀ ਮੀਂਹ ਪੈਣ ਕਾਰਨ ਗੋਬਿੰਦ ਸਾਗਰ ਝੀਲ ਆਫਰ ਗਈ ਅਤੇ ਇਸ ਕਾਰਨ ਭਾਖੜਾ ਡੈਮ ਨੂੰ ਵਧੇ ਖਤਰੇ ਨੂੰ ਮੁਖ ਰੱਖਦਿਆਂ ਦਰਿਆ ਸਤਲੁਜ ਵਿਚ ਪਾਣੀ ਵੱਡੀ ਮਾਤਰਾ ਵਿਚ ਛਡਿਆ ਗਿਆ। ਪਾਣੀ ਛੱਡਣ ਨਾਲ ਨਿਸਚੇ ਹੀ ਇਸ ਨੇ ਸਤਲੁਜ ਦਰਿਆ ਵਿਚ ਹੜ੍ਹ ਲੈ ਆਉਣਾ ਸੀ ਅਤੇ ਸਿੱਟੇ ਵਜੋਂ ਧੁੱਸੀ ਬੰਨ੍ਹ ਨੇ ਟੁਟਣਾ ਸੀ। ਇਹਨਾਂ ਖਤਰਿਆਂ ਨੂੰ ਮੁਖ ਰੱਖਦਿਆਂ ਧੁੱਸੀ ਬੰਨ੍ਹਾਂ ਨੇੜੇ ਦੀ ਵਸੋਂ ਨੂੰ ਸਾਵਧਾਨ ਹੀ ਨਹੀਂ ਸੀ ਕਰਨਾ ਚਾਹੀਦਾ ਸਗੋਂ ਉਹਨਾਂ ਨੂੰ ਪਿੰਡ ਛੱਡਕੇ ਉਚੀਆਂ ਥਾਵਾਂ 'ਤੇ ਆ ਜਾਣ ਲਈ ਸੂਚਿਤ ਕਰਨਾ ਚਾਹੀਦਾ ਸੀ, ਪਰ ਅਜੇਹੀ ਕੋਈ ਵਾਰਨਿੰਗ ਨਾ ਦਿੱਤੀ ਗਈ।

ਜੇ ਪਹਿਲਾਂ ਕੋਈ ਵਾਰਨਿੰਗ ਦਿੱਤੀ ਹੁੰਦੀ ਤਾਂ ਦਰਿਆ ਸਤਲੁਜ ਦੇ ਹੜ੍ਹ ਨਾਲ ਏਨੀਆਂ ਜਾਨਾਂ ਨਹੀਂ ਸਨ ਜਾਣੀਆਂ ਜਿੰਨੀਆਂ ਕਿ ਜਾਂਦੀਆਂ ਰਹੀਆਂ ਹਨ।

* ਜਿਸ ਤਰ੍ਹਾਂ ਪੰਜਾਬ ਵਿਚ ਹੜ੍ਹ ਆਏ ਹਨ ਉਸ ਨੂੰ ਮੁਖ ਰਖਦਿਆਂ ਕੇਂਦਰੀ ਸਰਕਾਰ ਨੂੰ ਵੱਡੀ ਪੱਧਰ ਉਤੇ ਫੌਜ ਦੀ ਵਰਤੋਂ ਕਰਨੀ ਚਾਹੀਦੀ ਸੀ ਪਰ ਫੌਜ ਦੀ ਵਰਤੋਂ ਹੋਈ ਨਹੀਂ। ਜੇ ਪਾਣੀ ਵਿਚੋਂ ਲੋਕਾਂ ਨੂੰ ਕੱਢਣ ਲਈ ਫੌਜ ਦੀ ਕੁਝ ਹੱਦ ਤੱਕ ਵਰਤੋਂ ਕੀਤੀ ਗਈ ਹੈ ਤਾਂ ਉਹ ਵੀ ਬਹੁਤ ਦੇਰ ਨਾਲ ਜਦੋਂ ਕਿ ਜਾਂ ਤਾਂ ਹੜ੍ਹ ਵਿਚ ਘਿਰੇ ਲੋਕ ਕੋਈ ਨਾ ਕੋਈ ਉਪਰਾਲਾ ਕਰਕੇ ਉਚੀਆਂ ਥਾਵਾਂ ਤੇ ਚਲੇ ਗਏ ਸਨ ਤੇ ਜਾਂ ਪਾਣੀ ਚੜ੍ਹਨ ਕਾਰਨ ਡੁੱਬ ਗਏ।

* ਕੇਂਦਰੀ ਸਰਕਾਰ ਨੇ ਪੰਜਾਬ ਵਿਚ ਹੜ੍ਹਾਂ ਨਾਲ ਹੋਈ ਤਬਾਹੀ ਨੂੰ ਗੰਭੀਰਤਾ ਨਾਲ ਨਹੀਂ ਲਿਆ। ਕੇਂਦਰੀ ਖੁਰਾਕ ਮੰਤਰੀ ਭਜਨ ਲਾਲ ਨੇ ਪੰਜਾਬ ਦੇ ਹੜ੍ਹ-ਮਾਰੇ ਖੇਤਰਾਂ ਉਤੇ ਉਡਾਨ ਕਰਨ ਤੋਂ ਪਿਛੋਂ ਜਿਹੜਾ ਬਿਆਨ ਦਿੱਤਾ ਉਸ ਨਾਲ ਪੰਜਾਬੀ ਲੋਕਾਂ ਵਿਚ ਕੇਂਦਰ ਵਿਰੁਧ ਭਾਰੀ ਗੁੱਸਾ ਅਤੇ ਰੋਹ ਹੀ ਜਾਗਿਆ ਹੈ।

ਬਾਕੀ ਪੰਨਾ 10 'ਤੇ



ਜ਼ਿਲਾ ਬਠਿੰਡਾ ਦੇ ਕਸਬੇ ਸਰਦੂਲਗੜ੍ਹ ਇਲਾਕੇ ਵਿਚ ਘੱਗਰ ਦਰਿਆ ਦੇ ਹੜ੍ਹ ਨੇ ਇਸ ਵਾਰ ਫਸਲਾਂ ਤੇ ਹੋਰ ਜਾਇਦਾਦ ਦੀ ਭਾਰੀ ਤਬਾਹੀ ਕੀਤੀ ਹੈ। ਸਰਦੂਲਗੜ੍ਹ ਨੇੜੇ ਪਿੰਡ ਮੀਰਪੁਰ ਖੁਰਦ ਦੇ ਲੋਕ ਤੰਬੂਆਂ ਵਿਚ ਦਿਨ ਕੱਟੀ ਕਰ ਰਹੇ ਹਨ। ਫੌਜ ਨੇ ਇਨ੍ਹਾਂ ਨੂੰ ਕਿਸ਼ਤੀਆਂ ਰਾਹੀਂ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। (ਫੋਟੋ : ਸੱਤਪਾਲ ਮਾਨ)


NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167



To protect your family, your mortgage, or to ensure your childrens' education, for an RRSP or an annuity, contact:

AVTAR S. RANDHAWA
B.A., B.T.



AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

# UJJAL DOSANJH

## LAWYER

**#202—5887 VICTORIA DRIVE,**

**VANCOUVER, B.C. V5P 3W5**

## ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫ਼ੈਮਿਲੀ) ਕੇਸ
- ਇਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਉਜੱਲ ਦੁਸਾਂਝ**

**PHONE 327-6381**



## ਗ੍ਰੰਥੀ ਦੀ ਲੋੜ

ਮਕੈਂਜੀ ਸਿੱਖ ਸੁਸਾਇਟੀ ਲਈ ਗ੍ਰੰਥੀ ਦੀ ਲੋੜ ਹੈ। ਕਥਾ, ਕੀਰਤਨ ਜਾਣਦਾ ਹੋਵੇ ਤੇ ਸਿਖਾ ਸਕਦਾ ਹੋਵੇ। ਬੱਚਿਆਂ ਨੂੰ ਪੰਜਾਬੀ ਸਿਖਾ ਸਕੇ, ਉਮਰ 45 ਸਾਲ ਤੋਂ ਉਪਰ ਹੋਵੇ। ਕੈਨੇਡਾ ਦਾ ਇਮੀਗਰੇਂਟ ਜਾਂ ਸਿਟੀਜ਼ਨ ਹੋਵੇ। ਵਿਜ਼ਟਰ ਬਾਰੇ ਵੀ ਸੋਚਿਆ ਜਾ ਸਕਦਾ ਹੈ। ਤਨਖਾਹ ਯੋਗਤਾ ਮੁਤਾਬਕ ਦਿੱਤੀ ਜਾਵੇਗੀ। ਇਸ ਬਾਰੇ ਗੱਲਬਾਤ ਕਰੋ :

**ਬਲਬੀਰ ਸਿੰਘ ਨਾਗਰਾ**
(604) 997-6994

**ਜਾਂ**

**ਹਰਬੰਸ ਸਿੰਘ ਰਾਏ - 997-3567**

ਚਿੱਠੀ ਲਿਖਣ ਦਾ ਪਤਾ :

**Mackenzie Sikh Society**
**Box 2407**
**Mackenzie, B.C. V0J 2C0**



CALL US FIRST

IATA APPROVED OFFICE

## Express Internationl Travel (1986) Ltd. ATAC

**Approved Agent All Major Airlines**



AJIT KANG

## ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ

ਸਿੰਘਾਂਪੁਰ **$1050** ਰੀਟਰਨ ਹਾਂਗਕਾਂਗ **$870** ਰੀਟਰਨ ਟਰਾਂਟੋ **$269** ਇੰਗਲੈਂਡ **$577** ਰੀਟਰਨ

ਸਾਡੇ ਕੋਲ ਸਪੈਸ਼ਲ ਇਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੇਵਲ ਇਨਸ਼ੋਰੇਂਸ ਮੁਫਤ ਦਿੱਤੀ ਜਾਵੇਗੀ

ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ **Ph. 321-8777**

5787 Victoria Drive, Vancouver,



# FIVE RIVERS FISH 'N CHIPS

## ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 **Ph. 327-7455**

## ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

**ਮੁਰਗਾ ਮਸਾਲੇ ਵਾਲਾ**
Spicy (Masala) Chicken
**$4.45 lb.**

**ਸੀਨਾ ਮਸਾਲੇ ਵਾਲਾ ਮੁਰਗੇ ਦਾ**
Only Breasts (Spicy)
**$6.95 lb.**

**ਮਸਾਲੇ ਵਾਲੀ ਮੱਛੀ ਦੇ ਪਕੌੜੇ**
Spicy (Masala) Fish
**$5.95 lb.**

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫ਼ੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ



GM

# WESTMINSTER

**12th. STREET AT QUEENS AVE., NEW WESTMINSTER, B.C.**



ਗੁਰਜੀਤ ਢੀਂਡਸਾ ਬਾਵਾ

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

## ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

**BUS. 521-7731**
**Pager 687-1985 #5531**



FOR **BEST DEAL & BEST SERVICE**

# ਚਰਨਪਾਲ ਗਿੱਲ ਕਮਪੇਅਨ ਲਈ ਧੜਾ ਧੜ ਪੈਸੇ ਇਕੱਠੇ ਹੋ ਰਹੇ ਹਨ

## ਵਿਲੀਅਮਜ਼ਲੇਕ

ਫੌਜੀ ਸਾਹਿਬ ਅਤੇ ਵਿਸਾਖਾ ਸਿੰਘ ਦੀ ਮਿਹਨਤ ਨਾਲ ਜੋ ਵਿਲੀਅਮਜ਼ਲੇਕ ਤੋਂ ਪੈਸੇ ਇਕੱਠੇ ਹੋਏ ਹਨ ਉਸਦਾ ਵੇਰਵਾ ਇਸ ਤਰ੍ਹਾਂ ਹੈ :

| | |
|---|---|
| ਗੁਰਬਖਸ਼ ਸਿੰਘ ਸੈਣੀ | $200 |
| ਸੋਹਣ ਚਾਹਲ | $50 |
| ਸੁਰਿੰਦਰ ਰਠੌਰ | $100 |
| ਜੁਗਿੰਦਰ ਗਰੇਵਾਲ | $100 |
| ਗੁਰਦੇਵ ਪੂਨੀ | $50 |
| ਰਣਜੀਤ ਸਿੱਧੂ | $50 |
| ਪਰਮਜੀਤ ਸੈਣੀ | $50 |
| ਬਖਤਾਵਰ ਗਰੇਵਾਲ | $100 |
| ਸਰਵਣ ਗਰੇਵਾਲ | $75 |
| ਮਨੋਹਰ ਧਾਰੀ | $50 |
| ਕਰਮਜੀਤ ਸੇਖੋਂ | $30 |
| ਸਤਵੰਤ ਸੰਧੂ | $50 |
| ਸਰਦਾਰ ਸਿੰਘ ਰਾਣਾ | $50 |
| ਬਖਸ਼ੀਸ਼ ਹੇਅਰ | $100 |
| ਬਲਦੇਵ ਸੈਣੀ | $50 |
| ਚੰਨਣ ਦੇਹਲ | $50 |
| ਜਰਨੈਲ ਸੋਹੀ | $50 |
| ਗੁਰਤੇਜ ਧਿਰਾਹੀ | $50 |
| ਜੋਗਿੰਦਰ ਧਾਲੀਵਾਲ | $50 |
| ਰਾਜਿੰਦਰ ਸੈਣੀ | $100 |
| ਜੀਤ ਸੈਣੀ | $50 |
| ਦਰਸ਼ਨ ਧਿਰਾਹੀ | $50 |
| ਪੂਰਨ ਭੋਗਲ | $50 |
| ਬਸੰਤ ਹੇਅਰ | $50 |
| ਕੁਲਦੀਪ ਸੈਣੀ | $30 |
| ਸਰੂਪ ਧਾਮੀ | $25 |
| ਸੇਵਾ ਨਿੱਜਰ | $25 |
| ਸ਼ਿਵਚਰਨ ਨਿੱਜਰ | $25 |
| ਗੁਰਦੇਵ ਜੌਹਲ | $25 |
| ਦਿਲਬੀਰ ਧਾਲੀਵਾਲ | $25 |
| ਸਰਦੂਲ | $25 |
| ਪ੍ਰੀਤਮ ਬਸਰਾ | $50 |
| ਹਰਜੀਤ ਸਹੋਤਾ | $25 |
| ਗੁਰਮੀਤ ਬਰਾੜ | $100 |
| ਹਰਭਜਨ ਚੱਠਾ | $40 |
| ਮੋਹਨ ਜੌਹਲ | $25 |
| ਸਵਰਨ ਵਿਰਕ | $100 |
| ਗੁਰਬਚਨ ਧਾਲੀਵਾਲ | $150 |
| ਜਗਦੇਵ ਧਾਲੀਵਾਲ | $150 |
| ਸੁਖਦੇਵ ਧਾਲੀਵਾਲ | $100 |
| ਮੋਹਨ ਸੰਘਾ | $25 |
| ਬਲਦੇਵ ਸੰਘਾ | $25 |
| ਮੋਹਨ ਧਿਰਾਹੀ | $50 |
| ਹਰਦੇਵ ਸੰਧੂ | $30 |
| ਕੁਲਦੀਪ ਗੋਸਲ | $25 |
| ਬਲਬੀਰ ਸੈਣੀ | $25 |
| ਬਹਾਦਰ ਜਗਪਾਲ | $30 |
| ਬਲਦੇਵ ਸਿੰਘ | $30 |
| ਜਗੀਰ ਸਿੰਘ ਖੱਖ | $100 |
| ਕੁਲ ਜੋੜ | $2865.00 |

ਚਰਨਪਾਲ ਗਿੱਲ ਕਮਪੇਅਨ ਕਮੇਟੀ ਵਲੋਂ ਸਾਰਿਆਂ ਭੈਣਾਂ ਤੇ ਵੀਰਾਂ ਦਾ ਬਹੁਤ ਬਹੁਤ ਧੰਨਵਾਦ ।

# ਤਲਵੰਡੀ ਤੇ ਰੋਡੇ ਇਕੋ ਸਟੇਜ ਤੋਂ ਬੋਲੇ

ਲੁਧਿਆਣਾ — ਇਥੋਂ 50 ਕਿਲੋਮੀਟਰ ਦੂਰ ਪਿੰਡ ਜਟਪੁਰਾ ਵਿਚ ਸੰਤ ਅਜਾਇਬ ਸਿੰਘ ਦੇ ਭੋਗ ਸਮੇਂ ਰਾਜਸੀ ਕਾਨਫਰੰਸ ਲੱਗੀ । ਜਿਸ ਵਿਚ ਸੰਯੁਕਤ ਅਕਾਲੀ ਦਲ ਦੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਨੇ ਇਕੋ ਸਟੇਜ ਤੋਂ ਭਾਸ਼ਨ ਦਿੱਤੇ । ਦੋਵਾਂ ਨੇ ਇਕ ਦੂਸਰੇ ਦੇ ਖਿਲਾਫ ਖੂਬ ਭੜਾਸ ਕੱਢੀ । ਤਲਵੰਡੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਰਵ ਉਚ ਬਾਡੀ ਹੈ ਅਤੇ ਅਪੀਲ ਕੀਤੀ ਕਿ ਸਾਰੇ ਸਿੱਖ ਕਮੇਟੀ ਨੂੰ ਮਾਨਤਾ ਦੇਣ ਭਾਈ ਜਸਬੀਰ ਸਿੰਘ ਨੇ ਕਿਹਾ ਕਿ ਸੱਚ ਅਤੇ ਝੂਠ ਦੇ ਨਿਤਾਰੇ ਲਈ ਸਰਬਤ ਖਾਲਸਾ ਸਦਿਆ ਗਿਆ ਹੈ । ਸਰਬਤ ਖਾਲਸਾ ਹੀ ਫੈਸਲਾ ਕਰੇਗਾ ਕਿ ਅਕਾਲ ਤਖਤ ਦਾ ਅਸਲੀ ਜਥੇਦਾਰ ਕੌਣ ਹੈ ।

# ਵੈਨਕੂਵਰ ਦੀਆਂ ਬੇਸਮੈਂਟਾਂ ਬਾਰੇ ਫੈਸਲੇ ਦੀ ਘੜੀ

ਸੁਚੀ ਅਮਰਜੀਤ



ਵੈਨਕੂਵਰ ਵਿਚ ਰਹਿਣ ਵਾਲੇ ਜਾਣਦੇ ਹਨ ਕਿ ਪਿਛਲੇ ਸਮੇਂ ਵਿਚ ਮੇਅਰ ਗੌਰਡਨ ਕੈਂਬਲ ਦੀ ਅਗਵਾਈ ਵਿਚ ਸਿਟੀ ਕੌਂਸਲ ਨੇ ਬੇਸਮੈਂਟਾਂ ਬਾਰੇ ਪਿਛਲੇ ਦੋ ਸਾਲਾਂ ਵਿਚ ਜੋ ਨੀਤੀ ਧਾਰਨ ਕੀਤੀ ਸੀ ਉਸ ਨਾਲ ਸਾਡੀ ਭਾਰਤੀ ਕਮਿਊਨਿਟੀ, ਚੀਨੇ, ਅਟੈਲੀਅਨ ਆਦਿ ਘੱਟ ਗਿਣਤੀਆਂ ਨੂੰ ਜਿਥੇ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਹੈ, ਉਥੇ ਵੈਨਕੂਵਰ ਵਿਚ ਰਹਿਣ ਵਾਲੇ ਘੱਟ ਆਮਦਨੀ ਵਾਲੇ ਕਿਰਾਏਦਾਰ ਲੋਕਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ ।

ਜਿਵੇਂ ਕਿ ਅਸੀਂ ਸਭ ਜਾਣਦੇ ਹਾਂ ਕਿ ਸਾਡੇ ਪਰਵਾਰ ਇਕੱਠੇ ਰਹਿੰਦੇ ਹਨ । ਅਸੀਂ ਪਰਵਾਰ ਵਿਚ ਇਕ ਦੂਜੇ ਦੀ ਸਹਾਇਤਾ ਕਰਦੇ ਹਾਂ । ਸਾਡੇ ਪਰਵਾਰ ਦਾ ਸੰਕਲਪ ਏਥੇ ਕੈਨੇਡੀਅਨ ਪਰਵਾਰ ਦੇ ਸੰਕਲਪ ਨਾਲੋਂ ਚੌੜਾ ਹੈ ਇਸ ਵਿਚ ਸਾਡੇ ਚਾਚੇ, ਤਾਏ, ਮਾਮੇ-ਨਾਨੇ, ਭਾਈ-ਭਤੀਜੇ, ਅਤੇ ਇਸ ਤੋਂ ਵੀ ਅਗੇ ਸਾਡੇ ਬਾਬੇ ਦੇ ਭਰਾਵਾਂ ਦੀ ਸੰਤਾਨ ਅਤੇ ਨਾਨੇ ਦੇ ਭਰਾਵਾਂ ਦੀ ਸੰਤਾਨ ਨੂੰ ਵੀ ਅਸੀਂ ਆਪਣਾ ਪਰਵਾਰ ਸਮਝਦੇ ਹਾਂ । ਇਸ ਦਾ ਇਹ ਭਾਵ ਨਹੀਂ ਕਿ ਇਹ ਪਰਵਾਰ ਨੇੜੇ ਦੇ ਪਰਵਾਰਕ ਮੈਂਬਰਾਂ, ਬਾਬੇ ਤੋਂ ਪੋਤੇ ਤੱਕ ਦੀ ਨੇੜਤਾ ਵਾਲਾ ਹੀ ਹੋਵੇ, ਜੋ ਜਾਇਦਾਦ ਦੇ ਸਾਂਝੀ ਹੁੰਦੇ ਹਨ । ਇਸ ਚੌੜੇ ਪਰਵਾਰ ਦੇ ਮੈਂਬਰਾਂ ਨਾਲ ਸਾਡੀ ਸਭਿਆਚਾਰਕ ਅਤੇ ਸਮਾਜੀ ਸਾਂਝ ਨੇੜੇ ਦੇ ਪਰਵਾਰਕ ਮੈਂਬਰਾਂ ਜਿੰਨੀ ਹੀ ਹੁੰਦੀ ਹੈ, ਸਗੋਂ ਕਈ ਵਾਰ ਹੋਰ ਵੀ ਗੂਹੜੀ ਹੁੰਦੀ ਹੈ ।

ਵੈਨਕੂਵਰ ਸਿਟੀ ਕੌਂਸਲ ਬੇਸਮੈਂਟਾਂ ਨੂੰ ਪਰਵਾਰਕ ਤੌਰ ਉਪਰ ਵਰਤਣ ਦੇ ਸਵਾਲ ਨੂੰ ਲੈ ਕੇ ਕਈ ਮੀਟਿੰਗਾਂ ਕਰ ਕਰਾ ਚੁੱਕੀ ਹੈ । ਇਨ੍ਹਾਂ ਮੀਟਿੰਗਾਂ ਵਿਚ ਕਈ ਨੇਬਰਹੁੱਡ ਮੀਟਿੰਗਾਂ ਵੀ ਸ਼ਾਮਲ ਹਨ । ਸਾਨੂੰ ਇਨ੍ਹਾਂ ਨੇਬਰਹੁੱਡ ਮੀਟਿੰਗਾਂ ਦੀ ਕਾਰਗੁਜ਼ਾਰੀ ਉਪਰ ਕੋਈ ਇਤਰਾਜ਼ ਨਹੀਂ ਹੈ । ਬੇਸ਼ਕ ਮੀਟਿੰਗਾਂ ਦੇ ਫੈਸਲੇ ਬਹੁਗਿਣਤੀ ਦੀ ਰਾਏ ਨਾਲ ਹੁੰਦੇ ਹਨ । ਪਰ ਇਹ ਕਿਵੇਂ ਵੀ ਨਹੀਂ ਹੋ ਸਕਦਾ ਕਿ ਅਸੀਂ ਘੱਟ ਗਿਣਤੀ ਦੇ ਲੋਕ ਕਦੇ ਬਹੁ ਗਿਣਤੀ ਦੇ ਬਰਾਬਰ ਹੋ ਸਕਦੇ ਹਾਂ । ਕਈ ਵਾਰ ਬਹੁ ਗਿਣਤੀ ਵਾਲੇ ਕੈਨੇਡੀਅਨ ਲੋਕ ਸਾਡੇ ਨਾਲ ਸਹਿਮਤ ਵੀ ਹੋ ਜਾਂਦੇ ਹਨ ।

ਇਸ ਵੇਲੇ ਸਵਾਲ ਸਾਡੇ ਲੋਕਾਂ ਦੀ ਸਭਿਆਚਾਰਕ ਢੰਗ ਨਾਲ ਰਹਿਣ ਦੀ ਹਾਲਤ ਨੂੰ ਸਮਝਣ ਦਾ ਹੈ । ਇਹ ਹਮੇਸ਼ਾ ਹੀ ਅਜਿਹੇ ਗੁੰਝਲਦਾਰ ਮਸਲੇ ਨੂੰ ਸਮਝਣਾ ਔਖਾ ਹੁੰਦਾ ਹੈ । ਇਹੋ ਹੀ ਨਹੀਂ ਸਾਡੇ ਲਈ ਕੈਨੇਡੀਅਨ (ਭਾਵ ਪੱਛਮੀ) ਸਭਿਆਚਾਰ ਦੀਆਂ ਸਾਰੀਆਂ ਬਾਰੀਕੀਆਂ ਨੂੰ ਸਮਝਣਾ ਵੀ ਓਨਾਂ ਹੀ ਔਖਾ ਹੁੰਦਾ ਹੈ । ਬੇਸ਼ਕ ਮੋਟੀਆਂ ਮੋਟੀਆਂ ਗੱਲਾਂ ਸਮਝ ਲਈਆਂ ਜਾਂਦੀਆਂ ਹਨ ਪਰ ਡੂੰਘਾਈ ਵਿਚ ਜਾ ਕੇ ਉਨ੍ਹਾਂ ਦੇ ਕਿਉਂ ਅਤੇ ਕਿਵੇਂ ਦੇ ਜੁਆਬ ਦੇਣੇ ਅਸੰਭਵ ਹੁੰਦੇ ਹਨ । ਇਹ ਸਿਰਫ ਉਸ ਵਿਚ ਰਹਿ ਕੇ ਅਤੇ ਉਸ ਨੂੰ ਹੰਢਾ ਕੇ ਸਮਝੇ ਜਾ ਸਕਦੇ ਹਨ । ਹਾਂ ਸਾਡੀ ਅਗਲੀ ਪੀੜੀ ਅਤੇ ਉਸ ਤੋਂ ਅਗਲੀਆਂ ਪੀੜ੍ਹੀਆਂ ਉਸ ਨੂੰ ਕਿਸੇ ਹੱਦ ਤੱਕ ਸਮਝ ਸਕਣਗੀਆਂ ।

ਹੁਣ ਬੇਸਮੈਂਟਾਂ ਦਾ ਮੋਟਾ ਸਵਾਲ ਹੈ ਕਿ ਅਸੀਂ ਇਸ ਸਵਾਲ ਉਪਰ ਸਿਟੀ ਕੌਂਸਲ ਨੂੰ ਇਹ ਕਹਿਣਾ ਚਾਹੁੰਦੇ ਹਾਂ ਕਿ ਉਹ ਚੌੜੇ ਘੇਰੇ ਵਾਲੇ ਪਰਵਾਰ ਨੂੰ ਘਰ ਵਿਚ ਰਹਿਣ ਦੀ ਆਗਿਆ ਦੇਵੇ ਅਤੇ ਇਸ ਸੰਬੰਧ ਵਿਚ 5000 ਡਾਲਰ ਬਾਂਡ ਤੇ 2000 ਡਾਲਰ ਜ਼ੁਰਮਾਨਾ ਕਰਨ ਦੀ ਵਿਵਸਥਾ ਨੂੰ ਖਤਮ ਕਰਨ । ਪਰਵਾਰ ਦੀ ਵਿਆਖਿਆ ਨੂੰ ਲੰਘਕੇ ਹੋਰ ਕਿਸੇ ਨੂੰ ਬੇਸਮੈਂਟ ਵਿਚ ਠਹਿਰਾਉਣ ਵਾਲੇ ਦਾ ਬਾਂਡ ਜ਼ਬਤ ਕਰ ਲਿਆ ਜਾਵੇਗਾ ਅਤੇ ਬੇਸਮੈਂਟ ਪਰਵਾਰ ਦੀ ਵਰਤੋਂ ਲਈ ਰਜਿਸਟਰ ਨਾ ਕਰਵਾਉਣ ਵਾਲੇ ਨੂੰ 2000 ਜ਼ੁਰਮਾਨਾ ਕੀਤਾ ਜਾ ਸਕੇਗਾ ।

## 20 ਅਕਤੂਬਰ ਦੀ ਮੀਟਿੰਗ

ਵੈਨਕੂਵਰ ਮਿਊਂਸਪਲ ਕੌਂਸਲ ਨੇ ਵੈਨਕੂਵਰ ਦੇ ਰਹਿਣ ਵਾਲਿਆਂ ਦੇ ਬੇਸਮੈਂਟਾਂ ਦੇ ਸਵਾਲ ਉਪਰ, ਪਰਵਾਰ ਦੀ ਵਿਆਖਿਆ ਨੂੰ ਕਾਨੂੰਨੀ ਰੂਪ ਦੇਣ, ਘਰਾਂ ਲਈ ਪਾਰਕਿੰਗ ਦੇ ਮਸਲੇ ਉਪਰ ਕਾਨੂੰਨਾਂ ਵਿਚ ਤਬਦੀਲੀ ਕਰਨ ਲਈ, ਪਬਲਿਕ ਸੁਣਵਾਈ (Hearing) ਲਈ 20 ਅਕਤੂਬਰ 1988 ਦਿਨ ਵੀਰਵਾਰ, ਸ਼ਾਮ ਦੇ 7.30 ਵਜੇ ਸਿਟੀ ਹਾਲ ਵੈਨਕੂਵਰ ਵਿਚ, ਜੋ ਕੈਂਬੀ ਸਟਰੀਟ ਅਤੇ 12 ਐਵੇਨੀਊ ਦੇ ਖੂੰਜੇ ਉਤੇ ਹੈ, ਸੱਦੀ ਹੈ ।

ਵੈਨਕੂਵਰ ਵਿਚ ਰਹਿਣ ਵਾਲੇ ਹਰ ਉਸ ਬੰਦੇ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਉਥੇ ਪੁੱਜਣਾ ਚਾਹੀਦਾ ਹੈ । ਅਤੇ ਮਿਊਂਸਪਲ ਕੌਂਸਲ ਵੈਨਕੂਵਰ ਦੇ ਪੇਸ਼ ਹੋ ਕੇ ਆਪਣੇ ਵਿਚਾਰ ਦੱਸਣੇ ਚਾਹੀਦੇ ਹਨ । ਪੰਜਾਬੀ ਬੋਲਣ ਵਾਲਿਆਂ ਦੇ ਵਿਚਾਰਾਂ ਨੂੰ ਅੰਗਰੇਜ਼ੀ ਵਿਚ ਕਰਕੇ ਦੱਸਣ ਲਈ, ਸਹਾਇਤਾ ਕੀਤੀ ਜਾ ਸਕੇਗੀ ।

ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ ਸਾਰੇ ਭਾਰਤੀਆਂ ਨੂੰ ਅਪੀਲ ਹੈ ਕਿ ਆਓ ਪਬਲਿਕ ਸੁਣਵਾਈ ਵਿਚ ਹਾਜ਼ਰ ਹੋ ਕੇ ਜ਼ੋਰਦਾਰ ਸ਼ਬਦਾਂ ਨਾਲ ਵਡੇਰੇ ਪਰਵਾਰ ਦੀ ਵਿਆਖਿਆ ਲਈ ਆਵਾਜ਼ ਉਠਾਈਏ । ਬਾਂਡ ਅਤੇ ਜ਼ੁਰਮਾਨੇ ਦੀ ਵਿਵਸਥਾ ਖਤਮ ਕਰਵਾਈਏ ਅਤੇ ਸਿਹਤ ਅਤੇ ਸੁਰੱਖਿਆ ਦੀਆਂ ਸ਼ਰਤਾਂ ਪੂਰੀਆਂ ਕਰਨ ਵਾਲੀਆਂ ਬੇਸਮੈਂਟਾਂ, ਲਈ ਲਾਈਸੈਂਸ ਪ੍ਰਾਪਤ ਕੀਤੇ ਜਾ ਸਕਣ ਲਈ ਜ਼ੋਰ ਪਾਈਏ ।

ਪਹਿਲਾਂ ਮਿਊਂਸਪਲ ਕੌਂਸਲ ਨੇੜੇ ਦੇ ਪਰਵਾਰ ਦੀ ਵਿਆਖਿਆ ਅਸੂਲੀ ਤੌਰ ਉਪਰ ਮੰਨ ਚੁੱਕੀ ਸੀ, ਜਿਸ ਨੂੰ ਪਾਸ ਕਰਕੇ ਕਾਨੂੰਨੀ ਰੂਪ ਇਸ ਮੀਟਿੰਗ ਵਿਚ ਦੇਣਾ ਚਾਹੁੰਦੀ ਹੈ ਪਰ ਅਸੀਂ ਵਡੇਰੇ ਪਰਵਾਰ ਲਈ ਜ਼ੋਰ ਦਿੰਦੇ ਹਾਂ । ਤੁਹਾਡੇ ਸਹਿਯੋਗ ਨਾਲ ਅਸੀਂ ਇਹ ਵੀ ਮੰਨਵਾ ਸਕਦੇ ਹਾਂ ।

ਤੁਹਾਨੂੰ ਪਤਾ ਹੀ ਹੈ ਕਿ 19 ਨਵੰਬਰ 1988 ਨੂੰ ਚੋਣਾਂ ਆ ਰਹੀਆਂ ਹਨ । ਹੁਣ ਕੌਂਸਲ ਉਪਰ ਦਬਾਅ ਪਾਉਣ ਦਾ ਸਮਾਂ ਹੈ । ਪਹਿਲਾਂ ਕੋਪ ਦੀ ਬਹੁ ਗਿਣਤੀ ਵਾਲੀ ਕੌਂਸਲ ਨੇ ਕਦੇ ਕਿਸੇ ਨੂੰ ਪਰੇਸ਼ਾਨ ਨਹੀਂ ਕੀਤਾ ਸੀ । ਪਰ ਇਸ ਕੌਂਸਲ ਨੇ ਤਾਂ ਸਾਡੇ ਪਰਵਾਰਾਂ ਨੂੰ ਖੇਰੂੰ ਖੇਰੂੰ ਕਰਨ ਲਈ ਲੱਕ ਬੰਨ੍ਹ ਲਿਆ ਸੀ ਜੇਕਰ ਅਸੀਂ ਆਵਾਜ਼ ਉਚੀ ਨਾ ਕਰਦੇ । ਤੁਹਾਨੂੰ ਯਾਦ ਹੋਵੇਗਾ ਕਿ ਜਾਹਨ-ਓਲੀਵਰ ਸਕੂਲ ਅਤੇ ਕਲਾਰਨੀ ਕਮਿਊਨਿਟੀ ਸੈਂਟਰ ਵਿਚ ਕੀਤੇ ਇਕੱਠਾਂ ਨੇ ਮੇਅਰ ਕੈਂਬਲ ਦੀ ਕੌਂਸਲ ਨੂੰ ਮਜ਼ਬੂਰ ਕਰ ਦਿੱਤਾ ਸੀ ਕਿ ਸਾਡੇ ਬਜ਼ੁਰਗਾਂ ਦਾ ਘਰਾਂ ਵਿਚੋਂ ਉਜਾੜਾ ਬੰਦ ਕਰੇ ।

ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਅਪੀਲ ਹੈ ਕਿ ਆਓ ! ਇਹ ਅੰਤਮ ਹੰਭਲਾ ਮਾਰੀਏ । ਆਉਣ ਵਾਲੀਆਂ ਮਿਊਂਸਪਲ ਚੋਣਾਂ ਵਿਚ ਕੋਪ ਤੇ ਐਨ. ਡੀ. ਪੀ. ਦੀ ਸਾਂਝੀ ਸਲੇਟ ਨੂੰ ਜਿਤਾਈਏ । ਜੇਕਰ ਫੇਰ ਤੋਂ ਹੁਣ ਵਾਲੀ ਐਨ. ਪੀ. ਏ. ਦੀ ਕੌਂਸਲ ਭਾਰੀ ਗਿਣਤੀ ਵਿਚ ਜਿੱਤ ਗਈ ਤਾਂ ਪਤਾ ਨਹੀਂ ਕਿਹੋ ਜਿਹੇ ਕਾਨੂੰਨ ਬਣਾਵੇ, ਜੋ ਲੋਕਾਂ ਨੂੰ ਮੁਸ਼ਕਲਾਂ ਵਿਚ ਪਾ ਦੇਵੇ । ਇਹ ਕੌਂਸਲ ਵੱਡੇ ਅਪਾਰਟਮੈਂਟਾਂ ਦੇ ਮਾਲਕਾਂ ਦੇ ਹਿੱਤਾਂ ਵਿਚ ਕੰਮ ਕਰਨ ਵਾਲੀ ਕੌਂਸਲ ਤੋਂ ਸਾਨੂੰ ਆਮ ਲੋਕਾਂ ਦੇ ਹਿੱਤਾਂ ਵਿਚ ਖੜ੍ਹੇ ਹੋਣ ਵਾਲੇ ਕੌਂਸਲ ਮੈਂਬਰਾਂ ਦੀ ਚੋਣ ਦੀ ਲੋੜ ਹੈ ।

- ਵਡੇਰੇ ਪਰਵਾਰ ਲਈ ਬੇਸਮੈਂਟਾਂ ਦੀ ਵਰਤੋਂ ਨੂੰ ਕਾਨੂੰਨੀ ਬਣਾਉਣ ਲਈ
- 5000 ਡਾਲਰ ਦੇ ਬਾਂਡ ਰੱਖਣ ਦੀ ਸ਼ਰਤ ਖਤਮ ਕਰਨ ਲਈ
- 2000 ਡਾਲਰ ਜ਼ੁਰਮਾਨੇ ਦੀ ਵਿਵਸਥਾ ਖਤਮ ਕਰਵਾਉਣ ਲਈ

ਪਬਲਿਕ ਹੀਅਰਿੰਗ ਵਿਚ ਉਪਰ ਦਿੱਤੇ ਸਮੇਂ ਅਨੁਸਾਰ 20 ਅਕਤੂਬਰ ਸ਼ਾਮ ਨੂੰ ਵੱਡੀ ਗਿਣਤੀ ਵਿਚ ਪੁੱਜੋ ।


INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ । ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ । ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.
(Authorized Ad)

C.S. Mangat
(Ex. Bank Manager)
594-5711 594-2254

LM KLM KLM KLM KLM KLM KLM KLM KL

■ ਸਪੈਸ਼ਲ ■ ■ ਸਪੈਸ਼ਲ ■ ■ ਸਪੈਸ਼ਲ ■

# GABA TRAVELS (1982) LTD.

(6612 MAIN ST., VANCOUVER, B.C. V5X 3H2

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

**Tel. (604) 324-3336**

ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32



KLM

**AUTHORIZED AGENTS FOR AIR INDIA**
AND NOW WE ARE AUTHORISED

TOLL FREE NO.
B. C. & ALBERTA
1—800 663 6696

**K.L.M.**
(ROYAL DUTCH AIRLINES)

SPECIAL FARE TO: Delhi, Karachi, Colombo, Singapore, London, Amsterdam
ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

| | | |
|---|---|---|
| **GABA TRAVELS** | **GABA TRAVELS** | **GABA TRAVELS** |
| (Opposit Friends Theatre) | V.P.O. NURMAHAL | NEW DELHI |
| JALLANDHAR CITY | JALLANDHAR | |
| TEL. 74597 | TEL. 49 | |

LM KLM KLM KLM KLM KLM KLM KLM KLM

KLM KLM KLM KLM KLM KLM KLM KLM

KLM KLM KLM KLM KLM KLM KLM K


# ਪ੍ਰਧਾਨ ਗੋਰਬਾਚੋਵ 21 ਨਵੰਬਰ ਨੂੰ ਭਾਰਤ ਪੁੱਜਣਗੇ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਅਤੇ ਪ੍ਰਧਾਨ ਸ੍ਰੀ ਗੋਰਬਾਚੋਵ 21 ਨਵੰਬਰ ਨੂੰ ਭਾਰਤ ਦਾ ਸਰਕਾਰੀ ਦੌਰਾ ਕਰ ਰਹੇ ਹਨ। ਉਹ ਇਕ ਸਾਲ ਤੋਂ ਭਾਰਤ ਵਿਚ ਸੋਵੀਅਤ ਯੂਨੀਅਨ ਵਲੋਂ ਮਨਾਏ ਜਾ ਰਹੇ ਉਤਸਵ ਦੀ ਸਮਾਪਤੀ ਦੀਆਂ ਰਸਮਾਂ ਨੂੰ ਪੂਰਿਆਂ ਕਰਨਗੇ। ਇਹ ਉਨ੍ਹਾਂ ਦੀ ਦੂਜੀ ਭਾਰਤ ਦੀ ਯਾਤਰਾ ਹੋਵੇਗੀ। ਪਹਿਲਾਂ ਉਹ 1986 ਵਿਚ ਭਾਰਤ ਆਏ ਸਨ।

ਰਾਜਨੀਤਕ ਹਲਕੇ ਇਸ ਯਾਤਰਾ ਨੂੰ ਭਾਰਤੀ ਮਹੱਤਤਾ ਦੇ ਰਹੇ ਹਨ ਜਦੋਂ ਕਿ ਸੋਵੀਅਤ ਅਤੇ ਅਮਰੀਕੀ ਸੰਬੰਧ ਅਤੇ ਚੀਨ ਤੇ ਸੋਵੀਅਤ ਸੰਬੰਧ ਸੁਧਰ ਰਹੇ ਹਨ। ਆਪਣੀ ਯਾਤਰਾ ਦੌਰਾਨ ਸ੍ਰੀ ਗੋਰਬਾਚੋਵ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਸੰਸਾਰ ਸਮੱਸਿਆਵਾਂ ਅਤੇ ਆਪਸੀ ਸੰਬੰਧਾਂ ਬਾਰੇ ਗੱਲਬਾਤ ਕਰਨਗੇ। ਇਸੇ ਸਮੇਂ ਉਨ੍ਹਾਂ ਨੂੰ ਇੰਟਰਨੈਸ਼ਨਲ ਇੰਦਰਾ ਗਾਂਧੀ ਪੁਰਸਕਾਰ ਦੇ ਕੇ ਵੀ ਸਨਮਾਨਤ ਕੀਤਾ ਜਾਵੇਗਾ। ਸੋਵੀਅਤ ਉਤਸਵ 22 ਨਵੰਬਰ ਨੂੰ ਸਮਾਪਤ ਹੋ ਰਿਹਾ ਹੈ।

# ਜਨਤਾ ਸਰਕਾਰ ਤੋਂ ਸਬਕ ਸਿੱਖਿਆ — ਸਿੰਘ

ਚੰਡੀਗੜ੍ਹ — ਜਨ ਮੋਰਚੇ ਅਤੇ ਲੀਡਰ ਅਤੇ ਸਾਬਕਾ ਵਿੱਤ ਮੰਤਰੀ ਵੀ. ਪੀ. ਸਿੰਘ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਚੈਲਿੰਜ ਕੀਤਾ ਹੈ ਕਿ ਉਹ ਜਦੋਂ ਚਾਹੁਣ ਚੋਣਾਂ ਕਰਵਾ ਸਕਦੇ ਹਨ। ਸਾਰੀ ਅਪੋਜ਼ੀਸ਼ਨ ਦੋ ਦੋ ਹੱਥ ਕਰਨ ਲਈ ਤਿਆਰ ਹੈ। ਵੀ ਪੀ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਕੁਝ ਚਮਚੇ ਜਾ ਕੇ ਉਹਨਾਂ ਨੂੰ ਸਲਾਹ ਦਿੰਦੇ ਹਨ ਕਿ ਜੇਕਰ ਹੁਣੇ ਆਮ ਚੋਣਾਂ ਕਰਵਾ ਦਿੱਤੀਆਂ ਜਾਣ ਤਾਂ ਅਪੋਜ਼ੀਸ਼ਨ ਆਪਸੀ ਫੁੱਟ ਦੇ ਕਾਰਨ ਹਾਰੇਗੀ। ਪਰ ਗੱਲ ਇਹ ਨਹੀਂ ਹੈ ਅਪੋਜ਼ੀਸ਼ਨ ਨੇ ਮਜ਼ਬੂਤ ਰਾਸ਼ਟਰੀ ਮੋਰਚਾ ਬਣਾ ਲਿਆ ਹੈ।


# Bhambra Construction Co. Ltd.

— ਸਪੈਸ਼ਲ ਸੇਵਾਵਾਂ —
— ਘਰਾਂ ਦੀ ਉਸਾਰੀ ਦੇ ਕੰਮਾਂ ਦੇ ਮਾਹਿਰ —
ਨੀਂਹਾਂ, ਫਰੇਮਿੰਗ, ਫਿਨਸ਼ਿੰਗ, ਘਰਾਂ 'ਚ ਵਧਾਰਾ ਕਰਨਾ, ਕਸਟਮ ਘਰਾਂ ਦੇ ਸਪੈਸ਼ਲਿਸਟ
ਕੰਮ ਦੀ ਗਰੰਟੀ ਤੇ ਫ਼ਰੀ ਐਸਟੀਮੇਟ

ਫ਼ੋਨ ਕਰੋ :

ਅਮਰੀਕ 859-3617

— SPECIALIZING IN —
Foundations, Framing, Finishing, Housing Additions,
Also Specializing in CUSTOM HOMES

**GUARANTEED WORK & FREE ESTIMATES**

call:

**AMRIK 859-3617**


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.......................................................
Address.......................................................
City.......................................................
Province.......................................................
Postal code.......................................................
PHONE.

| | |
|---|---|
| One Year .................... | 30 dollars |
| Two Year .................... | 55 dollars |
| Three year .................... | 80 dollars |
| Life membership.......... | 500 dollars |
| ASIA.......................... | 150 dollars [a year] |
| U.S.A. ...................... | 35 dollars [a year] |
| Europe ...................... | 150 dollars [a year] |
| Africa ...................... | 150 dollars [a year] |




Rupinder Azad

I Serve :— ■ LIFE INSURANCE NEEDS

(Rupinder Azad)

Personal, family or Corporation owned - Life, Disability, Group Insurance etc. (Dental Plan alone, if you qualify)

I Serve :— ■ REAL ESTATE NEEDS (Buying or Selling?)

Residential House, Farm, Acreage, Lots, investments, Business, Commercial or industrial property — Anywhere in B.C. — Please call :

ਰੁਪਿੰਦਰ ਆਜ਼ਾਦ ਵਲੋਂ:
1970 ਤੋਂ ਆਪਣੀ ਕਮਿਊਨਿਟੀ ਦੀ ਲਾਈਫ ਨਿਸ਼ੋਰੈਂਸ ਦੀਆਂ ਲੋੜਾਂ ਦੀ
ਪੂਰਤੀ ਤੇ ਸੇਵਾਵਾਂ ਕਰਨ ਦੇ ਨਾਲ ਨਾਲ
ਹੁਣ ਰੀਅਲ ਐਸਟੇਟ ਦੀਆਂ ਸੇਵਾਵਾਂ ਵੀ ਹਾਜ਼ਰ ਹਨ:-
ਡੇ ਸਪਰਿੰਗ ਰੀਐਲਟੀ ਲਿ:

Toll Free 1—800—663—8134

**Ph. (604) 850-6646**

[24 hours]

Dayspring Realty Ltd.

#21 - 31940 South Fraser Way, Clearbrook, B.C. V2T 1V6

# ਪੀਲੀਆ — ਇਲਾਜ ਦੀ ਬੁਨਿਆਦ ਵਿਗਿਆਨ ਹੋਵੇ

ਡਾ. ਜਸਵੰਤ ਗਿੱਲ

ਇਸ ਸਾਲ ਫਿਰ ਪੀਲੀਆ ਪੰਜਾਬ ਦੇ ਦਰ ਖੜਕਾਂਦਾ ਆ ਗਿਐ। ਇਸ ਬੀਮਾਰੀ ਨੇ ਕੁਝ ਵਰ੍ਹੇ ਪਹਿਲਾਂ ਵੀ ਵਬਾ ਦਾ ਰੂਪ ਧਾਰ ਕੇ ਫੇਰੀ ਪਾਈ ਸੀ। ਗੰਦੀ ਨਾਲੀ ਦੀ ਪਤਲੀ ਧਾਰਾ ਨੇ ਉਦੋਂ ਜਿਮੀਂ ਅੰਦਰ ਧਸ ਕੇ ਇਕ ਜਲ ਭੰਡਾਰ ਨੂੰ ਪਲੀਤ ਕੀਤਾ ਸੀ। ਜਿਸ ਕਿਸੇ ਉਹ ਪਾਣੀ ਪੀਤਾ, ਰੋਗ-ਲਾਗ ਦੀ ਪਕੜ ਵਿਚ ਆ ਗਿਆ। ਇਸ ਸ਼ਿਕੰਜੇ ਨੂੰ ਤੋੜਨ ਲਈ ਵਿਗਿਆਨਕ ਸੂਝ ਤੇ ਪਹੁੰਚ ਅੱਜ ਵੀ ਜ਼ਰੂਰੀ ਹੈ। ਪੀਲੀਆ, ਸਿਰਫ ਸਿਰਮੌਰ ਲੱਛਣ ਹੈ। ਇਸ ਦੇ ਮੁੱਢ ਵਿਚ ਜਿਗਰ ਸੋਜ ਦੀ ਬੀਮਾਰੀ ਲੁਕੀ ਹੁੰਦੀ ਹੈ ਤੇ ਇਹ ਕਈ ਕਾਰਨਾਂ ਤੋਂ ਉਪਜਦੀ ਹੈ। ਪਿੱਤ ਥੈਲੀ ਤੇ ਨਾਲੀ, ਸੋਜ ਜਾਂ ਕਿਸੀ ਹੋਰ ਤਰੀਕੇ ਮੁੰਦੀ ਜਾਏ, ਤਾਂ ਵੀ ਬਿਲੀਰੂਬੀਨ (ਪਿੱਤ-ਰੰਗ) ਲਹੂ ਵਿਚ ਜਮ੍ਹਾਂ ਹੁੰਦਾ, ਇਕ ਖਾਸ ਮਾਤਰਾ ਟੱਪ ਕੇ ਸਰੀਰ ਦੀ ਚਮੜੀ, ਮਿਊਕਸ ਝਿਲੀ ਤੋਂ ਤਰਲ ਮਾਦੇ ਨੂੰ ਪੀਲੀ ਰੰਗਤ ਦਿੰਦਾ ਹੈ। ਇਸੀ ਦਾ ਨਾਂ ਪੀਲੀਆ ਹੈ।

ਬੀਲੀਰੂਬੀਨ, ਫੁੱਟੇ ਟੁੱਟੇ ਰਕਤਾਣੂਆਂ ਦੀ ਰਹਿੰਦ ਤੋਂ ਜਿਗਰ ਅੰਦਰ ਘੜੀ ਜਾਂਦੀ ਤੇ ਪਿੱਤ (ਬਾਈਲ) ਰਾਹੀਂ ਖਾਰਜ ਹੁੰਦੀ ਹੈ। ਜਨਮ ਸਮੇਂ ਲਹੂ ਅੰਦਰ ਜੁੜੇ ਵਾਧੂ ਰੱਤੀ ਰਕਤਾਣੂ ਵੱਧ ਮਾਤਰਾ ਵਿਚ ਟੁਟਦੇ ਹਨ। ਇਸੀ ਕਾਰਨ ਹਰ ਨਵ ਬਾਲ ਨੂੰ ਥੋੜ੍ਹਾ ਜਾਂ ਬਹੁਤਾ ਪੀਲੀਆ ਉਘੜਦਾ ਹੈ। ਹਫਤੇ ਦਸ ਦਿਨ ਤਾਈਂ ਇਹ ਆਪੀਂ ਉਤਰ ਜਾਂਦਾ ਹੈ ਤੇ ਬਾਲ ਅਰੋਗਤਾ ਉਤੇ ਇਸ ਦਾ ਮਾੜਾ ਅਸਰ ਨਹੀਂ ਪੈਂਦਾ। ਨਵ-ਜਨਮੇ ਦੀ ਪੀਲੀਆ ਡੂੰਘਾ ਹੁੰਦਾ ਜਾਏ, ਸਮੇਂ ਸਿਰ ਰਾਜ਼ੀ ਨਾ ਹੋਏ ਤਾਂ ਇਹ ਗੰਭੀਰ ਰੋਗ ਦਾ ਸੂਚਕ ਹੈ। ਸੰਭਵ ਹੈ, ਬਾਲ ਲਹੂ ਦਾ ਆਰ. ਐਚ. ਫੈਕਟਰ, ਮਾਂ ਲਹੂ ਤੋਂ ਵੱਖਰਾ ਹੈ ਤੇ ਇਸ ਦੀ ਰਕਤਾਣੂ ਤੋੜ-ਫੋੜ ਵਧ ਗਈ ਹੈ। ਇਸ ਬਾਲ ਨੂੰ ਫੌਰੀ ਮੈਡੀਕਲ ਆਸਰੇ ਦੀ ਲੋੜ ਹੈ।

1200 ਤੋਂ 1500 ਗ੍ਰਾਮ ਭਾਰੀ ਜਿਗਰ, ਸਰੀਰ ਦਾ ਸਭ ਤੋਂ ਵੱਡਾ ਅੰਗ ਹੈ ਮਾਸ ਪਰਦਾ, ਡਾਇਫਰਾਮ, ਇਸ ਨੂੰ ਸੱਜੇ ਫੇਫੜੇ ਤੋਂ ਵੱਖ ਕਰਦਾ ਹੈ। ਫੇਫੜੇ ਵਾਂਗ, ਸਾਹ ਕਿਰਿਆ ਵੇਲੇ ਜਿਗਰ ਉਚਾ ਨੀਵਾਂ ਹੁੰਦਾ ਹੈ। ਡੂੰਘਾ ਸਾਹ ਖਿਚਿਆ ਇਸ ਦਾ ਹੇਠਲਾ ਸਿਰਾ ਪੜਤਾਲ ਦੀ ਉਂਗਲ ਨੂੰ ਛੂੰਹਦਾ ਹੈ। ਸੱਜੇ ਪਾਸੇ ਜਿਗਰ ਤੇ ਖੱਬੀ ਵੱਖੀ ਵਿਚ ਤਿੱਲੀ ਦੇ ਆਕਾਰ ਆਦਿ ਨੂੰ ਜਾਂਚ ਕੇ, ਡਾਕਟਰ ਕਈ ਰੋਗਾਂ ਦੀ ਪੈੜ ਪਛਾਣ ਲੈਂਦਾ ਹੈ।

ਹਰ ਮਿੰਟ 1500 ਮ. ਲ. ਲਹੂ ਜਿਗਰ ਵਿਚੋਂ ਗੁਜ਼ਰਦਾ ਹੈ। ਕੁਝ ਸਿੱਧਾ ਦਿਲ ਵਲੋਂ ਆਂਦਾ ਇਸ ਦੀ 50 ਪ੍ਰਤੀਸ਼ਤ ਆਕਸੀਜ਼ਨ ਲੋੜ ਪੂਰੀ ਕਰਦਾ ਹੈ। ਬਾਕੀ ਲਹੂ, ਪੋਰਟਲ, ਵੇਨ ਰਾਹੀਂ, ਖਾਧ ਖੁਰਾਕ ਦਾ ਥੋਕ ਸਮਾਨ ਲੈ ਕੇ, ਆਂਦਰਾਂ ਵਲੋਂ ਜਿਗਰ ਵਿਚ ਦਾਖਲ ਹੁੰਦਾ, ਇਸ ਦੀ 35 ਪ੍ਰਤੀਸ਼ਤ ਆਕਸੀਜ਼ਨ ਦਿੰਦਾ ਹੈ। ਪੋਰਟਲ ਲਹੂ ਨੂੰ ਪੁਣ-ਛਾਣ ਕੇ, ਜਿਗਰ ਸੈਲ ਖਾਧ ਤੱਤਾਂ ਦਾ ਰੂਪ ਵਟਾ ਕੇ ਇਸ ਨੂੰ ਮੁੜ ਲਹੂ ਧਾਰਾ ਦਾ ਹਿਸਾ ਬਣਾਂਦੇ ਹਨ। ਲਹੂ ਦੀ ਚੁੱਕਣ ਸਮਰੱਥਾ ਤੋਂ ਵਧੇ ਕਾਰਬੋਹਾਈਡ੍ਰੇਟ, ਪ੍ਰੋਟੀਨ, ਫੈਟ ਆਦਿ ਨਵੇਂ ਸਿਰਿਓਂ ਘੜ ਸੰਵਾਰ ਕੇ, ਜਿਗਰ ਇਸ ਸਮਗਰੀ ਨਾਲ, ਜਿਸਮ ਦੇ ਭੰਡਾਰ, ਔੜ ਸਮੇਂ ਲਈ ਭਰੀ ਰਖਦਾ ਹੈ

ਗਲੂਕੋਸ ਦੀ ਇਥੇ ਗਲਾਇਕੋਜਨ ਬਣਦੀ ਹੈ। ਲਹੂ ਦੇ ਐਲਬਿਊਮਨ, ਗਲਾਬੂਲੀਨ ਤੇ ਹੋਰ ਐਂਜਾਈਮ, ਖੁਰਾਕ ਵਲੋਂ ਆਏ ਅਮੀਨੋ-ਐਸਿਡ ਤੋਂ ਘੜੇ ਜਾਂਦੇ ਹਨ। ਫੈਟੀ ਐਸਿਡ ਨੂੰ ਜਿਗਰ ਕੋਲੈਸਟਰਾਲ ਦਾ ਰੂਪ ਦਿੰਦਾ ਹੈ। ਲਹੂ ਅੰਦਰ ਕੋਲੈਸਟਰਾਲ ਦੀ ਵਧੀ ਮਾਤਰਾ, ਵੱਧ-ਲਹੂ ਦਬਾਅ ਦਾ ਕਾਰਨ ਸਮਝੀ ਜਾਂਦੀ ਹੈ।

ਫੈਟ ਪਾਚਣ ਦੀ ਮੁੱਖ ਭੂਮਿਕਾ ਨਿਭਾਉਂਦੀ ਬਾਈਲ (ਪਿੱਤ) ਵੀ ਜਿਗਰ ਅੰਦਰੋਂ ਰਿਸਦੀ ਹੈ। ਇਸ ਦੇ ਦੋ ਪ੍ਰਮੁਖ ਪਦਾਰਥਾਂ ਵਿਚੋਂ ਇਕ ਬਾਈਲ-ਸਾਲਟ ਹੈ। ਆਂਦਰਾਂ ਅੰਦਰ ਫੈਟ ਹਾਜ਼ਮੇ ਦਾ ਕੰਮ ਮੁਕਾ ਕੇ ਇਹ ਸਾਲਟ ਮੁੜ ਲਹੂ ਵਿਚ ਜਜ਼ਬ ਹੁੰਦੇ ਹਨ। ਲਹੂ ਵਿਚੋਂ ਚੁਣ ਕੇ ਜਿਗਰ ਸੈਲ ਬ. ਸਾਲਟ ਨੂੰ ਮੁੜ ਬਾਈਲ ਦੀ ਧਾਰਾ ਬਣਾਉਂਦੇ ਹਨ। ਇਵੇਂ ਇਹ ਦੁਰਲੱਭ ਵਸਤੂ ਇਕ ਚੱਕਰ ਵਿਚ ਘੁੰਮਦੀ ਫੈਟ ਹਾਜ਼ਮੇ ਦਾ ਕੰਮ ਕਰੀ ਜਾਂਦੀ ਹੈ ਤੇ ਇਸ ਦਾ ਬੜਾ ਥੋੜ੍ਹਾ ਹਿਸਾ ਰੋਜ਼ਾਨਾ ਨਸ਼ਟ ਹੁੰਦਾ ਹੈ।

ਬਾਈਲ ਦਾ ਦੂਜਾ ਤੱਤ, ਬੀਲੀ ਰੂਬੀਨ, ਪੀਲਾ ਰੰਗ, ਰਕਤਾਣੂ ਤੇ ਹੋਰ ਟੁੱਟ ਫੁੱਟ ਸਮੱਗਰੀ ਤੋਂ ਬਣਿਆ, ਪਿੱਤ ਰਾਹੀਂ ਆਂਦਰਾਂ ਵਿਚ ਖਾਰਜ ਹੁੰਦਾ ਹੈ। ਇਸ ਦੀ ਬੜੀ ਥੋੜ੍ਹੀ ਮਾਤਰਾ ਲਹੂ ਅੰਦਰ ਰਹਿੰਦੀ ਹੈ, ਬਾਕੀ ਟੱਟੀ ਪਿਸ਼ਾਬ ਰਾਹੀਂ ਬਾਹਰ ਨਿਕਲਦੀ ਹੈ।

ਅਨੇਕ ਪ੍ਰਕਾਰ ਦੇ ਕਿਟਾਣੂ, ਰੋਗਾਣੂ ਤੇ ਹੋਰ ਬੇਮਤਲਬ ਤੱਤ, ਜਿਗਰ ਅੰਦਰ ਹੀ ਨਸ਼ਟ ਹੁੰਦੇ ਹਨ। ਦਵਾਈਆਂ ਤੇ ਵਿਹੁਲੀਆਂ ਵਸਤੂਆਂ ਨੂੰ ਬੇਅਸਰ ਕਰਦਾ ਜਿਗਰ ਇਨ੍ਹਾਂ ਦੇ ਯੋਗ ਨੂੰ ਮਲ ਮੂਤ ਰਾਹੀਂ ਬਾਹਰ ਸੁੱਟ ਦਿੰਦਾ ਹੈ।

ਐਡਾ ਸੁਯੋਗ ਕਾਮਾ, ਪਹਿਰੇਦਾਰ ਤੇ ਘੜਨ ਭੰਜਨਹਾਰ, ਜਿਗਰ ਅੰਗ ਜੇ ਕਦੇ ਵਿਗੜ ਜਾਏ ਜਾਂ ਵੈਰੀ ਪਾਸੋਂ ਹਾਰ ਮੰਨ ਲਵੇ, ਫਿਰ ਸਰੀਰ ਦੀ ਸਾਰੀ ਤਾਣੀ ਉਲਝ ਜਾਂਦੀ ਹੈ। ਸਾਡੀ ਬੋਲੀ ਤੇ ਕਥਾ ਕਹਾਣੀਆਂ ਅੰਦਰ ਇਸੇ ਲਈ ਜਿਗਰ ਦਾ ਨਾਂ ਸ਼ਕਤੀ ਤੇ ਤਕੜਾਈ ਨਾਲ ਜੁੜਿਆ ਹੋਇਆ ਹੈ। ਸਰੀਰ ਦਾ ਬੋਲ-ਬਾਲਾ ਉਸ ਦੇ ਜਿਗਰ ਦੀ ਤੰਦਰੁਸਤੀ ਨਾਲ ਸਬੰਧਤ ਹੈ। ਜਿਗਰ ਸੈਲ ਛਿਜਣ ਲੱਗੇ, ਸਾਰੇ ਅੰਗ ਰਸਾਤਲ ਵੱਲ ਰਿੜ੍ਹ ਪੈਂਦੇ ਹਨ। ਇਸ ਦੁਖਾਂਤ ਨੂੰ ਰੋਕਣ ਲਈ, ਕੁਦਰਤ ਨੇ ਜਿਗਰ ਨੂੰ ਲੋੜ ਤੋਂ ਕਿਤੇ ਵੱਧ ਸਮੱਗਰੀ ਦਿੱਤੀ ਹੈ। ਇਸ ਦੇ ਥੋੜ੍ਹੇ ਵਿਗਾੜ ਨੂੰ, ਸਰੀਰ ਦੀਆਂ ਸਾਰੀਆਂ ਸ਼ਕਤੀਆਂ ਜੁੜ ਕੇ ਰਾਜ਼ੀ ਕਰ ਲੈਂਦੀਆਂ ਹਨ। ਮੋਏ ਸੈਲਾਂ ਦੀ ਥਾਂ ਨਵੇਂ ਉਗ ਜਾਂਦੇ ਹਨ। ਇਹ ਤਾਂ ਹੀ ਸੰਭਵ ਹੈ ਜੇ ਚੰਗੀ ਖੁਰਾਕ ਤੇ ਸੰਭਾਲ ਕਰਦਿਆਂ ਮਨੁੱਖ ਨੇ ਆਪਣੇ ਹਰ ਅੰਗ ਦੀ ਪੂਰਨ ਰੱਖਿਆ ਕੀਤੀ ਹੋਵੇ। ਬੇਪ੍ਰਵਾਹੀ ਵਰਤਿਆ ਕੋਈ ਵੀ ਅੰਗ ਰੁਸ ਸਕਦਾ ਹੈ, ਐਨਾ ਕਿ ਉਸ ਦੀ ਜੀਉਣ ਇੱਛਾ ਹੀ ਮੁੱਕ ਜਾਏ ਤੇ ਉਹ ਫਿਰ ਕਦੇ ਰਾਜ਼ੀ ਨਾ ਹੋਏ। ਸਿਰੋਸਿਜ਼, ਜਿਗਰ ਦੀ ਇਹੋ ਜਿਹੀ ਇਕ ਬੀਮਾਰੀ ਹੈ। ਇਸ ਨਾਲ ਜਿਗਰ ਸੈਲ ਹੌਲੀ ਜਾਂ ਤੇਜ਼ ਰਫਤਾਰ ਮੁਕਦੇ ਤੇ ਸਰੀਰਕ ਕ੍ਰਿਆਵਾਂ ਫੇਲ੍ਹ ਹੁੰਦੀਆਂ, ਅੰਤ ਮਨੁੱਖਾ ਦੇਹੀ ਨੂੰ ਮੌਤ ਦੀ ਝੋਲੀ ਪਾਂਦੀਆਂ ਹਨ।

ਆਮ ਪੀਲੀਏ ਦੀ ਜਿਗਰ ਸੋਜ ਦਾ ਕਾਰਨ ਵਾਇਰਸ ਹੈ। ਪੀਲੀਆ ਪ੍ਰਤੱਖ ਹੋਣ ਤੋਂ ਦੋ ਹਫਤੇ ਪਹਿਲਾਂ ਹੀ ਰੋਗੀ ਦੀ ਗੰਦਗੀ ਵਿਚੋਂ ਬੇਸ਼ੁਮਾਰ ਵਿਸ਼ਾਣੂ ਨਿਕਲਦੇ, ਛਿੱਟ ਜਾਂ ਛੂਹ ਰਾਹੀਂ, ਪਾਣੀ ਸੋਮੇ ਜਾਂ ਦੁੱਧ ਨੂੰ ਰੋਗ ਲਾਗ ਲਾਉਂਦੇ ਹਨ ਗੰਦੇ ਕੱਪੜੇ, ਹੱਥਾਂ ਤੇ ਮੱਖੀ ਤੋਂ ਇਹ ਲਾਗ ਫੈਲਦੀ ਹੈ। ਇਸ ਤੋਂ ਬਚਣ ਦਾ ਉਪਾਅ ਹੈ : ਸਫਾਈ-ਖਾਣ ਪੀਣ ਦੀ ਵਸਤੂ ਨੂੰ ਢਕ ਕੇ ਰੱਖਣਾ, ਮੱਖੀ ਨੂੰ ਇਸ ਤਾਈਂ ਪੁੱਜਣ ਨਾ ਦੇਣਾ। ਬੱਚਾ ਜਾਂ ਵੱਡਾ, ਕੋਈ ਖੁੱਲ੍ਹੀ ਥਾਂ ਉਤੇ ਗੰਦਗੀ ਸੁੱਟੇ ਨਾ ਖਾਰਜ ਕਰੇ। ਆਪ ਅਰੋਗ ਰਹਿੰਦਾ ਬੰਦਾ ਵੀ ਆਪਣੀ ਗੰਦਗੀ ਵਿਚੋਂ ਨਿਕਲਦੇ ਵਿਸ਼ਾਣੂਆਂ ਨਾਲ ਦੂਸਰੇ ਨੂੰ ਰੋਗ ਲਾਗ ਦੇ ਸਕਦਾ ਹੈ। ਕਈ ਵਾਰ ਇਹ ਲਾਗ ਦਾਨ ਰਾਹੀਂ ਲਹੂ ਲੈਣ ਵਾਲੇ ਬੰਦੇ ਅੰਦਰ ਚਲੀ ਜਾਂਦੀ ਹੈ।

ਵਾਇਰਸ ਤੋਂ ਉਪਜੀ ਤੱਤੀ ਜਿਗਰ ਸੋਜ ਆਮ 3-6 ਹਫਤਿਆਂ ਤਾਈਂ ਰਾਜ਼ੀ ਹੋ ਜਾਂਦੀ ਹੈ ਤੇ ਇਸ ਦਾ ਨਾਮੋ-ਨਿਸ਼ਾਨ ਪਿਛੇ ਨਹੀਂ ਰਹਿੰਦਾ। ਪਰ ਇਹ ਤਕੜੇ ਜਿਗਰ ਦੀ ਕਹਾਣੀ ਹੈ : ਜਵਾਨ, ਤੰਦਰੁਸਤ ਬੰਦਾ ਇਸ ਰੋਗ ਨੂੰ ਸਹਿਜੇ ਹੀ ਪਾਰ ਕਰ ਲੈਂਦਾ ਹੈ। ਕਚੇਰੀ ਤੇ ਵਡੇਰੀ ਉਮਰੇ, ਜਿਗਰ ਦੀ ਤਾਕਤ ਘੱਟ ਹੁੰਦੀ ਹੈ। ਰੋਗ ਇਸ ਉਤੇ ਆ ਬੈਠੇ ਤਾਂ ਲਹਿਣ ਵਿਚ ਦੇਰੀ ਲਗਾਉਂਦਾ ਹੈ। ਰੋਗ ਦੇ ਬੋਝ ਹੇਠ ਜਿਗਰ ਸੈਲ ਲੰਮਾ ਸਮਾਂ ਰੀਂਗਦੇ, ਮਾਂਦੇ ਪੈਂਦੇ ਹਨ। ਅੰਗ ਦੀ ਕੰਮ ਸਮਰੱਥਾ ਸਦਾ ਲਈ ਘਟ ਜਾਂਦੀ ਹੈ। ਕਦੇ ਕਦਾਈਂ ਇਸ ਦਾ ਸਿਰੋਸਿਜ਼ ਜਿਹੇ ਗੰਭੀਰ ਰੋਗ ਵੱਲ ਉਲਰ ਜਾਣਾ ਸੰਭਵ ਹੈ।

ਮੁੱਢ ਵਿਚ ਇਸ ਰੋਗ ਦੀ ਪਛਾਣ ਸੌਖੀ ਨਹੀਂ। ਪੀਲੀਆ ਉਘੜਨ ਤੋਂ ਪਹਿਲਾਂ ਇਸ ਦੇ ਚਿਹਨ ਚੱਕਰ ਇਵੇਂ ਹਨ : ਉਦਾਸੀ, ਸੁਸਤੀ, ਕਮਜ਼ੋਰੀ, ਵੱਖੋ ਵੱਖ ਅੰਗ ਦੁਖਦੇ, ਕਿਸੇ ਕੰਮ ਨੂੰ ਹੱਥ ਪਾਵੇ ਕਤਰਾਉਂਦੇ ਹਨ। ਭੁੱਖ ਥੋੜ੍ਹੀ, ਬੇਦਿਲੀ ਜਿਹੀ ਨਾਲ ਖਾਣਾ, ਜੀਅ ਕਚਿਆਣਾ ਤੇ ਉਲਟੀ ਆਉਣੀ, ਮੇਹਦਾ ਤੇ ਪੇਟ ਪੀੜਾ ਹੁੰਦਾ ਹੈ। ਕਦੇ ਜੁਲਾਬ ਤੇ ਆਮ ਅਫਰੇਵਾਂ ਜਾਪਦਾ ਹੈ। ਪਿਸ਼ਾਬ ਦੀ ਰੰਗਤ ਗੂੜ੍ਹੀ ਹੋਈ ਜਾਂਦੀ ਹੈ ਤੇ ਪਖਾਨੇ ਦੀ ਰੰਗਤ ਹਲਕੀ ਹੁੰਦੀ ਸਫੈਦੀ ਵਿਚ ਬਦਲਦੀ ਹੈ। ਉਦੋਂ ਤਾਈਂ ਨਿੰਬੂ ਵਰਗੀ ਪਲਿੱਤਣਅੱਖਾਂ, ਤਾਲੂਏ ਤੇ ਸਾਰੀ ਚਮੜੀ ਉਤੇ ਉਤਰ ਆਉਂਦੀ ਹੈ। ਇਸ ਵੇਲੇ ਸਾਧਾਰਨ ਬੰਦਾ ਵੀ ਇਸ ਨੂੰ ਪਛਾਣ ਲੈਂਦਾ ਹੈ।

ਬੀਮਾਰੀ ਭਾਵੇਂ ਆਪਣੇ ਆਪ ਸਿਮਟ ਜਾਣ ਵਾਲੀ ਹੈ। ਪਰ ਕਿਸੇ ਰੋਗੀ ਦੀ ਕਾਇਆ ਵੱਧ ਸੰਭਾਲ ਮੰਗਦੀ ਹੈ। ਮੰਜੀ ਉਤੇ ਲੇਟ ਕੇ ਪੂਰਨ ਆਰਾਮ ਕੀਤਾ ਜਾਏ ਧਿਗੋਜੋਰੀ ਆਪਣੇ ਸਰੀਰ ਨੂੰ ਵਾਹੁਣ ਵਾਲੇ ਕਦੇ ਇਸ ਰੋਗ ਨੂੰ ਗੰਭੀਰ ਬਣਾ ਲੈਂਦੇ ਹਨ ਤੇ ਇਸ ਵਿਚੋਂ ਜਿਗਰ ਨੂੰ ਸਾਬਤ ਸਬੂਤ ਬਚਾ ਲੈਣਾ ਔਖਾ ਹੁੰਦਾ ਹੈ।

ਇਸ ਦੁਖਾਂਤ ਤੋਂ ਬਚਣ ਲਈ, ਸਿਰਫ ਆਲੇ ਦੁਆਲੇ ਵਲੋਂ ਮਿਲਦੀ ਸਨੇਹੀਆਂ ਦੀ ਸਿੱਖਿਆ ਉਤੇ ਹੀ ਅਮਲ ਨਾ ਕੀਤਾ ਜਾਏ। ਡਾਕਟਰ ਦੀ ਸਲਾਹ ਵੀ ਲੈਣੀ ਚਾਹੀਦੀ ਹੈ। ਲੋੜ ਮੁਤਾਬਕ ਦਵਾਈ ਡਾਕਟਰ ਦੇਵੇਗਾ, ਪਰ ਸਹੀ ਪਰੀਪੂਰਣ ਖੁਰਾਕ ਖਾਂਦਾ ਤੇ ਦੇਖਭਾਲ ਕਰਦਾ ਰੋਗੀ ਆਪਣੇ ਆਪ ਨੂੰ ਛੇਤੀ ਰਾਜ਼ੀ ਕਰ ਲੈਂਦਾ ਹੈ। ਖੁਰਾਕ ਵਿਚ ਪ੍ਰੋਟੀਨ, ਕਾਰਬੋ, ਵਿਟਾਮਨ ਤੇ ਮਿਨਰਲ ਵਧੀਕ ਹੋਣ। ਫੈਟ ਹਜ਼ਮ ਨਹੀਂ ਹੁੰਦੇ, ਇਸ ਦੀ ਮਾਤਰਾ ਘਟਾਈ ਜਾਵੇ। ਦੁੱਧ ਦਹੀਂ, ਫਲ ਸਬਜ਼ੀ, ਸ਼ਿਕੰਜਵੀਂ, ਸ਼ਰਬਤ, ਗੰਨੇ ਦਾ ਰਸ (ਪਰ ਸਾਫ ਸੁਥਰਾ),

ਬਾਕੀ ਪੰਨਾ 18 'ਤੇ

---

ਪੇਸ਼ਾਵਰ — ਪਤਾ ਲੱਗਾ ਹੈ ਕਿ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਪ੍ਰਸਿੱਧ ਆਗੂ ਮਰਹੂਮ ਖਾਨ ਅਬਦੁਲ ਗੁਫਾਰ ਖਾਨ ਦੇ ਪੁੱਤਰ ਖਾਨ ਵਲੀ ਖਾਨ ਨੇ ਵਿਰੋਧੀ ਪਾਰਟੀਆਂ ਨੂੰ 16 ਨਵੰਬਰ ਦੀਆਂ ਚੋਣਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਉਹ 'ਜਮਹੂਰੀਅਤ ਬਹਾਲੀ ਲਹਿਰ' ਦੇ ਪ੍ਰਧਾਨ ਹਨ। ਉਨ੍ਹਾਂ ਦਾ ਕਹਿਣਾ ਹੈ, ਪਾਕਿਸਤਾਨ ਦੀ ਕੰਮ ਚਲਾਊ ਸਰਕਾਰ ਨੂੰ ਰਾਜ ਸੱਤਾ ਤੋਂ ਹਟਾ ਕੇ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

---


# ਅੱਜ, 164 ਬੀ. ਸੀ. ਨਿਵਾਸੀਆਂ ਲਈ ਸਮਾਂ ਹੀ ਸਭ ਕੁਝ ਹੈ



ਕੀ ਤੁਹਾਨੂੰ ਪਤਾ ਹੈ ਕਿ ਅੱਜ ਪਿਛਲੇ ਸਾਲ ਉਸ ਸਮੇਂ ਨਾਲੋਂ 60,000 ਬੀ. ਸੀ. ਨਿਵਾਸੀ ਵੱਧ ਕੰਮ ਕਰ ਰਹੇ ਹਨ ? ਇਹ ਤੱਥ ਕਿਵੇਂ ਲੱਗਦਾ ਹੈ ਕਿ ਹਰ ਰੋਜ਼ 164 ਨਵੀਆਂ ਜੌਬਾਂ ਪੈਦਾ ਹੋ ਰਹੀਆਂ ਹਨ — ਹਰ ਨੌਂ ਮਿੰਟ ਪਿਛੋਂ ਇਕ ਜੌਬ ?

ਇਸ ਤੋਂ ਵਧਕੇ ਇਹ ਗੱਲ ਹੈ ਕਿ ਇਹ ਜੌਬਾਂ ਫੈਲੀ ਹੋਈ ਆਰਥਿਕਤਾ ਵਲੋਂ ਪੈਦਾ ਕੀਤੀਆਂ ਜਾ ਰਹੀਆਂ ਹਨ, ਇਹ ਆਰਥਿਕਤਾ ਸਾਡੇ ਪੁਰਾਣੇ ਬੁਨਿਆਦੀ ਸਾਧਨਾਂ ਤੇ ਆਧਾਰਿਤ ਜੀਵਨ ਦੀਆਂ ਤਿੱਖੀਆਂ ਉਚਾਣਾਂ ਅਤੇ ਵਾਦੀਆਂ ਤੋਂ ਪਰੇ ਹਟ ਰਹੀ ਹੈ। ਬੇਸ਼ਕ, ਬੀ. ਸੀ. ਦੇ ਕੁਦਰਤੀ ਸਾਧਨ ਸਾਡੇ ਭਵਿੱਖ ਵਿਚ ਹਮੇਸ਼ਾਂ ਵੱਡਾ ਰੋਲ ਅਦਾ ਕਰਨਗੇ,

ਪਰ ਅੱਜ, ਇਕ ਮੁਕੰਮਲ ਨਵੀਂ ਆਰਥਿਕਤਾ ਜਨਮ ਲੈ ਰਹੀ ਹੈ।

ਇਸ ਆਰਥਿਕਤਾ ਦਾ ਵਿਸਤਾਰ ਅੰਤਰਮੁਖਤਾ ਤੋਂ ਬਾਹਰਮੁਖੀ ਹੋ ਰਿਹਾ ਹੈ, ਵੁੱਡ-ਚਿਪਸ ਤੋਂ ਮਾਈਕਰੋ-ਚਿਪਸ ਵੱਲ, ਤੇ ਬੀ. ਸੀ. ਨਵੀਂ 'ਗਿਆਨ-ਆਧਾਰਿਤ' ਇੰਡਸਟਰੀ ਵਿਚ ਲੀਡਰਾਂ ਵਿਚੋਂ ਇਕ ਹੈ। ਅਤੇ ਉਨ੍ਹਾਂ 164 ਬੀ. ਸੀ. ਨਿਵਾਸੀਆਂ ਵਾਂਗ, ਇਹ ਸਮੇਂ ਦੀ ਗੱਲ ਹੈ। ਬੀ. ਸੀ. ਦੀ ਵਧ ਰਹੀ ਆਰਥਿਕਤਾ ਬਾਰੇ ਹੋਰ ਜਾਣਕਾਰੀ ਲਈ, ਆਪਣੇ ਐਮ. ਐਲ. ਏ. ਨੂੰ ਮਿਲੋ, ਜਾਂ ਆਪਣੇ ਨੇੜੇ ਸਰਕਾਰੀ ਏਜੰਟ ਨਾਲ ਗੱਲ ਕਰੋ ਜਾਂ ਮਨਿਸਟਰੀ ਆਫ਼ ਰੀਜ਼ਨਲ ਡੀਵੈਲਪਮੈਂਟ, ਪਾਰਲੀਮੈਂਟ ਬਿਲਡਿੰਗਜ਼, ਵਿਕਟੋਰੀਆ V8V 1X4 ਨੂੰ ਲਿਖੋ।

Challenging the 90's

Together. A Better B.C.

# ELECTIONS CANADA

## *INFORMATION FOR NEW CANADIANS*

### ਫੈਡਰਲ ਚੋਣਾਂ ਵਿਚ ਵੋਟਾਂ ਕਦੋਂ ?

ਚੋਣ ਦਾ ਦਿਨ : 21 ਨਵੰਬਰ

ਅਗਾਊਂ ਵੋਟਿੰਗ : ਨਵੰਬਰ 12, 14 ਅਤੇ 15

ਸਾਰੇ ਰਜਿਸਟਰਡ ਵੋਟਰ ਨਵੰਬਰ 21/1988 ਨੂੰ ਵੋਟਾਂ ਪਾਉਣਗੇ ਜਿਹੜੇ ਲੋਕ ਕਿਸੇ ਕਾਰਨ ਕਰਕੇ ਉਸ ਦਿਨ ਵੋਟ ਨਹੀਂ ਪਾ ਸਕਦੇ, ਉਹ ਅਗਾਊਂ ਵੋਟ ਪਾ ਸਕਦੇ ਹਨ। ਬਜ਼ੁਰਗ, ਬੀਮਾਰ ਅਤੇ ਅਪਾਹਜ, ਅਤੇ ਉਹ ਲੋਕ ਜਿਹੜੇ ਧਾਰਮਿਕ ਕਾਰਨਾਂ ਕਰਕੇ ਉਸ ਦਿਨ ਵੋਟ ਨਾ ਪਾ ਸਕਦੇ ਹੋਣ, ਉਹ ਇਸ ਗਰੁੱਪ ਵਿਚ ਸ਼ਾਮਲ ਹਨ।

### ਕੌਣ ਵੋਟ ਪਾ ਸਕਦੇ ਹਨ ?

ਹਰ ਇਕ ਕੈਨੇਡੀਅਨ ਸਿਟੀਜ਼ਨ ਜਿਹੜਾ ਕਿ:

- ਕੈਨੇਡਾ ਦਾ ਵਾਸੀ ਹੋਵੇ।
- ਚੋਣਾਂ ਵਾਲੇ ਦਿਨ ਤਕ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਉਪਰ ਹੋਵੇ।
- ਵੋਟਰ ਲਿਸਟ ਵਿਚ ਜਿਸ ਦਾ ਨਾਂਅ ਰਜਿਸਟਰਡ ਹੋਵੇ।

### ਰਜਿਸਟਰ ਕਿਵੇਂ ਹੋਈਏ ?

ਨਵੀਆਂ ਵੋਟਾਂ ਬਣਾਉਣ ਦੀ ਤਾਰੀਖ ਅਕਤੂਬਰ 14 ਤੋਂ 20 ਤਕ ਹੋਵੇਗੀ। ਦੋ ਸਰਕਾਰੀ ਕਰਿੰਦੇ ਇਨਿਊਮਰੇਟਰ ਘਰ ਘਰ ਜਾ ਕੇ ਤੁਹਾਨੂੰ ਰਜਿਸਟਰ ਹੋਣ ਲਈ ਕਹਿਣਗੇ। ਜੇ ਜ਼ਰੂਰੀ ਹੋਇਆ ਤਾਂ ਉਹ ਤੁਹਾਨੂੰ ਮਿਲਣ ਲਈ ਦੁਬਾਰਾ ਵੀ ਆਉਣਗੇ। ਜੇ ਤੁਹਾਡੇ ਨਾਲ ਫਿਰ ਵੀ ਮੇਲ ਨਾ ਹੋ ਸਕਿਆ ਤਾਂ ਫਿਰ ਤੁਹਾਡੇ 'ਤੇ ਹੈ ਕਿ ਤੁਸੀਂ ਸੋਧ ਵਾਲੇ ਸਮੇਂ ਦੌਰਾਨ ਜਾ ਕੇ ਰਜਿਸਟਰ ਹੋਵੋ। ਜੇ ਤੁਸੀਂ ਇਨਿਊਮੀਰੇਟਰ ਰਾਹੀਂ ਰਜਿਸਟਰ ਹੋ ਗਏ ਤਾਂ ਤੁਹਾਡੇ ਘਰ ਇਨਿਊਮਰੇਸ਼ਨ ਕਾਰਡ ਭੇਜਿਆ ਜਾਵੇਗਾ ਤਾਂ ਕਿ ਤੁਹਾਨੂੰ ਇਹ ਪਤਾ ਲੱਗ ਜਾਏ ਕਿ ਤੁਹਾਡਾ ਨਾਂ ਵੋਟਰ ਲਿਸਟ ਵਿਚ ਆ ਗਿਆ ਹੈ।

### ਸੋਧ ਦੀ ਕੀ ਜ਼ਰੂਰਤ ਹੈ ?

ਵੋਟਰ ਲਿਸਟ ਵਿਚ ਰਹਿ ਗਈਆਂ ਤਰੁੱਟੀਆਂ ਨੂੰ ਠੀਕ ਕਰਨਾ ਪੈਂਦਾ ਹੈ ਅਤੇ ਉਹ ਨਾਮ ਜਿਹੜੇ ਕਿ ਇਨਿਊਮਰੇਸ਼ਨ ਵੇਲੇ ਰਹਿ ਗਏ ਹੋਣ, ਉਹਨਾਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ। ਨਸੀਹਤ ਦੇ ਤੌਰ ਤੇ ਕੈਨੇਡਾ ਦੇ ਚੋਣ ਅਧਿਕਾਰੀ ਨਾਲ ਸੰਪਰਕ ਕਰਨਾ ਹੀ ਠੀਕ ਤਰੀਕਾ ਹੈ। ਜੇ ਤੁਹਾਨੂੰ ਇਹ ਪਤਾ ਨਹੀਂ ਕਿ ਕੈਨੇਡਾ ਦੇ ਚੋਣ ਅਧਿਕਾਰੀ ਨੂੰ ਕਿਵੇਂ ਮਿਲਣਾ ਹੈ ਤਾਂ ਟੋਲ ਫਰੀ 1-800-267-vote ਤੇ ਸੰਪਰਕ ਕਰੋ।

ਸ਼ਹਿਰੀ ਇਲਾਕੇ ਲਈ: ਨਵੰਬਰ 4 (ਆਖਰੀ ਤਾਰੀਖ)

ਪੇਂਡੂ ਇਲਾਕੇ ਲਈ: ਨਵੰਬਰ 2 (ਆਖਰੀ ਤਾਰੀਖ)

### ਵੋਟ ਕਿੱਥੇ ਪਾਈ ਜਾਵੇ ?

ਆਪਣੇ ਇਨਿਊਮੀਰੇਸ਼ਨ ਕਾਰਡ ਨੂੰ ਧਿਆਨ ਨਾਲ ਪੜ੍ਹੋ, ਉਸ ਤੋਂ ਤੁਹਾਨੂੰ ਪੋਲਿੰਗ ਸਟੇਸ਼ਨ ਦਾ ਪੂਰਾ ਪਤਾ ਮਿਲ ਜਾਏਗਾ। ਜਾਂ ਫਿਰ ਕੈਨੇਡਾ ਦੇ ਚੋਣ ਅਧਿਕਾਰੀ ਨਾਲ ਸੰਪਰਕ ਕਰੋ ਕਿ ਕਿੱਥੇ ਜਾਣਾ ਹੈ? ਪੋਲਿੰਗ ਸਟੇਸ਼ਨ ਸਵੇਰੇ 9:00 ਤੋਂ ਸ਼ਾਮ ਤੇ 8:00 ਵਜੇ ਤਕ ਖੁਲ੍ਹੇ ਰਹਿਣਗੇ।

### ਇਲੈਕਸ਼ਨ ਕੈਨੇਡਾ
### ਚੋਣਾਂ ਬਾਰੇ ਜਾਣਕਾਰੀ ਲਈ ਸਰਕਾਰੀ ਸੂਤਰ

ਕੈਨੇਡਾ ਵਿਚ ਪਾਰਲੀਮੈਂਟ ਲਈ ਸਾਰੀਆਂ ਫੈਡਰਲ ਚੋਣਾਂ ਇਕ ਪਾਰਟੀ ਰਹਿਤ ਏਜੰਸੀ ਕਰਵਾਉਂਦੀ ਹੈ। ਇਲੈਕਸ਼ਨ ਕੈਨੇਡਾ ਕਿਸੇ ਵੀ ਸਿਆਸੀ ਦਬਾਅ ਦੇ ਕੈਨੇਡੀਅਨ ਵੋਟਰ ਨੂੰ ਆਜ਼ਾਦੀ. ਗੁਪਤ ਤੌਰ ਤੇ ਅਤੇ ਡੈਮੋਕ੍ਰੇਟਿਕ ਤਰੀਕੇ ਨਾਲ ਕੈਨੇਡੀਅਨ ਵੋਟਰ ਨੂੰ ਹਿਸਾ ਲੈਣ ਦੇ ਅਧਿਕਾਰਾਂ ਦੀ ਰੱਖਿਆ ਕਰਦੀ ਹੈ।

---

### ਕੈਨੇਡਾ ਦੀ ਪਾਰਟੀ ਰਹਿਤ ਫੈਡਰਲ ਇਲੈਕਸ਼ਨ ਏਜੰਸੀ :

ELECTIONS
CANADA

**ELECTIONS CANADA HELPING CANADIANS MAKE THEIR MARK**

# TERRACE FURNITURE MART

4434 LAKELSE AVE., TERRACE, B.C.

**PHONE: 638-0555 or 638-1119**

VISA MasterCard



3 PC. SOFA SET
Sofa, Love Seat & Chair

**Reg. $3700.00**

ਸਪੈਸ਼ਲ ਕੀਮਤ

**Special Now $2295.00**

**Whirlpool**
Home Appliances

## HD Washer/Dryer

**Trade in Allowance up to $300**

**$1299.00 Pr.**

## SUPER SLEEPER HIDE A BED
## SAVE $150




Just Sofa Beds!

ELMCREST FURNITURE

*COMING SOON*

TOP QUALITY
MITSUBISHI ®
HOME ENTERTAINMENT PRODUCTS

ਟੈਰਿਸ ਫਰਨੀਚਰ ਮਾਰਟ

# Two income families.

Will your lifestyle survive on one income?
Ask about a new life insurance policy that will provide your spouse with an income which increases annually to help offset inflation.

**SATISH KUMAR** B.A., LL.B.
**Ph. 681-5321, Res. 594-2598**

500 One Bentall Centre
505 Burrard St.
Vancouver, B.C. V7X 1B2.

SunLife OF CANADA



# PAUL'S PLUMBING, ELECTRICAL & HEATING SUPPLY





Plumbing & Bathroom Fixtures & Supplies
Hot Water Tanks
Hot Water Heating & Supplies
And Instalations

*We cut and thread galvanized pipe*
*We Cut keys also.*

"Free customer parking at rear"

**4578 Main St., At 30th Ave., Vancouver, B.C.**

OPEN SUNDAYS

Sales: 872-3118
Service: 872-7227
HINDI, Punjabi Spoken



ਦਰਸ਼ਨ ਸਿੰਘ ਉੱਪਲ

DARSHAN SINGH UPPAL

14 year experience, specializing in residential Homes, Lands and Farms.

For FREE Market Evaluation Of Your Property or To Buy and sell.

Call :

**Ph. Off. 590-3231**

LAKEVIEW REALTY LTD. DELTA 590-3231

**ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ਰੀਦਣ**

**ਜਾਂ**

**ਵੇਚਣ ਲਈ**

ਮਿੱਤਰਤਾ ਭਰੀ, ਈਮਾਨਦਾਰ

ਅਤੇ ਤਜਰਬੇਕਾਰ ਸਲਾਹ ਲਈ

ਦਰਸ਼ਨ ਸਿੰਘ ਉੱਪਲ ਨੂੰ ਮਿਲੋ ਜਾਂ ਫੋਨ ਕਰੋ :

**Res. 594-8758**

**7909 SCOTT RD., DELTA, B.C. V4C 6P6**

# A.M.C. Carpet Ltd.

**Unit 8 - 12950 - 80th Ave. Surrey, B.C.**

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੈਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**
**ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :**
**Phone for appointment**



AMARJIT SINGH CHAHAL

**Off. 594-6141**
**Res. 594-7595** **Pager 680-0214**

# ਟੇਲਰ ਦੀ ਲੋੜ

ਈਸਟ ਇੰਡੀਅਨ ਲੇਡੀਜ਼ ਦੇ ਕਸਟਮ-ਮੇਡ ਸੂਟ ਬਨਾਉਣ ਲਈ ਇਕ ਟੇਲਰ ਦੀ ਲੋੜ ਹੈ। ਘੱਟੋ ਘੱਟ ਤਿੰਨ ਸਾਲ ਦਾ ਤਜਰਬਾ ਜ਼ਰੂਰੀ ਹੈ। ਤਨਖਾਹ ਵਧੀਆ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਪੰਜਾਬ ਟੇਲਰ ਵਿੰਨੀਪੈਗ**
**ਫ਼ੋਨ : 204-632-5965**


# ਮੈਟਰੀਮੋਨੀਅਲ

## ਵਰ ਦੀ ਲੋੜ

ਜੱਟ ਸਿੱਖ ਘਰਾਣੇ ਦੀ 18 ਸਾਲ ਦੀ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਬੀ. ਐਸ. ਸੀ. ਪਾਰਟ ਵਨ ਦੀ ਵਿਦਿਆਰਥਣ ਹੈ ਲੜਕੀ ਦਾ ਕੱਦ ਪੰਜ ਫੁੱਟ ਦੋ ਇੰਚ ਹੈ। ਖ਼ੂਬਸੂਰਤ ਤੇ ਕੰਮ ਕਾਜ ਵਿਚ ਸੁਚੱਜੀ ਹੈ। ਪਿਤਾ ਪੰਜਾਬ ਵਿਚ ਹੈਡਮਾਸਟਰ ਹੈ ਅਤੇ ਇਸ ਪ੍ਰਵਾਰ ਦੇ ਸਾਰੇ ਸੰਬੰਧੀ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਹਨ।

ਖਤ ਇਸ ਪਤੇ ਉਤੇ ਲਿਖਿਆ ਜਾ ਸਕਦਾ ਹੈ
**BSG (101)**
**C/o Canada Darpan**
**P.O.BOX 265**
**Surrey, B.C. V3T 4W8**

## ਲੜਕੀ ਦੀ ਲੋੜ

ਜੱਟ ਸਿੱਖ ਘਰਾਣੇ ਦੇ 20 ਸਾਲਾ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ ਜੋ ਕੈਨੇਡਾ ਦੀ ਇਮੀਗਰੇਂਟ ਜਾਂ ਸਿਟੀਜ਼ਨ ਹੋਵੇ। ਲੜਕਾ ਬੀ. ਐਸ. ਸੀ. ਫ਼ਸਟ ਕਲਾਸ ਹੈ। ਕੱਦ 5 ਫੁੱਟ 10 ਇੰਚ ਹੈ। ਚੰਗੇ ਘਰਾਣੇ ਵਿਚੋਂ ਹੈ।
ਹੋਰ ਜਾਣਕਾਰੀ ਲਈ ਇਸ ਪਤੇ ਉਤੇ ਖਤ ਲਿਖੋ :
**CSL (109**
**C/o Canada Darpan**
**P.O.BOX 265**
**Surrey, B.C. V3T 4W8**


**ਪ੍ਰਿੰਸ ਰੂਪਰਟ ਵਿਚ**
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ

# ਮੋਨੀਕਾ ਵੀਡੀਓ

ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ

**ਫ਼ੋਨ ਕਰੋ : ਪਾਲ ਮੋਦਗਿੱਲ**
**627-1637**


## ਪੀਲੀਆ ----

ਪੰਨਾ 15 ਦੀ ਬਾਕੀ

ਗਨੇਰੀਆਂ, ਸਭ ਠੀਕ ਹਨ। ਮੂਲੀ ਬਾਰੇ ਪੱਕਾ ਨਹੀਂ ਆਖ ਸਕਦੇ। ਆਂਵਲਾ, ਸੰਤਰਾ, ਮਾਲਟਾ, ਮੁਸੰਮੀ ਜਿਹੇ ਰਸਦਾਰ ਫਲ ਗੁਣਕਾਰੀ ਹਨ। ਵਿਟਾਮਨ ਬੀ. ਕੰਮ. ਤੇ ਸੀ. ਦੀਆਂ ਗੋਲੀਆਂ ਡਾਕਟਰ ਵੀ ਦਿੰਦਾ ਹੈ, ਕਦੇ ਟੀਕੇ ਵੀ ਲਾਉਂਦਾ ਹੈ।

ਭੁੱਖ ਘੱਟ ਹੈ, ਇਸ ਲਈ ਮਿਰਚ ਮਸਾਲੇ ਰਹਿਤ, ਹਰੇ ਧਨੀਏ ਵਾਲਾ ਚੰਗਾ ਰਿੱਧਾ ਸੁਆਦੀ ਭੋਜਨ, ਛੇਤੀ ਹਜ਼ਮ ਹੋਣ ਵਾਲਾ, ਥੋੜ੍ਹੀ ਮਾਤਰਾ ਵਿਚ ਵੱਧ ਵਾਰ ਖਾਧਾ ਜਾਏ। ਦੋ ਤਿੰਨ ਘੰਟਿਆਂ ਪਿਛੋਂ ਖਾਲੀ ਹੋ ਕੇ ਮਿਹਦਾ ਆਪ ਹੀ ਭੁੱਖ ਲਹਿਰਾਂ ਰਾਹੀਂ ਭੋਜਨ ਦੀ ਮੰਗ ਕਰਦਾ ਹੈ। ਇਵੇਂ ਖਾਧੀ ਖੁਰਾਕ ਲੇਖੇ ਲਗਦੀ ਹੈ ਤੇ ਪਾਚਣ ਅੰਗਾਂ ਨੂੰ ਥਕਾਉਂਦੀ ਨਹੀਂ। ਸਹੀ ਸਮੱਗਰੀ ਨਾਲ ਸਾਰੇ ਅੰਗ ਰਿਸ਼ਟ-ਪੁਸ਼ਟ ਹੁੰਦੇ, ਰਾਜ਼ੀ ਹੋਣ ਲਈ ਸਹਿਯੋਗ ਭਰੇ ਯਤਨ ਜੋੜਦੇ ਹਨ।

ਮਨ ਨੂੰ ਚੜ੍ਹਦੀ ਕਲਾ ਦੇ ਮੰਡਲ ਵਿਚ ਲਿਜਾਣ ਵਾਸਤੇ ਬੰਦਾ ਨਿਰਭਉ, ਨਿਰਵੈਰ ਸਰਬਕਲਾ ਸਮਰੱਥ ਸ਼ਕਤੀ ਨੂੰ ਚਿਤਵੇ ਤੇ ਆਪੇ ਨੂੰ ਉਸ ਦਾ ਅੰਗ ਮਹਿਸੂਸ ਕਰੇ। ਇਵੇਂ ਕੁਦਰਤ ਦੇ ਅਮੁਕ ਸੋਮੇ ਦੀ ਤਾਕਤ ਮਨੁੱਖਾ ਦੇਹੀ ਦੇ ਛੋਟੇ ਭਾਂਡੇ ਵੱਲ ਲੱਗ ਪੈਂਦੀ ਹੈ। ਇਹ ਉਸ ਦੇ ਰੋਗ ਕਸ਼ਟ ਨੂੰ ਰੋੜ੍ਹ ਲਿਜਾਏਗੀ।

ਇਸ ਵਿਗਿਆਨਕ ਸੋਚ ਤੇ ਅਮਲ ਨੂੰ ਅਪਣਾ ਕੇ ਕੋਈ ਵੀ ਮਨੁੱਖ ਆਪਣੇ ਰੋਗ ਦੀ ਕੁੰਜ ਲਾਹੁੰਦਾ, ਨਵਾਂ ਜੀਵਨ ਪਾਉਂਦਾ, ਅਰੋਗਤਾ ਦੇ ਵਿਸ਼ਾਲ ਮਾਰਗ ਉਤੇ ਕਾਹਲੇ ਕਦਮੀਂ ਤੁਰ ਪੈਂਦਾ ਹੈ।

ਸਫ਼ਰਨਾਮਾ

# ਵੈਨਕੂਵਰ ਵਿਚ ਇੱਕੀ ਦਿਨ

ਕਿਸ਼ਤ ਪੰਜਵੀਂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

—ਰਘੁਬੀਰ ਢੰਡ

## ਸਫ਼ਰਨਾਮਾ ਰੌਚਕ ਹੈ

ਸਤਿਕਾਰਯੋਗ ਸੰਪਾਦਕ ਜੀ,

ਸਾਹਿਤਕਾਰ ਰਘੁਬੀਰ ਢੰਡ ਜੀ ਦੇ ਕਿਸ਼ਤਵਾਰ ਛਪੇ ਲੇਖ 'ਵੈਨਕੂਵਰ ਵਿਚ ਇੱਕੀ ਦਿਨ' ਪੜ੍ਹ ਕੇ ਬਹੁਤ ਹੀ ਅਨੰਦ ਆਇਆ ਹੈ। ਉਹਨਾਂ ਦੇ ਲੇਖ ਬਹੁਤ ਹੀ ਰੌਚਕ ਤੇ ਜਾਣਕਾਰੀ ਭਰਪੂਰ ਹਨ। ਢੰਡ ਜੀ ਬਹੁਤ ਹੀ ਵਧੀਆ ਇਨਸਾਨ ਜਾਪਦੇ ਹਨ। ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਨੇ ਰਘੁਬੀਰ ਢੰਡ ਜੀ ਨੂੰ ਸਨਮਾਨ ਦੇ ਕੇ ਬਹੁਤ ਹੀ ਵਧੀਆ ਕੰਮ ਕੀਤਾ ਹੈ। ਢੰਡ ਜੀ ਵਾਕਿਆ ਹੀ ਸਨਮਾਨ ਦੇ ਯੋਗ ਹਨ।

ਆਪ ਦਾ ਪਾਠਕ,
ਅਜੀਤ ਧਨੋਆ, ਵੈਨਕੂਵਰ।

### 26 ਮਈ, 1988 (ਵੀਰਵਾਰ)

ਬਾਈ ਗੁਰਚਰਨ ਰਾਮਪੁਰੀ ਸਵੇਰੇ-ਸਵੇਰੇ ਹੀ ਆ ਕੇ ਆਖਣ ਲੱਗਿਆ: "ਮੈਂ ਰੋਜ਼ ਹੀ ਆ ਜਾਂਦਾ ਹਾਂ। ਤੁਸੀਂ ਮਹਿਸੂਸ ਨਾ ਕਰਨਾ। ਮੈਂ ਚਾਹੁੰਦਾ ਹਾਂ ਕਿ ਤੁਹਾਡੇ ਕਿਆਮ ਦਾ ਪੂਰਾ-ਪੂਰਾ ਲਾਭ ਉਠਾ ਸਕਾਂ।" ਉਹਨਾਂ ਨੂੰ ਪਤਾ ਨਹੀਂ ਮੇਰਾ ਕੋਈ ਲਾਭ ਹੋਇਆ ਜਾਂ ਨਾ, ਪਰ ਮੈਨੂੰ ਉਹਨਾਂ ਦਾ ਲਾਭ ਹੋਇਆ। ਉਹਨਾਂ ਨੇ ਮੇਰੀਆਂ ਕਹਾਣੀਆਂ ਬਾਰੇ ਸੁਝਾਉ ਦਿੱਤਾ ਕਿ ਤੁਹਾਨੂੰ ਬਹੁਤੀ ਸ਼ਿੰਗਾਰੀ ਹੋਈ ਬੋਲੀ ਨਹੀਂ ਲਿਖਣੀ ਚਾਹੀਦੀ। ਮੈਂ ਆਖਿਆ ਕਿ ਪਹਿਲਾਂ ਵੀ ਤੁਹਾਨੂੰ ਅਰਜ਼ ਕਰ ਚੁੱਕਿਆ ਹਾਂ ਕਿ ਹੁਣ ਮੈਂ ਸਾਦਗੀ ਤੇ ਛੋਟੇ-ਛੋਟੇ ਫਿਕਰਿਆਂ ਵਲ ਆ ਰਿਹਾ ਹਾਂ। ਸਾਡੇ ਸਾਰਿਆਂ ਅੰਦਰ ਕਿਤੇ ਨਾ ਕਿਤੇ ਗੁਰਬਖਸ਼ ਸਿੰਘ ਵੀ ਲੁਕਿਆ ਬੈਠਾ ਹੈ। ਮੈਂ ਬੋਲੀ ਤੇ ਕਾਫੀ ਮਿਹਨਤ ਕਰ ਰਿਹਾ ਹਾਂ। ਪਰ ਅਤਿ ਸ਼ਿੰਗਾਰੀ ਹੋਈ ਬੋਲੀ ਨੂੰ ਤਿਆਗਣ ਦਾ ਇਹ ਅਰਥ ਨਹੀਂ ਕਿ ਮੈਂ ਇਕ ਵੱਡੀ ਗੱਲ ਨੂੰ ਅਖਬਾਰੀ ਬੋਲੀ ਵਿਚ ਬਿਆਨ ਕਰਾਂ। ਇਹ ਅਕਾਊ ਵਰਤਾਰਾ ਹੈ। ਕਈ ਥਾਂ ਤਾਂ ਮੈਨੂੰ ਚੈਖਵ ਤੇ ਹੈਮਿੰਗਵੇ ਦੀ ਬੋਲੀ ਰੁੱਖੀ ਜਾਪਣ ਲਗਦੀ ਹੈ। ਮੈਂ ਉਨ੍ਹਾਂ ਦੀ ਨਕਲ ਨਹੀਂ ਕਰਨਾ ਚਾਹੁੰਦਾ।

ਡੇਢ ਵਜੇ ਰਾਮਪੁਰੀ ਚਲਿਆ ਗਿਆ। ਮੈਂ ਗੁਰਨਾਮ ਹੋਰਾਂ ਨੂੰ ਆਖਿਆ ਕਿ ਬਜ਼ੁਰਗ ਲੇਖਕ ਗਿਆਨੀ ਕੇਸਰ ਸਿੰਘ ਹੋਰਾਂ ਨੂੰ ਮਿਲ ਲਈਏ, ਕਿਉਂਕਿ ਸ਼ਾਮ ਦੇ ਸੱਤ ਵਜੇ ਤੀਕ ਅਸੀਂ ਵਿਹਲੇ ਹੀ ਸਾਂ।

ਮੈਂ ਕੇਸਰ ਸਿੰਘ ਹੋਰਾਂ ਨੂੰ ਮਿਲਣ ਦਾ ਬਹੁਤ ਖਾਹਿਸ਼ਮੰਦ ਸਾਂ। ਉਹਨਾਂ ਨੇ ਕਈ ਸਾਲ ਪਹਿਲਾਂ ਮੈਨੂੰ ਇਕ ਚਿੱਠੀ ਲਿਖੀ ਸੀ, ਬਹੁਤ ਪਿਆਰ-ਭਰੀ ਚਿੱਠੀ! ਭਾਰਤ ਜਾਂਦਿਆਂ ਮੈਨੂੰ ਮਿਲਣ ਦੀ ਪ੍ਰਬਲ ਖਾਹਿਸ਼ ਪ੍ਰਗਟ ਕੀਤੀ ਸੀ। ਉਹਨਾਂ ਨੇ ਦੇਸ਼ ਭਗਤਾਂ ਉਪਰ ਨਾਵਲ ਲਿਖੇ ਸਨ। ਮੈਂ ਸੁਣਿਆ ਹੋਇਆ ਸੀ ਕਿ ਉਹਨਾਂ ਨੇ ਥਾਂ-ਥਾਂ ਯਾਤਰਾ ਕਰਕੇ ਦੇਸ਼ ਭਗਤਾਂ ਬਾਰੇ ਬਹੁ-ਮੁੱਲੀ ਸਾਮੱਗਰੀ ਇਕੱਠੀ ਕੀਤੀ ਹੋਈ ਸੀ। ਹੁਣੇ-ਹੁਣੇ ਮੇਰੇ ਮਿੱਤਰ ਡਾਕਟਰ ਕੇਸਰ ਦੀ ਪਤਨੀ ਡਾਕਟਰ ਜਸਬੀਰ ਕੌਰ ਨੇ ਗਿਆਨੀ ਜੀ ਦੀ ਜੀਵਨੀ ਅਤੇ ਕਿਰਤਾਂ 'ਤੇ ਇੱਕ ਕਿਤਾਬ ਵੀ ਲਿਖੀ ਸੀ। ਮੈਨੂੰ ਅਗਾਂਹਵਧੂ ਹਲਕੇ ਵਲੋਂ ਇਹ ਵੀ ਦੱਸਿਆ ਗਿਆ ਸੀ ਕਿ ਗਿਆਨੀ ਕੇਸਰ ਸਿੰਘ ਹੋਰੀਂ ਕੁਝ ਤਿਲ੍ਹਕ ਗਏ ਸਨ ਅਤੇ ਮਜ਼ਹਬੀ ਅਤਿਵਾਦ-ਵਖਵਾਦ-ਮੂਲਵਾਦ ਦਾ ਸ਼ਿਕਾਰ ਹੋ ਭਿੰਡਰਾਂਵਾਲੇ ਦੇ ਸਿਦਕ ਤੇ ਸਿਰੜ ਦੇ ਪ੍ਰਸ਼ੰਸਕ ਬਣ ਗਏ ਸਨ। ਅਮਰਜੀਤ ਚੰਦਨ ਨੇ ਕੈਨੇਡਾ ਤੋਂ ਇਸ ਗੱਲ ਦਾ ਅਖਬਾਰਾਂ ਵਿਚ ਜ਼ਿਕਰ ਵੀ ਕੀਤਾ ਸੀ।

ਮੈਂ ਬੜੀ ਸ਼ਰਧਾ ਨਾਲ ਉਹਨਾਂ ਦੇ ਚਰਨ-ਕਮਲ ਛੂਹ ਉਹਨਾਂ ਨੂੰ "ਅੰਕਲ ਸ੍ਰੀ" ਨਾਲ ਸੰਬੋਧਨ ਕਰਨਾ ਚਾਹੁੰਦਾ ਸਾਂ। ਆਪਣੀਆਂ ਕਹਾਣੀਆਂ ਬਾਰੇ ਉਨ੍ਹਾਂ ਦੀ ਬਹੁ-ਮੁੱਲੀ ਰਾਇ ਤੇ ਆਲੋਚਨਾ ਲੈਣੀ ਚਾਹੁੰਦਾ ਸਾਂ ਅਤੇ ਦੋ ਗੱਲਾਂ ਅਤਿ ਨਿਮ੍ਰਤਾ ਨਾਲ ਆਖਣਾ ਚਾਹੁੰਦਾ ਸਾਂ : ਪਹਿਲੀ, ਤੁਹਾਡੇ ਨਾਵਲ ਨਾ ਨਾਵਲ ਹਨ ਤੇ ਨਾ ਹੀ ਇਤਿਹਾਸ। ਤੁਸੀਂ ਕਰਨਲ ਨਰਿੰਦਰਪਾਲ ਸਿੰਘ ਵਾਲਾ ਦੁਖਾਂਤ ਨਾ ਦੁਹਰਾਉ। ਤੁਹਾਡੇ ਕੋਲ ਬੇਅੰਤ ਮੌਲਿਕ ਸਾਮੱਗਰੀ ਹੈ। ਇਸ ਦੇ ਆਧਾਰ 'ਤੇ ਇਤਿਹਾਸ ਦੀ ਯਾਦਗਾਰੀ ਕਿਤਾਬ ਲਿਖੋ ਅਤੇ ਸਾਰੀਆਂ ਮਿੱਥਾਂ ਭੰਨ ਕੇ ਸੁੱਟ ਦੇਵੋ ਜਦੋਂ ਇਤਿਹਾਸ ਨਾਵਲ ਬਣ ਜਾਂਦਾ ਹੈ ਜਾਂ ਨਾਵਲ ਇਤਿਹਾਸ ਹੋ ਨਿਬੜਦਾ ਹੈ ਤਾਂ ਨਾ ਤਾਂ ਕਲਾ ਨਾਲ ਇਨਸਾਫ ਹੁੰਦਾ ਹੈ ਅਤੇ ਨਾ ਹੀ ਸਾਮੱਗਰੀ ਨਾਲ।

ਦੂਜੀ, ਆਪਾਂ ਲੇਖਕ ਲੋਕ ਹਾਂ ਅਤੇ ਆਪਣਾ ਕਬੀਲਾ ਮਜ਼ਹਬ 'ਤੇ ਆਧਾਰਿਤ ਨਹੀਂ ਹੁੰਦਾ, ਮਨੁੱਖਤਾ ਦੇ ਕੌਮਾਂਤਰੀ ਕਿਰਦਾਰ 'ਤੇ ਆਧਾਰਿਤ ਹੁੰਦਾ ਹੈ। ਮਜ਼ਹਬ ਜੇਡਾ ਮਰਜ਼ੀ ਇਨਕਲਾਬੀ ਹੋਵੇ, ਅਤੇ ਹਰ ਮਜ਼ਹਬ ਆਪਣੇ ਤੋਂ ਪਹਿਲੇ ਮਜ਼ਹਬਾਂ ਨਾਲੋਂ ਹਮੇਸ਼ਾ ਹੀ ਇਨਕਲਾਬੀ ਹੁੰਦਾ ਹੈ, ਸਥਾਪਨਾ ਤੋਂ ਬਾਦ ਹਮੇਸ਼ਾ ਹੀ ਬਦੀ ਦੀਆਂ ਤਾਕਤਾਂ ਦੇ ਹੱਕ ਵਿਚ ਭੁਗਤਦਾ ਹੈ। ਮਜ਼ਹਬੀ ਜਨੂੰਨ ਜਿੰਨੀ ਬੇਰਹਿਮ ਦਹਿਸ਼ਤ ਹੋਰ ਕੋਈ ਨਹੀਂ ਹੁੰਦੀ, ਕਿਉਂਕਿ ਅਤਿ ਬੇਰਹਿਮੀ ਨੂੰ ਮਜ਼ਹਬ ਦੀ ਧੂਫ ਨਾਲ ਪਵਿੱਤਰ ਕਰਨ ਦੀ ਅਧਿਆਤਮਕ ਤਸੱਲੀ ਦੇ ਦਿੱਤੀ ਜਾਂਦੀ ਹੈ। ਆਪਾਂ ਤਾਂ ਲੇਖਕ ਹਾਂ ਤੇ ਆਪਣਾ ਮਜ਼ਹਬ ਸਿਰਫ ਮਨੁੱਖਤਾ ਹੈ। ਦਿੱਲੀ ਵਿਚ ਸਿੱਖਾਂ ਦੇ ਗਲਾਂ ਵਿਚ ਜਲਦੇ ਟਾਇਰ ਸਾਡੇ ਆਪਣੇ ਗਲਾਂ ਵਿਚ ਪਏ ਮਹਿਸੂਸ ਹੋਣੇ ਚਾਹੀਦੇ ਹਨ, ਅਤੇ ਲਾਈਨ ਵਿਚ ਖੜ੍ਹੇ ਕਰਕੇ ਹਿੰਦੂਆਂ 'ਤੇ ਦਾਗੀਆਂ ਗੋਲੀਆਂ ਸਾਡੀਆਂ ਹਿੱਕਾਂ ਵਿਚੋਂ ਦੀ ਨਿਕਲਦੀਆਂ ਮਹਿਸੂਸ ਹੋਣੀਆਂ ਚਾਹੀਦੀਆਂ ਹਨ। ਇਸ ਲਈ ਨਹੀਂ ਕਿ ਬੇਗੁਨਾਹ ਸਿੱਖ ਜਾਂ ਹਿੰਦੂ ਸਨ; ਬਲਕਿ ਇਸ ਲਈ ਕਿ ਉਹ ਬੇਗੁਨਾਹ ਲੋਕ ਸਨ। ਮਜ਼ਹਬ ਦੇ ਆਧਾਰ 'ਤੇ ਬਣਿਆ ਮੁਲਕ ਅਗਾਂਹਵਧੂ ਸ਼ਕਤੀਆਂ ਲਈ ਅਤਿ ਖਤਰਨਾਕ ਅਤੇ ਕਲਾਕਾਰਾਂ ਤੇ ਕਿਰਤੀਆਂ ਲਈ ਬਹੁਤ ਵੱਡਾ ਕਸਾਈਖਾਨਾ ਹੁੰਦਾ ਹੈ — ਜਿਵੇਂ ਈਰਾਨ, ਪਾਕਿਸਤਾਨ ਤੇ ਅਰਬ ਮੁਲਕ ਹਨ।



ਦਰਸ਼ਨ ਗਿੱਲ, ਜਸਪਾਲ ਸੂਸ, ਚਰਨਜੀਤ, ਇਕਬਾਲ, ਪ੍ਰਕਾਸ਼, ਗੁਰਚਰਨ ਰਾਮਪੁਰੀ,
ਰਘੁਬੀਰ ਢੰਡ, ਹਰਮਿੰਦਰ, ਗੁਰਨਾਮ ਸੰਘੇੜਾ, ਮਹਿੰਦਰ ਸੂਮਲ, ਸੂਫੀ

ਮੈਂ ਉਹਨਾਂ ਨੂੰ ਫੋਨ ਕੀਤਾ: "ਬਜ਼ੁਰਗ ਲੇਖਕ! ਮੈਂ ਰਘੁਬੀਰ ਢੰਡ ਬੋਲਦਾਂ ਮੇਰਾ ਨਿਮਰ ਪ੍ਰਣਾਮ ਕਬੂਲ ਕਰਨਾ। ਮੇਰੇ ਕੋਲ ਕੁੱਝ ਘੰਟੇ ਵਿਹਲੇ ਨੇ। ਮੈਂ, ਪ੍ਰਕਾਸ਼ ਤੇ ਗੁਰਨਾਮ ਤੁਹਾਡੇ ਦਰਸ਼ਣ ਕਰਨਾ ਚਾਹੁੰਦੇ ਆਂ। ਇਜਾਜ਼ਤ ਐ?"

— ਰਘੁਬੀਰ, ਤੁਸੀਂ ਤਾਂ ਦਰਸ਼ਨ ਗਿੱਲ ਨਾਲ ਕੱਲ੍ਹ ਨੂੰ ਮੈਨੂੰ ਮਿਲਣ ਆਉਣਾ ਹੈ। ... ਉਹ ਬੋਲੇ।

ਮੈਂ ਬੇਨਤੀ ਕੀਤੀ ਕਿ ਕੱਲ੍ਹ ਅਸੀਂ ਨਹੀਂ ਆ ਸਕਾਂਗੇ, ਕਿਉਂਕਿ ਗੁਰਨਾਮ ਤੇ ਅਮਨਦੀਪ (ਪਿਉ-ਪੁੱਤ) ਨੂੰ ਡਿਗਰੀਆਂ ਮਿਲਣੀਆਂ ਹਨ ਅਤੇ ਭੈਣ ਜੀ ਹਰਮਿੰਦਰ ਦੀ ਖਾਹਿਸ਼ ਹੈ ਕਿ ਸਾਰਾ ਪਰਿਵਾਰ ਕਿਸੇ ਰੈਸਟੋਰੈਂਟ ਵਿਚ ਖਾਣਾ ਖਾਣ ਜਾਵੇ। ਅਸੀਂ ਦਰਸ਼ਨ ਗਿੱਲ ਨੂੰ ਇਹ ਗੱਲ ਕਹਿ ਵੀ ਚੁੱਕੇ ਹਾਂ। ਅਸੀਂ ਅੱਜ ਆ ਜਾਂਦੇ ਹਾਂ ਤੇ ਇਕ ਦਿਨ ਫਿਰ ਵੀ ਆਵਾਂਗੇ।

ਗਿਆਨੀ ਜੀ ਸੰਕੋਚ ਕਰਨ ਲੱਗ ਪਏ। ਬੋਲੇ: "ਮੇਰੀ ਪਤਨੀ ਨੂੰ ਮੈਂ ਸਵਿਮਿੰਗ ਪੂਲ 'ਤੇ ਛੱਡ ਕੇ ਆਇਆ ਹਾਂ ਤੇ ਉਹ ਤਿੰਨ ਵਜੇ ਵਾਪਸ ਆਵੇਗੀ

ਮੈਂ ਆਖਿਆ ਕਿ ਕੋਈ ਗੱਲ ਨਹੀਂ। ਉਹਨਾਂ ਦੇ ਪਰਤਣ ਤੀਕ ਅਸੀਂ ਬੈਠਾਂਗੇ। ਬਾਕੀ ਤੁਸੀਂ ਚਾਹ-ਪਾਣੀ ਦਾ ਫਿਕਰ ਨਾ ਕਰਨਾ। ਪ੍ਰਕਾਸ਼ ਸਾਡੇ ਨਾਲ ਹੈ। ਉਹ ਬਣਾ ਲਵੇਗੀ। ਨਾਲੇ ਇਥੇ ਕਿਹੜਾ ਛਿਟੀਆਂ ਜਾਲਣੀਆਂ ਨੇ।

ਉਹਨਾਂ ਨੇ ਕਾਫੀ ਹਿਚਕਚਾਹਟ ਤੋਂ ਬਾਦ 'ਹਾਂ' ਕਰ ਦਿੱਤੀ; ਐਵੇਂ ਬੀਮਾਰ ਜਿਹੀ 'ਹਾਂ'!

ਅਸੀਂ ਤਿਆਰ ਹੋਣ ਲਗ ਪਏ। ਇੰਨੇ ਨੂੰ ਦਰਸ਼ਨ ਗਿੱਲ ਦਾ ਫੋਨ ਆਇਆ ਅਤੇ ਉਸ ਨੇ ਦੱਸਿਆ ਕਿ ਗਿਆਨੀ ਕੇਸਰ ਸਿੰਘ ਹੋਰੀਂ ਤੇ ਉਹਨਾਂ ਦੀ ਪਤਨੀ ਪ੍ਰਿੰਸੀਪਲ ਤੇਜਾ ਸਿੰਘ ਦੇ ਲੜਕੇ ਦੀ ਹਸਪਤਾਲ ਵਿਚ ਖਬਰ ਲੈਣ ਚਲੇ ਗਏ ਨੇ।

ਪਰ ਅਸੀਂ ਤਾਂ ਉਹਨਾਂ ਨੂੰ ਮਿਲਣ ਜਾ ਰਹੇ ਸਾਂ! ਖੈਰ, ਮੈਂ ਗਿਆਨੀ ਜੀ ਨੂੰ ਫੋਨ ਕੀਤਾ ਤਾਂ ਉਹਨਾਂ ਨੇ ਦੱਸਿਆ ਕਿ ਮੈਂ ਆਪਣੀ ਪਤਨੀ ਨੂੰ ਸਵਿਮਿੰਗ ਪੂਲ 'ਤੇ ਫੋਨ ਕਰਕੇ ਪੁੱਛਿਆ ਸੀ ਕਿ ਤੁਹਾਡਾ ਕਿਤੇ ਜਾਣ ਦਾ ਪ੍ਰੋਗਰਾਮ ਤਾਂ ਨਹੀਂ। ਉਸ ਨੇ ਆਖਿਆ ਕਿ ਪ੍ਰਿੰਸੀਪਲ ਤੇਜਾ ਸਿੰਘ ਦੇ ਲੜਕੇ ਦੀ ਖਬਰ ਲੈਣ ਹਸਪਤਾਲ ਜਾਣਾ ਹੈ। ... ਮੈਂ ਆਖਿਆ ਕਿ ਜੇ ਇੰਜ ਸੀ ਤਾਂ ਤੁਸੀਂ ਮੈਨੂੰ ਫੋਨ ਕਰ ਦਿੰਦੇ। ਉਹਨਾਂ ਆਖਿਆ ਕਿ ਮੈਂ ਸੋਚਿਆ ਚਲੋ ਦਰਸ਼ਨ ਗਿੱਲ ਕਰ ਦੇਵੇਗਾ।

ਇਸ ਸਾਰੇ ਡਰਾਮੇ ਨੂੰ ਮੈਂ ਆਪਣੀ ਸ਼ਖਸ਼ੀਅਤ ਦੀ ਬੇਇਜ਼ਤੀ ਸਮਝੀ, ਜਿਹੜੀ ਮੈਨੂੰ ਕਦੀ-ਕਦੀ ਸਵੀਕਾਰ ਨਹੀਂ ਹੁੰਦੀ। ਮੈਂ ਦਰਸ਼ਨ ਗਿੱਲ ਨੂੰ ਬੇਨਤੀ ਕੀਤੀ ਕਿ ਹੁਣ ਜੇ ਕੇਸਰ ਸਿੰਘ ਹੋਰਾਂ ਨੇ ਮੈਨੂੰ ਮਿਲਣਾ ਹੈ ਤਾਂ ਆਪ ਮੈਨੂੰ ਸਿੱਧਾ ਫੋਨ ਕਰਨ।

ਇਸ ਡਰਾਮੇ ਨਾਲ ਮੇਰਾ ਕੋਈ ਮੂਡ ਖਰਾਬ ਨਹੀਂ ਹੋਇਆ। ਮੇਰਾ ਮੂਡ ਤਾਂ ਉਦੋਂ ਖਰਾਬ ਹੁੰਦਾ ਹੈ ਜਦੋਂ ਮੈਥੋਂ ਕੋਈ ਭੁੱਲ ਹੋ ਜਾਵੇ ਤੇ ਮੈਂ ਉਸ ਨੂੰ ਠੀਕ ਸਮੇਂ ਸੋਧ ਨਾ ਸਕਾਂ।

ਅਸੀਂ ਬਾਹਰ ਚਲੇ ਗਏ। ਸਮੁੰਦਰ ਦੇ ਰੇਤਲੇ ਕਿਨਾਰਿਆਂ 'ਤੇ ਘੁੰਮਦੇ ਰਹੇ, ਜਿਹਨਾਂ ਦਾ ਹਾਲੀਂ ਵਪਾਰਕ ਕੇਂਦਰਾਂ ਨੇ ਸੱਤ ਭੰਗ ਨਹੀਂ ਸੀ ਕੀਤਾ। ਸਾਡੇ ਸਾਹਮਣੇ ਵਿਸ਼ਾਲ ਸਮੁੰਦਰ ਮਾਂ ਦੇ ਦਿਲ ਵਾਂਗ ਵਿਛਿਆ ਪਿਆ ਸੀ। ਉਸ ਤੋਂ ਪਰੇ ਪਹਾੜ, ਜਿਹਨਾਂ ਨਾਲ ਚਿੱਟੇ ਬੱਦਲ ਹਠਕੇਲੀਆਂ ਲੈ-ਲੈ ਸੱਜਣਾਂ ਦੇ ਦੇਸ਼ ਨੂੰ ਉਡੇ ਜਾ ਰਹੇ ਸਨ। ਪ੍ਰਕਾਸ਼ ਸੈਰ ਕਰਨ ਲਈ ਦੂਰ ਨਿਕਲ ਗਈ ਸੀ। ਮੈਂ ਤੇ ਗੁਰਨਾਮ ਭਵਿਖ ਵਿਚ ਲਿਖਣ-ਪੜ੍ਹਨ ਦੀਆਂ ਵਿਉਂਤਾਂ ਬਣਾਉਂਦੇ ਰਹੇ। ਗੁਰਨਾਮ ਨੇ ਮੈਨੂੰ ਆਖਿਆ ਕਿ ਤੂੰ ਇੰਨਾ ਕੁਝ ਪੜ੍ਹਿਆ ਤੇ ਪੜ੍ਹ ਰਿਹਾ ਏਂ, ਤੈਨੂੰ ਆਲੋਚਨਾਤਮਕ ਲੇਖ ਵੀ ਲਿਖਣੇ ਚਾਹੀਦੇ ਹਨ। ਮੈਂ ਕਿਹਾ : "ਚੰਗਾ! ... ਪਰ ਪੜ੍ਹਿਆ ਤਾਂ ਤੂੰ ਵੀ ਬਹੁਤ ਏ, ਤੈਨੂੰ ਨਿੱਕਿਆਂ-ਨਿੱਕਿਆਂ ਰੁਝੇਵਿਆਂ ਵਿਚ ਵਕਤ ਜ਼ਾਇਆ ਨਹੀਂ ਕਰਨਾ ਚਾਹੀਦਾ। ਹਰ ਸਾਲ ਕੋਈ ਸਟੱਡੀ ਲਿਖਣੀ ਚਾਹੀਦੀ ਹੈ।" ਗੁਰਨਾਮ ਨੇ ਵੀ ਸਹਿਮਤੀ ਪ੍ਰਗਟ ਕੀਤੀ।

ਰੇਤਲੇ ਕੰਢੇ 'ਤੇ ਫਿਰਦਿਆਂ ਪਿੰਡ ਦੀ ਨਹਿਰ ਬਹੁਤ ਯਾਦ ਆਈ ਤੇ ਰਹੀੜੇ ਦੇ ਟਿੱਬੇ। ਨਹਿਰ, ਜੀਹਦੇ ਵਿਚ ਨੁਹਾਉਂਦਾ ਮੈਂ ਕਦੀ ਨਹੀਂ ਸਾਂ ਥਕਦਾ ਹੁੰਦਾ ਤੇ ਟਿੱਬੇ, ਜਿਹਨਾਂ ਦੀ ਨਿਵਾਣ ਵਿਚ ਅਸੀਂ ਮਾਰੂ ਹਾੜ੍ਹੀ ਵੱਢਦੇ ਹੁੰਦੇ ਸਾਂ ਅਤੇ ਸੰਤੋਖ ਸਿੰਘ ਝਿਊਰ ਪਾਣੀ ਦੀ ਮਸ਼ਕ ਤੇ ਰਿਉੜੀਆਂ ਲਈ ਆਉਂਦਾ, ਜਦੋਂ ਟਿੱਬੇ ਤੋਂ ਹੇਠਾਂ ਉਤਰਦਾ ਹੁੰਦਾ ਸੀ ਤਾਂ ਇੰਜ ਜਾਪਣ ਲਗਦਾ ਸੀ ਜਿਵੇਂ ਮਾਰੂ ਥਲਾਂ ਵਿਚ ਦੁੱਧ ਦੀ ਨਦੀ ਤੁਰੀ ਆ ਰਹੀ ਹੋਵੇ। ਕੇਹਾ ਰਾਜ-ਪ੍ਰਬੰਧ ਹੈ ਸਾਲਾ! ਦੁਨੀਆਂ ਦੇ ਸਭ ਤੋਂ ਵੱਡੇ ਲੋਕਰਾਜ ਵਿਚ, ਪਾਣੀ ਦਾ ਅੰਮ੍ਰਿਤ ਵਰਤਾਉਣ ਵਾਲਾ ਝਿਊਰ ਭੁੱਖਾਂ-ਤੇਹਾਂ ਨਾਲ ਲੜਦਾ ਹੀ ਇਸ ਜਹਾਨੋਂ ਤੁਰ ਗਿਆ। ਉਹਦੀ ਧੀ ਛੱਡੀ ਗਈ, ਇਕ ਪੁੱਤ ਕਮਲਾ ਹੋ ਕੇ ਘਰੋਂ ਨਿਕਲ ਗਿਆ ਤੇ ਪਤਾ ਨਹੀਂ ਕਿੱਥੇ ਮਰ-ਖਪ ਗਿਆ ਅਤੇ ਦੂਜਾ ਜ਼ਿੰਦਗੀ ਦੀ ਲੜਾਈ ਤੋਂ ਡਰਦਾ ਗੁਰਦਵਾਰੇ ਜਾ ਕੇ ਬਹਿ ਗਿਆ। ਸੰਤੋਖ ਸਿੰਘ ਲਈ ਤਾਂ ਉਹ ਵੀ ਮਰ ਹੀ ਗਿਆ ਸੀ।

ਫਿਰ ਅਸੀਂ ਤੁਰ ਪਏ। ਅਜੇ ਸਾਢੇ ਪੰਜ ਹੀ ਵੱਜੇ ਸਨ ਅਤੇ ਅਸੀਂ ਅੰਬਰਤੋ ਬੀਬੀ ਕੋਲ ਪਹੁੰਚਣ ਦਾ ਸਮਾਂ ਸੱਤ ਵਜੇ ਦਾ ਦਿੱਤਾ ਹੋਇਆ ਸੀ। ਜਾਂਦੇ-ਜਾਂਦੇ ਕਾਮਰੇਡ ਅਣਖੀ ਦੇ ਘਰ ਚਲੇ ਗਏ। ਸਾਰਾ ਪਰਿਵਾਰ ਬਹੁਤ ਹੀ ਤਪਾਕ ਨਾਲ ਮਿਲਿਆ। ਪ੍ਰਕਾਸ਼ ਨੂੰ ਖੰਘਦੀ ਵੇਖ ਅਣਖੀ ਦੀ ਪਤਨੀ ਆਖਣ ਲੱਗੀ; "ਪ੍ਰਕਾਸ਼ ਕਾਲਾ ਲੂਣ, ਨੁਸ਼ਾਦਰ ਠੀਕਰੀ, ਪਾਕਿਸਤਾਨੀ ਲੂਣ, ਤਿੰਨੇ ਸੌ-ਸੌ ਗ੍ਰਾਮ ਲੈ

→

L/R LAKEVIEW REALTY LTD. DELTA 590-3231

7909 Scott Rd., Delta, B.C. V4C 6P6

ਆਪਣਾ ਘਰ ਖ਼੍ਰੀਦਣ ਜਾਂ ਵੇਚਣ ਲਈ, ਕਮਰਸ਼ਲ ਜਾਂ ਇੰਡਸਟਰੀਅਲ ਪ੍ਰਾਪਰਟੀਆਂ ਦੀਆਂ ਲੋੜਾਂ ਲਈ ਜੇ ਤੁਹਾਨੂੰ ਪ੍ਰੋਫੈਸ਼ਨਲ ਮੱਦਦ ਦੀ ਲੋੜ ਹੈ ਤਾਂ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਬੇਅੰਤ ਸੇਖੋਂ**

ਪ੍ਰਾਪਰਟੀ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਅੱਜ ਹੀ ਫੋਨ ਕਰੋ

**Bus. (604) 590-3231**

**Res. (604) 591-1354 ਜਾਂ 588-0749**



BEANT SEKHON
Res. 591-1354
or
588-0749



Via Rail Tickets Now issued here to U.S.A and CANADA

ਹੁਣੇ ਬੁੱਕ ਕਰਾਓ

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

Travel to India, Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

*For booking conditions please call:*



***Fourways Travel Limited***

9341 - 120 St., (Scott Rd.) Delta, B.C.

Ph. (604) 584-1411

Anywhere in the world.

ਸਰੀ-ਡੇਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ



# ਕੀ ਇੰਮੀਗਰੇਸ਼ਨ ਦਾ ਮਸਲਾ ਹੈ?

ਸਲਾਹ ਮਸ਼ਵਰੇ ਲਈ ਸਾਡੀ ਮਦਦ ਲੱਵੋ

ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।

# ਵਰਲਡ ਵਾਈਡ ਇੰਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.K.)
Res. 580-1822

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੇ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।
- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੰਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)
Res: 521-5061

## IMMIGRATION PROBLEMS?

**Let us assist you as we have been doing since 1946**

**Complete Immigration Service in Canada**

- Sponsoring Immediate Family
- Close Relatives
- Independent Immigrants
- Fiance (e) Application
- Student Visa
- Refugee Application
- Visitors Visa
- Adoption Application
- Returning Resident Permit
- Citizenship Application
- Orphan Relatives Application
- Investors Immigration
- Entrepreneurs Immigration
- Self-Employed Immigration
- Family Business Immigration
- Work Permit
- Retired Person Application
- Release Hearing
- Immigration Inquiry
- Immigration Appeal
- Preparing Application Forms
- Etc....

FREE consultation for first interview

**Malkit Singh Parhar & Daljit Sandhu**

**IMMIGRATION CONSULTANTS**

World Wide Immigration & Documentation Services

2127 — Kingsway, Vancouver, B.C. Canada

**Off. (604) 430-6611**

→

ਲਵੀਂ। ਰਲਾ ਕੇ ਰੱਖ ਲਵੀਂ। ਜਦੋਂ ਵੀ ਖੰਘ ਆਵੇ, ਚੱਟ ਲਿਆ ਕਰੀਂ।" ... ਪ੍ਰਕਾਸ਼ ਨੂੰ ਉਹ ਬਹੁਤ ਚੰਗੇ ਲੱਗੇ। ਬੋਲੀ: "ਅੱਜ ਆਏਂ ਲੱਗਿਆ ਜਿਵੇਂ ਮੇਰੀ ਸਕੀ ਭੈਣ ਨੰਦ ਨੇ ਮੈਨੂੰ ਜ਼ਰਾ ਕੁ ਖੰਘਦੀ ਵੇਖ ਬਹੁਤ ਹੀ ਫਿਕਰ ਕੀਤਾ ਹੋਵੇ। ਅਣਖੀ ਬਾਈ ਦੀ ਪਤਨੀ ਤਾਂ ਬਹੁਤ ਹੀ ਚੰਗੀ ਹੈ।" ਮੈਂ ਆਖਿਆ ਕਿ ਕਾਮਰੇਡਾਂ ਦੀਆਂ ਪਤਨੀਆਂ ਚੰਗੀਆਂ ਹੀ ਹੁੰਦੀਆਂ ਨੇ। ਇਹਨਾਂ ਜਨੂੰਨੀਆਂ ਨਾਲ ਮਾੜੀਆਂ-ਧੀੜੀਆਂ ਤੀਮੀਆਂ ਕੱਟ ਹੀ ਨਹੀਂ ਸਕਦੀਆਂ।

ਧੁੱਪ ਖਿੜੀ ਹੋਈ ਸੀ ਅਤੇ ਅਸੀਂ ਅਣਖੀ-ਪਰਿਵਾਰ ਨਾਲ ਤਸਵੀਰਾਂ ਖਿਚਵਾਈਆਂ।

ਪੂਰੇ ਸੱਤ ਵਜੇ ਅਸੀਂ ਬੀਬੀ ਅੰਮ੍ਰਿਤੋ ਦੀ ਲੜਕੀ ਰਾਜ ਦੇ ਘਰ ਪਹੁੰਚ ਗਏ। ਭੈਣ ਤੇ ਭਾਣਜੀ ਰਾਜ ਗਲਵਕੜੀਆਂ ਪਾ ਕੇ ਮਿਲੀਆਂ। ਬੀਬੀ ਦੀ ਨੂੰਹ ਨੇ ਵੀ ਬੜੇ ਆਦਰ ਨਾਲ ਸਤਿ ਸ੍ਰੀ ਅਕਾਲ ਬੁਲਾਈ। ਰਾਜ ਦਾ ਘਰ ਬਹੁਤ ਸੋਹਣਾ ਸੀ ਤੇ ਰੱਖਿਆ ਵੀ ਬੜੇ ਸੋਹਜ ਨਾਲ ਹੋਇਆ ਸੀ। ਬਹੁਤ ਗੱਲਾਂ ਹੋਈਆਂ। ਬੀਬੀ ਉਹੋ ਜਿਹੀ ਹੀ ਸੀ, ਗੋਰੀ-ਚਿੱਟੀ। ਗੰਭੀਰ ਤਾਂ ਪਹਿਲਾਂ ਹੀ ਸੀ, ਹੁਣ ਤਾਂ ਹੋਰ ਵੀ ਹੋ ਗਈ ਸੀ। ਜਾਪਦਾ ਸੀ ਜਿਵੇਂ ਕੋਈ ਮੰਦਰ ਦੀ ਮੂਰਤੀ ਬਿਰਾਜਮਾਨ ਹੋਵੇ। ਮੈਂ ਆਖਿਆ: ਬੀਬੀ! ਯਾਦ ਐ ਜਦੋਂ ਆਪਾਂ ਨਿਆਣੇ ਹੁੰਦੇ ਧੁੱਪ-ਛਾਂ ਖੇਡਦੇ ਹੁੰਦੇ ਸਾਂ ਤੇ ਮੈਂ ਤੇਰੀ ਗੁੱਤ ਫੜ ਲੈਂਦਾ ਸਾਂ। ਬੀਬੀ ਹੱਸ ਪਈ। ਕਿੰਨੀਆਂ ਸਾਂਝਾਂ ਸਨ ਇਹਨਾਂ ਦੇ ਘਰ ਨਾਲ! ਉਂਜ ਤਾਂ ਆਪਣੇ ਬਚਪਨ ਵਿਚ ਕੋਈ ਬਚਪਨ ਹੈ ਹੀ ਨਹੀਂ ਸੀ। ਮਾਂ ਮਰ ਗਈ ਸੀ ਤੇ ਬਾਪ ਆਪਣੀ ਜ਼ਮੀਨ ਵਿਚੋਂ ਗੁਜ਼ਾਰਾ ਹੁੰਦਾ ਨਾ ਵੇਖ ਸਰਦਾਰ ਗੱਜਣ ਸਿੰਘ ਦੀਆਂ ਜ਼ਮੀਨਾਂ ਦੀ ਮੁਖਤਿਆਰੀ ਕਰਨ ਲਈ ਬਾਹਰ ਚਲਿਆ ਗਿਆ ਸੀ। ਪਿੰਡ ਫਿਰ ਯਾਦ ਆਇਆ। ਬੀਬੀ ਨੇ ਵੀ ਆਖਿਆ: "ਬੀਰ, ਚਾਹੇ ਕੁਝ ਵੀ ਹੋਵੇ, ਮੁਲਕ ਤਾਂ ਆਪਣਾਂ ਹੀ ਵਧੀਆ ਹੁੰਦਾ ਹੈ।"

ਖਾਣਾ ਖਾਧਾ। ਰਾਜ ਸਾਡੇ ਨਾਲ ਨਹੀਂ ਬੈਠੀ। ਵੇਖਦੀ ਰਹੀ ਕਿ ਸਭ ਨੂੰ ਹਰ ਚੀਜ਼ ਠੀਕ-ਠਾਕ ਮਿਲ ਰਹੀ ਹੈ। ਭੈਣ ਨੇ ਉਹਦੇ ਇਕ-ਇਕ ਅਮਲ ਵਿਚ ਸੁਚੱਜਤਾ ਭਰੀ ਹੋਈ ਸੀ। ਪ੍ਰਾਹੁਣਾ ਸਾਡੇ ਆਪਣੇ ਲੜਕੇ ਰਾਜੀਵ ਦੇ ਹਾਣ ਦਾ ਸੀ ਅਤੇ ਪੰਜਾਬੀ ਅੰਗਰੇਜ਼ੀ ਅੰਦਾਜ਼ ਵਿਚ ਬੋਲਦਾ ਸੀ। ਰਾਜ ਨੇ ਦੱਸਿਆ: "ਮਾਮਾ ਜੀ, ਜਦੋਂ ਇਹ ਇੰਡੀਆ ਵਿਆਹ ਕਰਵਾਉਣ ਗਏ ਤਾਂ ਪੰਜਾਬੀ ਨਹੀਂ ਸਨ ਜਾਣਦੇ। ਵਿਆਹ ਹੋਇਆ ਤਾਂ ਇਹ ਅੰਗਰੇਜ਼ੀ ਬੋਲੀ ਜਾਂਦੇ ਸਨ ਤੇ ਮੈਂ ਪੰਜਾਬੀ। ਹੁਣ ਸਿੱਖ ਰਹੇ ਹਨ। ਭਾਵੇਂ ਕਿਵੇਂ ਵੀ ਸੀ, ਮਾਂ-ਬੋਲੀ ਦੇ ਸ਼ਬਦ ਉਹਦੇ ਮੂੰਹ ਵਿਚੋਂ ਮਾਂ ਦੇ ਦੁੱਧ ਵਾਂਗ ਝਰ ਰਹੇ ਸਨ।

ਉਦੋਂ ਨੂੰ ਬੀਬੀ ਦਾ ਵਿਚਕਾਰਲਾ ਮੁੰਡਾ ਆ ਗਿਆ। ਛੋਟੇ ਹੁੰਦਿਆਂ ਉਹਨੂੰ ਅਸੀਂ ਬੱਗਾ ਆਖਦੇ ਹੁੰਦੇ ਸਾਂ। ਬਹੁਤ ਸੋਹਣੇ ਨਕਸ਼ਾਂ ਵਾਲਾ ਸੁਨੱਖਾ ਮੁੰਡਾ ਸੀ ਬੱਗਾ ਉਸ ਨੇ ਮੇਰੇ ਤੇ ਪ੍ਰਕਾਸ਼ ਦੇ ਪੈਰੀਂ ਹੱਥ ਲਾਏ। ਬਹੁਤ ਹੀ ਤਮੀਜ਼ ਵਾਲਾ ਮੁੰਡਾ ਸੀ, ਆਪਣੀ ਮਾਂ ਵਰਗਾ।

ਗੁਲਾਬ-ਜਾਮਣਾਂ ਖਾ ਤੁਰਨ ਲਗਿਆ ਮੈਂ ਰਾਜ ਭਾਣਜੀ ਨੂੰ ਗਿਆਰਾਂ ਡਾਲਰ ਦਿੱਤੇ। ਉਹ ਲੈਂਦੀ ਨਹੀਂ ਸੀ। ਬਹੁਤ ਨਾਂਹ-ਨੁੱਕਰ ਤੋਂ ਬਾਦ ਕਿਤੇ ਜਾ ਕੇ ਮੰਨੀ। ਉਹਦਾ ਪਤੀ "ਸੇਵ-ਔਨ-ਫੂਡ" ਵਿਚ ਮੈਨੇਜਰ ਸੀ ਤੇ ਉਹਨੂੰ ਡਾਲਰਾਂ ਦੀ ਕੀ ਕਮੀ ਸੀ। ਪਰ ਮੈਂ ਮਾਮੇ ਦਾ ਫਰਜ਼ ਪੂਰਾ ਕਰਨਾ ਚਾਹੁੰਦਾ ਸਾਂ। ਨਾਲੇ ਜਿਸ ਦਿਨ ਦੇ ਅਸੀਂ ਆਏ ਸਾਂ, ਸਾਡਾ ਕੋਈ ਪੈਸਾ ਖਰਚ ਨਹੀਂ ਸੀ ਹੋ ਰਿਹਾ। ਇਹ ਬੜੀ ਖਤਰਨਾਕ ਅਵਸਥਾ ਹੁੰਦੀ ਹੈ। ਜੇ ਕੋਲ ਪੈਸੇ ਹੋਣ ਤੇ ਖਰਚ ਨਾ ਹੋਣ ਤਾਂ ਪੈਸੇ ਦਾ ਸੁਆਦ ਪੈ ਜਾਂਦਾ ਹੈ ਅਤੇ ਪੈਸੇ ਦੇ ਸੁਆਦੀ ਮਨੁੱਖ ਦਾ ਕਿਸੇ ਨਾਲ ਦਿਲ ਦਾ ਰਿਸ਼ਤਾ ਨਹੀਂ ਹੁੰਦਾ। ... ਗਿਆਨੀ ਕੇਸਰ ਸਿੰਘ ਦੇ ਰਵੱਈਏ ਨਾਲ ਜਿਹੜੀ ਬੇਸੁਆਦੀ ਹੋਈ ਸੀ ਉਹ ਬੀਬੀ ਤੇ ਰਾਜ ਨੂੰ ਮਿਲ ਕਾਫੂਰ ਹੋ ਗਈ। ਸ਼ਾਇਦ ਇਹੀ ਜੀਵਨ ਦਾ ਰਹੱਸ ਹੈ। ਘਟਨਾਵਾਂ ਅਸਰ ਕਰਦੀਆਂ ਹਨ ਤੇ ਵਿਰੋਧੀ ਘਟਨਾਵਾਂ ਉਹਨਾਂ ਨੂੰ ਬੇਅਸਰ ਕਰਦੀਆਂ ਰਹਿੰਦੀਆਂ ਹਨ।

## 27 ਮਈ, 1988 (ਸ਼ੁਕਰਵਾਰ)

ਅੱਜ ਗੁਰਨਾਮ ਅਤੇ ਅਮਨਦੀਪ (ਪਿਉ-ਪੁੱਤ) ਨੂੰ ਯੂ. ਬੀ. ਸੀ. (ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ) ਵਿਚ ਡਿਗਰੀਆਂ ਮਿਲਣੀਆਂ ਸਨ — ਗੁਰਨਾਮ ਨੂੰ ਸੋਸ਼ਲ ਸਰਵਿਸ ਗ੍ਰੈਜੂਏਸ਼ਨ ਦੀ ਅਤੇ ਅਮਨਦੀਪ ਨੂੰ ਐਲ. ਐਲ. ਬੀ. ਦੀ। ਦੋਹਾਂ ਨੇ ਫਸਟ ਡਵੀਜ਼ਨਾਂ ਲਈਆਂ ਸਨ। ਗੁਰਨਾਮ ਨੇ ਦੋ ਸਾਲ ਦੀ ਡਿਗਰੀ ਅੱਠ ਮਹੀਨਿਆਂ ਵਿਚ ਅਤੇ ਅਮਨਦੀਪ ਨੇ ਵਜ਼ੀਫਾ ਲਿਆ ਸੀ। ਗੁਰਨਾਮ ਨੂੰ ਸਵੇਰੇ ਅਤੇ ਅਮਨਦੀਪ ਨੂੰ ਬਾਦ-ਦੁਪਹਿਰ ਡਿਗਰੀ ਮਿਲਣੀ ਸੀ।

ਅਸੀਂ ਸਵੇਰੇ ਛੇ ਵਜੇ ਹੀ ਉਠ ਪਏ। ਤਿਆਰ ਹੋ ਰਹੇ ਸਾਂ ਕਿ ਟੈਲੀਫੂਨ ਆ ਗਿਆ ਕਿ ਬੀ ਜੀ ਨੂੰ ਦਿਲ ਦਾ ਦੌਰਾ ਪੈ ਗਿਆ ਹੈ ਅਤੇ ਉਹ ਹਸਪਤਾਲ ਵਿਚ ਹਨ। ਹਰਮਿੰਦਰ ਭੈਣ ਜੀ ਹਸਪਤਾਲ ਜਾਣ ਲਈ ਰੁਕ ਗਏ। ਅਮਨਦੀਪ, ਗੁਰਨਾਮ, ਪ੍ਰਕਾਸ਼ ਅਤੇ ਮੈਂ ਯੂਨੀਵਰਸਿਟੀ ਨੂੰ ਚਲ ਪਏ। ਬਹੁਤ ਸੋਹਣਾ ਤੇ ਵਿਸ਼ਾਲ ਹਾਲ ਸੀ, ਜਿਹੜਾ ਹੌਲੀ-ਹੌਲੀ ਭਰਨਾ ਸ਼ੁਰੂ ਹੋ ਗਿਆ। ਪਰ ਬੈਠਣ ਵਾਲੀਆਂ ਸੀਟਾਂ ਅਤਿ ਮਾੜੀਆਂ ਸਨ; ਬੱਸ ਲੱਕੜ ਦੇ ਸਖਤ ਤੇ ਭੀੜੇ ਬੈਂਚ। ਪ੍ਰਕਾਸ਼ ਨੇ ਤੰਗੀ ਮਹਿਸੂਸ ਕੀਤੀ। ਪ੍ਰਕਾਸ਼ ਗੁਰੂਆਂ ਦੀ ਨਸਲ ਵਿਚੋਂ ਹੈ। ਗੁਰੂ ਆਪ ਤਾਂ ਸਖਤ ਥਾਵਾਂ ਤੇ ਤਪ ਕਰਕੇ ਹੀ ਪਰਮ-ਪਦਵੀ ਨੂੰ ਪਹੁੰਚਦੇ ਹਨ, ਪਰ ਉਹਨਾਂ ਦੇ ਵਾਲੀ-ਵਾਰਸ ਗੱਦਿਆਂ-ਗਦੇਲਿਆਂ ਦੇ ਆਦੀ ਹੋ ਜਾਂਦੇ ਹਨ। ਸਾਡੀ ਮਾੜੀ ਕਿਸਮਤ ਨੂੰ, ਗੁਰਨਾਮ ਦਾ ਗੋਤ "ਸੰਘੇੜਾ" ਹੋਣ ਕਰਕੇ "ਐੱਸ" ਨੰਬਰ ਆਇਆ ਵੀ ਬਹੁਤ ਪਿਛੋਂ। ਭੈਣ ਜੀ ਹਰਮਿੰਦਰ ਵੀ ਬੀ ਜੀ ਦੀ ਖਬਰ ਲੈ ਕੇ ਆ ਪਹੁੰਚੇ। ਗੁਰਨਾਮ ਨੂੰ ਡਿਗਰੀ ਮਿਲੀ ਤੇ ਅਸੀਂ ਤਸਵੀਰਾਂ ਲਈਆਂ। ਸੈਸ਼ਨ ਖਤਮ ਹੋਇਆ ਅਤੇ ਅਸੀਂ ਲੰਚ ਲਈ ਚਲੇ ਗਏ। ਮੀਂਹ ਲਗਾਤਾਰ ਪੈ ਰਿਹਾ ਸੀ। ਮੈਂ ਅਰਜ਼ ਕੀਤੀ ਕਿ ਲੰਚ ਦੇ ਪੈਸੇ ਮੈਂ ਦੇਣੇ ਹਨ। ਖੁਸ਼ੀ ਦੇ ਮੌਕੇ ਵੱਡਿਆਂ ਦਾ ਹੀ ਫਰਜ਼ ਬਣਦਾ ਹੈ। ਖੈਰ, ਮੂੰਹ-ਜ਼ਬਾਨੀ ਉਚਾ-ਪੱਧਰਾ ਦੰਗਲ ਹੋਇਆ, ਜਿਸ ਵਿਚ ਪੱਟਕਾ ਮੈਂ ਲੈ ਗਿਆ।

ਬਾਦ-ਦੁਪਹਿਰ ਡਿਗਰੀ ਅਮਨਦੀਪ ਨੂੰ ਮਿਲਣੀ ਸੀ। ਅਸੀਂ ਚਾਰ ਸੀਟਾਂ ਹੋਰ ਮੱਲਣੀਆਂ ਸਨ ਕਿਉਂਕਿ ਅਮਨਦੀਪ ਦੀ ਪਤਨੀ ਰੇਮਾ, ਰੇਮਾ ਦੀ ਭੈਣ ਤੇ ਮਾਂ-ਬਾਪ ਨੇ ਵੀ ਆਉਣਾ ਸੀ। ਅਮਨਦੀਪ ਦਾ ਨੰਬਰ ਵੀ ਪਿਛੇ ਸੀ। ਖੈਰ, ਹੁਣ ਅਸੀਂ ਭੀੜੇ ਬੈਂਚਾਂ 'ਤੇ ਹੱਡ ਨਹੀਂ ਭੰਨਵਾਏ। ਮੈਂ ਤੇ ਪ੍ਰਕਾਸ਼ ਬਾਹਰ ਫਿਰਦੇ ਰਹੇ ਅਤੇ ਸਮੇਂ-ਸਿਰ ਹੀ ਅੰਦਰ ਗਏ। ਮੈਨੂੰ ਬੜਾ ਪਛਤਾਵਾ ਹੋਇਆ ਕਿ ਮੈਂ ਕਿਤਾਬ ਨਾਲ ਕਿਉਂ ਨਾ ਲੈ ਕੇ ਆਇਆ।

ਕੁਝ ਡਿਗਰੀਆਂ ਲੈਣ ਵਾਲੇ ਉਹ ਵੀ ਸਨ ਜਿਹਨਾਂ ਨੂੰ ਮੌਤ ਚੱਟ ਗਈ ਸੀ ਇਕ ਮੋਈ ਕੁੜੀ ਦੀ ਡਿਗਰੀ ਉਹਦੇ ਮੰਗੇਤਰ ਨੇ ਲਈ। ਹਾਲ ਤਾੜੀਆਂ ਨਾਲ ਗੂੰਜ ਉਠਿਆ। ਇਕ ਮੋਏ ਪੁੱਤਰ ਦੀ ਡਿਗਰੀ ਉਹਦੀ ਮਾਂ ਨੇ ਲਈ। ਤਾੜੀਆਂ ਦੀ ਗੂੰਜ ਵਿਚ ਹੰਝੂ-ਲੱਦੀਆਂ ਅੱਖਾਂ ਨਾਲ ਉਹ ਸਟੇਜ ਉਤੋਂ ਦੀ ਗੁਜ਼ਰ ਗਈ। ਮੇਰੀਆਂ ਵੀ ਅੱਖਾਂ ਭਰ ਆਈਆਂ। ਸੋਚਦਾ ਰਿਹਾ ਕਿ ਉਹਨਾਂ ਦਾ ਅੱਜ ਦਾ ਦਿਨ ਕਿਵੇਂ ਗੁਜ਼ਰੇਗਾ?

ਅਮਨਦੀਪ ਨੇ ਬੜੇ ਆਤਮ-ਵਿਸ਼ਵਾਸ ਨਾਲ ਡਿਗਰੀ ਲਈ ਅਤੇ ਬੜੇ ਠਰ੍ਹੰਮੇ ਨਾਲ ਸਟੇਜ ਪਾਰ ਕੀਤੀ। ਜਦੋਂ ਡੀਨ ਨੇ ਉਹਦਾ ਨਾਂ ਬੋਲਿਆ ਤਾਂ ਰੇਮਾ ਅਤੇ ਉਹਦੀ ਭੈਣ ਨੇ 'ਹੇ-ਹੇ' ਦਾ ਸ਼ੋਰ ਚੁੱਕ ਦਿੱਤਾ ਅਤੇ ਉਹਨਾਂ ਦੇ ਸ਼ੋਰ ਵਿਚ ਮੈਂ ਵੀ ਆਪਣਾ ਯੋਗਦਾਨ ਪਾਇਆ।

ਡਿਗਰੀ ਤੋਂ ਬਾਦ ਮੈਂ, ਪ੍ਰਕਾਸ਼ ਤੇ ਗੁਰਨਾਮ ਘਰ ਨੂੰ ਪਰਤ ਆਏ ਤੇ ਬਾਕੀ ਸਾਰੇ ਖਾਣ-ਪੀਣ ਅਤੇ ਰੌਣਕ-ਮੇਲਾ ਵੇਖਣ ਲਈ ਠਹਿਰ ਗਏ। ਬਹੁਤ ਹੀ ਥੱਕ ਗਏ ਸਾਂ, ਪਰ ਡਿਗਰੀਆਂ ਮਿਲਣ ਦੀ ਖੁਸ਼ੀ ਨੇ ਥਕੇਵਾਂ ਭਾਰੂ ਨਹੀਂ ਸੀ ਹੋਣ ਦਿੱਤਾ

ਦੋ ਕੁ ਘੰਟਿਆਂ ਬਾਦ ਅਮਨਦੀਪ ਹੋਰੀਂ ਵੀ ਆ ਗਏ ਅਤੇ ਅਸੀਂ ਗਰੀਕ ਹੋਟਲ 'ਤੇ ਖਾਣਾ ਖਾਣ ਚਲੇ ਗਏ। ਰੈਸਟੋਰੈਂਟ ਤਾਂ ਨਿੱਕਾ ਜਿਹਾ ਸੀ ਪਰ ਸੀ ਬੜਾ ਹੀ ਸਾਫ-ਸੁਥਰਾ। ਸੀਖ-ਕਬਾਬ ਬੜੇ ਸੁਆਦ ਸਨ। ਪ੍ਰਕਾਸ਼ ਨੂੰ ਸੁਆਦ ਨਹੀਂ ਲੱਗਿਆ। ਅਸੀਂ ਘਰ ਪਰਤਣ ਲਈ ਉਠ ਖਲੋਤੇ। ਗਿਆਰਾਂ ਵੱਜ ਚੁੱਕੇ ਸਨ। ਬਾਹਰ ਮੀਂਹ ਪੈ ਰਿਹਾ ਸੀ ਅਤੇ ਸੜਕ 'ਤੇ ਬੁਲਬੁਲੇ ਉਠ ਰਹੇ ਸਨ। ਅਚਾਨਕ ਮੈਨੂੰ ਮੇਰੀ ਕਹਾਣੀ "ਬੁਲਬੁਲੇ" ਯਾਦ ਆਉਣ ਲੱਗੀ ਅਤੇ ਉਸ ਵਿਚਲਾ ਕਿਰਦਾਰ ਮੋਹਨ ਮੇਰੇ ਭਰਾ ਸੋਹਣ ਵਿਚ ਬਦਲ ਗਿਆ। ਪੰਜਾਬ ਦੇ ਹਾਲਾਤ ਖਰਾਬ ਹੋਣ ਕਰਕੇ ਮੈਨੂੰ ਉਹਦਾ ਹਰ ਵਕਤ ਫਿਕਰ ਰਹਿੰਦਾ ਹੈ। ਮਨ ਹੀ ਮਨ ਵਿਚ ਉਹਦੀ ਸੁੱਖ ਮੰਗੀ।

## 28 ਮਈ, 1988 (ਸਨਿਚਰਵਾਰ)

ਅੱਜ ਮੁਹਿੰਦਰ ਸੂਮਲ ਮਿਲਣ ਆਇਆ ਜਿਸ ਦਾ ਮੈਨੂੰ ਇੰਤਜ਼ਾਰ ਸੀ। ਹਰ ਇਕ ਨੇ ਉਹਦੀ ਪ੍ਰਸ਼ੰਸਾ ਕੀਤੀ ਹੋਈ ਸੀ। ਮਿਲਿਆ ਤਾਂ ਜਿਹਾ ਸੁਣਿਆ ਸੀ, ਉਸ ਤੋਂ ਵੀ ਵੱਧ ਨਿਕਲਿਆ। ਬੜਾ ਨਿੱਘਾ ਤੇ ਕੁਦਰਤੀ ਅੰਦਾਜ਼ ਵਿਚ ਗੱਲਾਂ ਕਰਨ ਵਾਲਾ ਮੁਹਿੰਦਰ ਸੂਮਲ। ਵੈਨਕੂਵਰ ਵਿਚ ਉਹਦੀ ਬੜੀ ਪੈਂਠ ਹੈ। ਚੰਦਾ ਇਕੱਠਾ ਕਰਨ ਲਈ, ਕਿਤਾਬਾਂ ਵੇਚਣ ਲਈ ਅਤੇ ਅਖਬਾਰਾਂ ਲਈ ਚੰਦਾ ਇਕੱਠਾ ਕਰਨ ਲਈ, ਉਹਦਾ ਅੱਵਲ ਨੰਬਰ ਹੈ। ਉਹਦੇ ਨਾਲ ਸਾਧਾਰਣ ਜਿਹੀਆਂ ਗੱਲਾਂ ਹੁੰਦੀਆਂ ਰਹੀਆਂ। ਉਹਦੀਆਂ ਗੱਲਾਂ ਵਿਚੋਂ ਸੁਹਿਰਦਤਾ ਦੀ ਖੁਸ਼ਬੂ ਆ ਰਹੀ ਸੀ।

ਸ਼ਾਮ ਨੂੰ ਅਮਰਜੀਤ ਸੂਫੀ ਦੇ ਘਰ ਦਾਅਵਤ ਸੀ। ਗੁਰਚਰਨ ਰਾਮਪੁਰੀ, ਮੁਹਿੰਦਰ ਸੂਮਲ ਤੇ ਉਹਦੀ ਪਤਨੀ ਇਕਬਾਲ, ਬਾਸੀ ਪਰਿਵਾਰ ਉਥੇ ਪੁੱਜੇ ਹੋਏ ਸਨ ਸੂਫੀ ਦਾ ਆਪਣਾ ਪਰਿਵਾਰ ਮਹਿਮਾਨਾਂ ਨਾਲੋਂ ਵੀ ਵੱਡਾ ਸੀ। ਸੂਫੀ, ਉਸ ਦੀ ਪਤਨੀ ਸਰਬਜੀਤ ਭੈਣ ਜੀ, ਉਹਦੀਆਂ ਪਿਆਰੀਆਂ ਬੱਚੀਆਂ ਤੇ ਬੱਚਿਆਂ ਨੇ ਬਹੁਤ ਪਿਆਰ ਕੀਤਾ। ਵੈਨਕੂਵਰ ਵਿਚ ਜਿੰਨੇ ਵੀ ਨੌਜਵਾਨ ਬੱਚਿਆਂ ਨੇ ਮੈਨੂੰ ਬਹੁਤਾ ਪ੍ਰਭਾਵਿਤ ਕੀਤਾ, ਉਹਨਾਂ ਵਿਚੋਂ ਸੂਫੀ ਸਾਹਿਬ ਦੇ ਬੱਚੇ ਵੀ ਸਨ। ਸੋਹਣੇ-ਸੁਨੱਖੇ, ਪਰ ਪੂਰੇ ਇੰਡੀਅਨ ਬੱਚੇ। ਉਹਨਾਂ ਦੇ ਚਿਹਰਿਆਂ 'ਤੇ ਹੀ ਸੁਆਗਤ ਲਿਖਿਆ ਹੋਇਆ ਸੀ। ਦਰਅਸਲ ਮੈਂ ਉਹਨਾਂ ਕੋਲ ਬਹਿ ਕੇ ਬਹੁਤ ਸਾਰੀਆਂ ਗੱਲਾਂ ਪੁਛਣੀਆਂ ਚਾਹੁੰਦਾ ਸਾਂ, ਪਰ ਬਹੁਤੇ ਬੰਦਿਆਂ ਦੀ ਦਾਅਵਤ ਐਵੇਂ ਮੇਲਿਆਂ ਵਰਗੀ ਹੀ ਹੁੰਦੀ ਹੈ। ਪਰ ਆਪਣੇ ਤਜਰਬੇ ਤੋਂ ਇਹੀ ਆਖ ਸਕਦਾ ਹਾਂ ਕਿ ਅਮਰਜੀਤ ਤੇ ਉਹਦੀ ਪਤਨੀ ਆਪਣੇ ਬਚਿਆਂ ਦਾ ਬੜਾ ਸੁਖ ਮਾਨਣਗੇ। ਚੰਗੇ ਬੱਚੇ ਬਹੁਤ-ਵੱਡੀ ਦੌਲਤ ਹੁੰਦੇ ਹਨ। ਅਸੀਂ ਅਮਲੀ ਰੂਪ ਵਿਚ ਇਹ ਦੌਲਤ ਮਾਣੀ ਹੈ ਤੇ ਮਾਣ ਰਹੇ ਹਾਂ।

ਗੱਲਾਂਬਾਤਾਂ ਐਵੇਂ ਸਰਸਰੀ ਤੇ ਰਿਵਾਜੀ ਜਿਹੀਆਂ ਹੀ ਹੁੰਦੀਆਂ ਰਹੀਆਂ। ਦਰਅਸਲ ਸਾਡੇ ਵਿਚਕਾਰ ਸੂਫੀ ਸਾਹਿਬ ਦੇ ਬੜੇ ਰੋਹਬ-ਦਾਬ ਵਾਲੇ ਪਿਤਾ ਜੀ ਬੈਠੇ ਸਨ ਤੇ ਬੈਠੇ ਵੀ ਚੁੱਪਚਾਪ ਸਨ, ਇਕ ਗ੍ਰੰਥ ਵਾਂਗ। ਉਹ ਸਾਡੀ ਗੱਲਬਾਤ ਵਿਚ ਹੁੰਘਾਰਾ ਵੀ ਨਹੀਂ ਸਨ ਭਰ ਰਹੇ। ਸਾਰੇ ਹੀ ਸੰਗਦੇ ਜਿਹੇ ਬੈਠੇ ਰਹੇ। ਜਦੋਂ ਉਠ ਕੇ ਗਏ ਤਾਂ ਬਹੁਤ ਦੇਰ ਹੋ ਚੁੱਕੀ ਸੀ। ਸਾਡੇ ਸਿਰਾਂ ਉਤੇ ਦੋ ਮੱਖੀਆਂ ਮੰਡਲਾ ਰਹੀਆਂ ਸਨ। ਸਾਡਾ ਧਿਆਨ ਵਾਰ-ਵਾਰ ਉਹਨਾਂ ਵਲ ਹੀ ਜਾ ਰਿਹਾ ਸੀ। ਮੈਂ ਅਮਰਜੀਤ ਨੂੰ ਆਖਿਆ ਕਿ ਉਡਾ ਪਰੇ ਕਿਸੇ ਕਪੜੇ ਜਾਂ ਅਖਬਾਰ ਨਾਲ। ... ਪਰ ਉਹ ਬਥੇਰੀ ਕੋਸ਼ਿਸ਼ ਕਰ ਚੁਕਿਆ ਸੀ। ਕੌਣ ਹੋਣਗੀਆਂ ਇਹ ਮੱਖੀਆਂ? ਮੈਂ ਸੋਚਿਆ। ਸ਼ਾਇਦ ਉਹੀ ਲੇਖਕ ਹੋਣ ਜਿਹੜੇ ਫਿਰਕੂ ਜ਼ਹਿਰ ਉਗਲਣ ਵਾਲੇ ਪਰਚਿਆਂ ਦੇ ਗੰਦ ਵਿਚ ਗੋਤੇ ਲਾ ਕੇ ਸਾਡੀ ਸੰਗਤ ਵਿਚ ਆਪਣੀ ਸ਼ੁੱਧੀ ਕਰਨ ਆਏ ਹੋਣ। ਬਰਾਬਰ ਬੈਠਣ ਦਾ ਜਿਗਰਾ ਤਾਂ ਕਰ ਨਹੀਂ ਸਕਦੇ, ਬੱਸ ਮੱਖੀਆਂ ਬਣ ਸਿਰਾਂ ਤੇ ਮੰਡਲਾ ਰਹੇ ਸਨ।

— ਆਪ ਬਚ ਕਰ ਚਲ ਸਕੇਂ ਐਸੀ ਕੋਈ ਸੂਰਤ ਨਹੀਂ
ਰਹਿਗੁਜ਼ਰ ਘੇਰੇ ਹੁਏ ਮੁਰਦੇ ਖੜੇ ਹੈਂ ਬੇਸ਼ੁਮਾਰ। - ਦੁਸ਼ਯੰਤ)

ਫਿਰ ਅਸੀਂ ਥੋੜ੍ਹਾ ਸਾਹਿਤਕ ਪ੍ਰੋਗਰਾਮ ਸ਼ੁਰੂ ਕੀਤਾ। ਮੁਹਿੰਦਰ ਸੂਮਲ ਦੀ ਪਤਨੀ ਇਕਬਾਲ ਨੇ ਪਹਿਲਾਂ ਇਕ ਗੀਤ ਸੁਣਾਇਆ। ਫਿਰ ਉਸ ਨੇ ਪਾਕਿਸਤਾਨੀ ਸ਼ਾਇਰ ਜਹਾਂਗੀਰ ਦੀ ਕੈਦ ਵਿਚ ਲਿਖੀ ਨਜ਼ਮ ਤਰੱਨਮ ਨਾਲ ਸੁਣਾਈ ਤੇ ਮੱਖੀਆਂ ਉਡ ਗਈਆਂ। ਲੋਕਾਂ ਲਈ ਲਿਖਣ ਵਾਲੇ ਸ਼ਾਇਰਾਂ ਦੇ ਤੇਜ ਤ੍ਰੇ ਜਲਾਲ ਨੂੰ ਇਹ ਮੱਖੀਆਂ ਕਿਵੇਂ ਝੱਲ ਸਕਦੀਆਂ ਸਨ? ਮੈਂ ਇਕਬਾਲ ਨੂੰ ਬੇਨਤੀ ਕੀਤੀ ਕਿ ਇਹ ਰਿਕਾਰਡ ਕਰਕੇ ਮੈਨੂੰ ਇੰਗਲੈਂਡ ਭੇਜਣ ਦੀ ਕਿਰਪਾ ਕਰਨ। ਗੁਰਚਰਨ ਰਾਮਪੁਰੀ ਨੇ ਨਜ਼ਮਾਂ ਸੁਣਾਈਆਂ। ਇਕ ਨਜ਼ਮ ਸੁਣ ਉਹਦੇ ਖੱਬੇ ਹੱਥ ਬੈਠਾ ਕਾਮਰੇਡ ਬਾਸੀ ਬੜੇ ਸਹਿਜਮਈ ਤਰੀਕੇ ਨਾਲ ਬੋਲਿਆ: "ਜ਼ਰਾ ਇਹਨੂੰ ਪੰਜਾਬੀ ਵਿਚ ਸਮਝਾਈਂ। ..., ਬਾਸੀ ਦੀ ਭਾਵੇਂ ਗਲਾਸੀ ਲੱਗੀ ਹੋਈ ਸੀ ਪਰ ਮੈਂ ਸੋਚਦਾ ਰਿਹਾ ਕਿ ਸਾਡੀਆਂ ਗੱਲਾਂ ਤੇ ਸਾਹਿਤ ਵਿਚ ਕਿੰਨਾ ਫਰਕ ਹੈ। ਸਾਨੂੰ ਬਾਸੀ ਵਰਗੇ ਬੁੱਧੀਜੀਵੀ ਦੇ ਸਮਝ ਆਉਣ ਵਾਲੀ ਕਵਿਤਾ ਲਿਖਣੀ ਚਾਹੀਦੀ ਹੈ। ਸਾਦਗੀ ਅਤਿ ਸਾਧਨਾ ਪਿਛੋਂ ਆਉਂਦੀ ਹੈ। ਇਕ ਕਤਰੇ ਨਾਲ ਮੋਤੀ-ਰੂਪੀ ਬੱਚਾ ਪੈਦਾ ਕਰਨ ਲਈ ਕੁਦਰਤ ਨੂੰ ਕਰੋੜਾਂ ਵਰ੍ਹੇ ਰਿਆਜ਼ ਕਰਨਾ ਪਿਆ ਹੋਵੇਗਾ। ਮਹਿਫਲ ਬਰਖਾਸਤ ਹੋਈ। ਬਾਸੀ ਮੈਨੂੰ ਇਕ ਪਾਸੇ ਲੈ ਗਿਆ ਤੇ ਬੋਲਿਆ: "ਤੁਸੀਂ ਜਿਥੇ ਰਹਿ ਰਹੇ ਹੋ, ਆਰਾਮ ਵਿਚ ਹੋ ਨਾ? ਜੇ ਕੋਈ ਤਕਲੀਫ ਹੈ ਤਾਂ ਮੇਰੇ ਕੋਲ ਆ ਜਾਵੋ। ਸਾਰੇ ਦਰਵਾਜ਼ੇ ਤੇਰੇ ਲਈ ਖੁੱਲ੍ਹੇ ਨੇ।"

ਮੈਂ ਬਾਸੀ ਸਾਹਿਬ ਦਾ ਧੰਨਵਾਦ ਕੀਤਾ। ਪਾਰਟੀ ਦੇ ਸਕੱਤਰ ਨੂੰ ਆਪਣੇ ਸਾਥੀਆਂ ਦਾ ਹੀ ਨਹੀਂ, ਲੋਕਾਂ ਦੇ ਲੇਖਕਾਂ ਦਾ ਵੀ ਇੰਜ ਹੀ ਧਿਆਨ ਰੱਖਣਾ ਚਾਹੀਦਾ ਹੈ। 1907 ਵਿਚ ਪੰਜਵੀਂ ਕਾਂਗਰਸ ਸਮੇਂ ਲੈਨਿਨ ਗੋਰਕੀ ਦਾ ਬਿਸਤਰਾ ਵੇਖਣ ਗਿਆ ਸੀ ਤੇ ਸਲ੍ਹਾਬੀਆਂ ਚਾਦਰਾਂ ਵੇਖ ਐਂਡਰੀਏਵਾ ਨੂੰ ਕਹਿਣ ਲੱਗਿਆ: "ਚਾਦਰਾਂ ਬੜੀਆਂ ਸਲ੍ਹਾਬੀਆਂ ਹੋਈਆਂ ਨੇ। ਇਹਨਾਂ ਨੂੰ ਅੱਗ ਅਗੇ ਸੁਕਾ ਦੇਵੋ। ਨਹੀਂ ਤਾਂ ਗੋਰਕੀ ਨੂੰ ਖੰਘ ਛਿੜ ਜਾਵੇਗੀ।"

ਸੂਫੀ ਦੇ ਪਰਿਵਾਰ ਬਾਰੇ ਸੋਚਦਾ ਹੀ ਘਰ ਨੂੰ ਪਰਤ ਆਇਆ। ਇੰਨੇ ਚੰਗੇ ਪਰਿਵਾਰ ਦੀ ਰੂਹ ਸੁਚੱਜੀ ਔਰਤ ਹੀ ਹੁੰਦੀ ਹੈ। ਆਦਮੀ ਨੂੰ ਆਪਣੀ ਔਰਤ ਦੀ ਬਹੁਤ ਇਜ਼ਤ ਕਰਨੀ ਚਾਹੀਦੀ ਹੈ। ਬਹੁਤਾ ਦਖਲ ਨਹੀਂ ਦੇਣਾ ਚਾਹੀਦਾ। ਸੂਫੀ ਦੇ ਪਰਿਵਾਰ ਵਿਚ ਇਹ ਸਾਰੀਆਂ ਖੂਬੀਆਂ ਸਨ। ਭੈਣ ਜੀ ਸਰਬਜੀਤ ਨੇ ਦੱਸਿਆ ਕਿ ਛੁੱਟੀ ਵਾਲੇ ਦਿਨ ਇਹ ਪੜ੍ਹਦੇ ਹੀ ਰਹਿੰਦੇ ਨੇ। ਚਾਹ ਵੀ ਬਿਸਤਰੇ ਵਿਚ ਹੀ ਮੰਗਵਾਉਂਦੇ ਨੇ। ਮੈਂ ਬਹੁਤ ਖੁਸ਼ ਹੋਇਆ ਕਿ ਚਲੋ ਕੋਈ ਲੇਖਕ ਪੜ੍ਹਦਾ ਤਾਂ ਹੈ। ਮਹਾਤਮਾ ਤਾਲਸਤਾਏ ਕਹਿੰਦਾ ਹੁੰਦਾ ਸੀ ਕਿ ਜੇ ਮੈਂ ਨਾ ਪੜ੍ਹਾਂ ਤਾਂ ਇਕ ਸ਼ਬਦ ਵੀ ਨਹੀਂ ਲਿਖ ਸਕਦਾ। ਪਰ ਸਾਡੇ ਪੰਜਾਬੀ ਦੇ ਲੇਖਕ ਤਾਂ ਪੜ੍ਹਦੇ ਹੀ ਨਹੀਂ ਸ਼ਾਇਦ ਪੜ੍ਹਨ ਨਾਲ ਉਹਨਾਂ ਦੀ ਮੌਲਕਤਾ ਕਤਲ ਹੋ ਜਾਂਦੀ ਹੈ। ਸਰਸਵਤੀ ਮਾਤਾ, ਇਹਨਾਂ ਨੂੰ ਸੁਮੱਤ ਬਖਸ਼ੀਂ ਅਤੇ ਮੱਖੀਆਂ ਹਮੇਸ਼ਾਂ ਹੀ ਇਹਨਾਂ ਦੇ ਸਿਰਾਂ ਤੇ ਉਡਾਈ ਜਾਵੀਂ!"

## ਨਜ਼ਮ/ਯੂ ਹੈਵ ਏ ਗੁਡ ਡੇ

**ਸੁਖਵਿੰਦਰ ਸਿੰਘ ਕੰਬੋਜ਼**

ਏਸ ਗੁੱਡ ਡੇ ਦੀ ਧੁੱਪ 'ਚ ਸੜਦਿਆਂ, ਮੈਂ ਜਾਣਿਆਂ
ਕਿ ਦਿਨ ਮੇਰੇ ਲਈ ਨਾ ਭਾਰਤ 'ਚ ਚੰਗਾ ਸੀ
ਨਾ ਕੈਲੇਫੋਰਨੀਆਂ ਦੀਆਂ ਵਾਦੀਆਂ 'ਚ ਕਾਰਾਂ ਤੇ ਚੜ੍ਹਦਿਆਂ ਵੀ
ਸਭ ਕੁਝ ਬੱਸ! ਜੰਗ ਖਾਧੇ ਰੇਡੀਉ ਵਾਂਗ ਪੁਰਾਣਾ ਤੇ ਬੇਸੁਰਾ ਹੈ
ਕਦੇ ਕਦੇ ਲਗਦਾ ਹੈ, ਮੈਂ ਫਾਸੀ ਤੇ ਲਟਕਿਆ ਮਸੀਹਾ ਹਾਂ
ਜੀਹਦੇ ਆਦਰਸ਼ਾਂ ਨੂੰ ਘਰ ਦੀਆਂ ਗਰਜ਼ਾਂ
ਤੇ ਬਾਪੂ ਦੀ ਹਰ ਸਾਲ ਨਵਾਂ ਕਿੱਲਾ ਖ੍ਰੀਦਣ ਦੀ ਫੋਕੀ ਖਾਹਿਸ਼ ਨੇ
ਘੁਣ ਵਾਂਗ ਧੁਰ ਤੀਕ ਖਾ ਲੀਤਾ ਹੈ।
ਉਥੇ ਮੇਰੇ ਲਈ 'ਗੁਡ ਡੇ' ਪ੍ਰਿੰਸੀਪਲ ਦੀ ਜੀ ਹਜ਼ੂਰੀ ਸੀ
ਤਾਂ ਕਿ ਤਨਖਾਹ ਦੀ ਸੁਰੱਖਿਅਤਾ ਦੀ ਨਹਿਰ
ਮੁਕੰਦੇ ਦੀ ਹੱਟੀ ਦੇ ਸੌਦੇ ਦੇ ਬੂਟਿਆਂ ਨੂੰ, ਹਰ ਮਹੀਨੇ ਸਿੰਜਦੀ ਰਹੇ
ਤਾਂ ਕਿ ਡਰੇ ਹੋਏ ਆਦਮੀ ਦੀ ਪਰਿਭਾਸ਼ਾ
ਪਿੰਡ ਦੇ ਲੋਕੀ ਫ਼ਖਰ ਨਾਲ ਪ੍ਰੋਫੈਸਰ ਦੀ ਕਰ ਸਕਣ — 0

ਤੇ ਬਾਪੂ ਦੀ ਬੱਗੀ ਦਾਹੜੀ ਦਾ ਭਰਮ, ਇਸ ਕਦਰ ਬਣਿਆ ਰਹੇ
ਕਿ ਜਗੀਰ ਸਿੰਘ ਔਲਾਦ ਹੋਵੇ ਤਾਂ ਤੇਰੇ ਵਰਗੀ
ਵੇਖ ਲਾ ਘਰ ਦਾ ਮੂੰਹ ਧੋ 'ਤਾ ਧੋ 'ਤਾ ਕਿ ਨਹੀਂ
ਤੇ ਇਥੇ ਕੈਲੇਫੋਰਨੀਆਂ ਵਿਚ
ਵੈਂਛਲ ਡੋਨਟ ਹਾਊਸ ਤੇ ਡੋਨਟ ਵੇਚਦੇ
ਜਦੋਂ ਹਰ ਗਾਹਕ ਨੂੰ ਕਹਿੰਦਾ ਹਾਂ
"ਯੂ ਹੈਵ ਏ ਗੁਡ ਡੇ" ਤਾਂ ਲਗਦੇ
ਹਰ ਗਾਹਕ ਧੁੱਪ 'ਚ ਸੜ ਰਿਹਾ ਪਰਿੰਦਾ ਹੈ
ਜੀਹਦੇ ਮਗਰ ਲਗੇ ਹੋਏ ਹਨ
ਲਾਲਸਾਵਾਂ ਦੇ ਸ਼ਿਕਾਰੀ ਕੁੱਤੇ
ਰੋਲਜ਼ ਰਾਇਸ ਤੇ ਬੀਚ ਦੀ ਧੁੰਦ 'ਚ ਅਲਸਾਏ ਹੋਏ ਲੇਟਣਾ
ਪੀਜ਼ਾ ਹਟਸ ਤੇ ਡਿਸਕੋ ਨਾਚ 'ਚ ਮਸਤ ਹੋਏ
ਇਸਨੂੰ ਹੀ ਬ੍ਰਹਿਮੰਡ ਦੀ ਹੱਦ ਮਿਥ ਲੈਣਾ
ਇਹ ਲੋਕ ਕਦੇ ਨਹੀਂ ਸਮਝ ਸਕਣਗੇ
ਕਿ ਕਿੰਜ ਖੋਹ ਲੈਂਦੀਆਂ ਨੇ ਇਨ੍ਹਾਂ ਦਾ 'ਗੁੱਡ ਡੇ' ਕਾਰ ਦੀਆਂ ਕਿਸ਼ਤਾਂ
ਇਹ ਲੋਕ ਕਦੇ ਨਹੀਂ ਸਮਝ ਸਕਣਗੇ
ਕਿ ਜ਼ਿੰਦਗੀ ਇਸ ਤੋਂ ਪਰੇ ਵੀ, ਪੋਹ ਦੀ ਰਾਤ 'ਚ ਠਰੇ ਪੈਰਾਂ ਵਾਂਗ
ਧਰਤੀ ਤੇ ਰੀਂਘ ਰਹੀ ਹੈ
ਕਿ ਸੂਰਜ ਬਹੁਲਤਾਵਾਂ ਦੀ ਧਰਤ ਤੋਂ ਪਰੇ ਵੀ ਕਿਧਰੇ
ਇਕ ਲੰਮੇ ਯੁੱਧ 'ਚ ਸ਼ਰੀਕ ਹੈ — 0

ਤੇ ਇਥੇ ਮੇਰੇ ਲਈ ਗੁੱਡ ਡੇ
ਪਸ਼ੂ ਵਾਂਗ ਕੰਮ ਕਰਨਾ ਤੇ ਖਾਣਾ ਹੈ
ਮੁਰਗੇ ਦੀ ਤਰੀ ਕਈ ਦਿਨ ਫਰਿਜ਼ 'ਚ ਰੁਲਦੀ ਹੈ
ਜੀਹਦੇ ਲਈ ਭਾਰਤ 'ਚ ਤਰਸ ਦਿਆਂ, ਕੋਲੰਬਸ ਬਣਿਆ ਸਾਂ
ਕੰਮ, ਘਰ ਤੇ ਨੀਂਦ ਤੋਂ ਪਰੇ, ਚੌਥਾ ਸ਼ਬਦ ਮੇਰੀ ਜ਼ਿੰਦਗੀ ਦੀ ਕਿਤਾਬ 'ਚੋਂ
ਇੰਜ ਮਿਟਿਆ ਹੈ, ਜਿਵੇਂ ਵਰਖਾ ਦੀ ਰਾਤ ਨੂੰ ਤਾਰੇ ਛੁਪਦੇ ਹਨ —
ਬੋਨਸ ਦੇ ਲਾਲਚਾਂ 'ਚ ਸੋਲਾਂ ਘੰਟੇ ਕੰਮ ਕਰਦੇ ਥੱਕੇ ਅੰਗ
ਮਾਂ ਦਾ ਖਤ ਪੜ੍ਹਨ ਤੋਂ ਇਨਕਾਰੀ ਹਨ
ਕਦੇ ਕਦਾਈਂ ਸਾਥੀਆਂ ਨੂੰ ਸੌ ਡਾਲਰ ਭੇਜਣ ਦਾ ਕਾਰਜ ਇੰਜ ਹੈ
ਜਿਵੇਂ ਗੁਰਦਵਾਰੇ ਕਿਸੇ ਅਦਿਸ ਭੈਅ ਤੋਂ ਡਰਦੇ ਮੱਥਾ ਟੇਕ ਰਿਹਾ ਹੋਵਾਂ
ਡਿਸਟਕ ਮੈਨੇਜਰ ਬ੍ਰਾਇਨ ਦਾ ਫੋਨ
ਮੇਰੇ ਘਰ ਦੇ ਫਰਨੀਚਰ 'ਚ ਵਾਧਾ ਕਰਦਾ ਹੈ
ਮੈਂ ਇੰਜ ਵੀ ਮਰ ਜਾਵਾਂਗਾ, ਕਦੇ ਨਾ ਸੋਚਿਆ ਸੀ
ਕਿ ਇਹ ਧਰਤੀ ਧੁੰਦ 'ਚ ਲਪੇਟੀ ਗੰਨੇ ਦੀ ਖੋਰੀ ਹੈ
ਜੀਹਦੇ ਕਸੀਰਾਂ ਦੇ ਜ਼ਖਮ, ਮਰਦੇ ਦਮ ਤੀਕ ਨਿੱਕੇ ਦੁੱਖ ਵਾਂਗ
ਮੇਰੇ ਹੱਡਾਂ ਦਾ ਹਿਸਾ ਬਣ ਜਾਣਗੇ
ਮੈਂ ਕਦੇ ਨਾ ਸੋਚਿਆ ਸੀ — 0

# GLOBAL IMMIGRATION SERVICES



WE ARE PROVIDING ALL IMMIGRATION SERVICES.

ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ - ਅਪੀਲ ਕਰਨੀ ਹੋਵੇ ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

**For Further Consultation Contact**

**KARNAIL SINGH NAGRA**

11420 GRANVILLE AVE. RICHMOND. B.C.

PH. (604) 270-2100



# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

. Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼ੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**



# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ





Bhupinder(Bob) Sihota

For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ਪ੍ਰਧਾਨ ਮੰਤਰੀ ਨੇ ਪੰਜਾਬ ਬਾਰੇ ਆਪਣੀ ਗਲਤੀ ਨਹੀਂ ਮੰਨੀ

ਪ੍ਰੋ. ਪਿਆਰਾ ਸਿੰਘ ਭੋਗਲ



ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਾ 21ਸਤੰਬਰ 1988 ਦਾ ਪੰਜਾਬ ਦੌਰਾ ਰਾਜਨੀਤਕ ਡਰਾਮਾਬਾਜ਼ੀ ਸੀ। ਸਭ ਤੋਂ ਪਹਿਲੀ ਮਾਯੂਸੀ ਇਹ ਹੋਈ ਕਿ ਉਹ "ਆਰਥਿਕ ਪੈਕੇਜ" ਕਿੱਥੇ ਗਿਆ, ਜਿਸ ਬਾਰੇ ਸ੍ਰੀ ਸਿਧਾਰਥ ਸ਼ੰਕਰ ਰੇਅ ਸਾਲ-ਡੇਢ ਸਾਲ ਤੋਂ ਢੰਡੋਰਾ ਪਿਟ ਰਹੇ ਸਨ? ਸ. ਸੁਰਜੀਤ ਸਿੰਘ ਬਰਨਾਲਾ ਦਾ ਇਹ ਕਹਿਣਾ ਠੀਕ ਹੈ ਕਿ ਪੈਪਸੀ-ਕੋਲਾ ਤੇ ਗੋਇੰਦਵਾਲ ਦੀ ਕਾਗਜ਼ ਮਿਲ ਦੀਆਂ ਯੋਜਨਾਵਾਂ ਤਾਂ ਉਨ੍ਹਾਂ ਦੇ ਅਕਾਲੀ ਮੰਤਰੀ ਮੰਡਲ ਨੇ ਬਣਾਈਆਂ ਸਨ। ਪੈਪਸੀ-ਕੋਲਾ ਪ੍ਰਾਜੈਕਟ ਦੀ ਯੋਜਨਾ ਜਦੋਂ ਉਦੋਂ ਦੇ ਖੇਤੀ ਮੰਤਰੀ ਸ. ਅਮਰਿੰਦਰ ਸਿੰਘ ਨੇ ਛੇਤੀ ਪ੍ਰਵਾਨ ਕੀਤੇ ਜਾਣ ਉਤੇ ਜ਼ੋਰ ਦਿੱਤਾ ਸੀ, ਤਾਂ ਸਾਨੂੰ ਯਾਦ ਹੈ, ਬਹੁਤ ਸਾਰੇ ਕਾਂਗਰਸੀ ਐਮ. ਪੀਜ਼ ਨੇ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਅਕਾਲੀ ਅਮਰੀਕਨ ਮਲਟੀ-ਨੈਸ਼ਨਲ ਕੰਪਨੀ ਭਾਰਤ ਵਿਚ ਲਿਆ ਕੇ ਭਾਰਤ ਦੀ ਆਜ਼ਾਦੀ ਨੂੰ ਖਤਰੇ ਵਿਚ ਰਹੇ ਹਨ। ਪਿਛੋਂ ਸ. ਮਨੋਹਰ ਸਿੰਘ ਗਿੱਲ ਨੇ ਇਹ ਯੋਜਨਾ ਪ੍ਰਵਾਨ ਕੀਤੇ ਜਾਣ ਲਈ ਜ਼ੋਰ ਜਾਰੀ ਰੱਖਿਆ। ਉਨ੍ਹਾਂ ਨੇ ਗੋਇੰਦਵਾਲ ਦੀ ਕਾਗਜ਼-ਮਿਲ ਲਈ ਵੀ ਜ਼ੋਰ ਜਾਰੀ ਰੱਖਿਆ। ਸ੍ਰੀ ਰਾਜੀਵ ਗਾਂਧੀ ਦੀ ਸਰਕਾਰ ਦੋ-ਤਿੰਨ ਸਾਲ ਇਨ੍ਹਾਂ ਫਾਈਲਾਂ ਉਤੇ ਸੁੱਤੀ ਰਹਿਣ ਤੋਂ ਬਾਅਦ ਇਨ੍ਹਾਂ ਦੀ ਪ੍ਰਵਾਨਗੀ ਦਾ ਜੱਸ ਲੈਣ ਦਾ ਯਤਨ ਕਰ ਰਹੀ ਹੈ। ਇਹ ਯੋਜਨਾਵਾਂ ਅਮਲ ਵਿਚ ਆਉਣ ਤੋਂ ਬਾਅਦ ਪੰਜਾਬ ਵਿਚ ਉਦਯੋਗੀਕਰਣ ਅਤੇ ਕਿਰਸਾਨਾਂ ਦੀ ਉਪਜ ਵਧਾਉਣਗੀਆਂ। ਕੁਝ ਨਵੇਂ ਰੁਜ਼ਗਾਰ ਵੀ ਪੈਦਾ ਕਰਨਗੀਆਂ।

## ਸਹਾਇਤਾ

ਪਰ ਗਵਰਨਰ ਸ੍ਰੀ ਰੇਅ ਤਾਂ ਪੰਜਾਬ ਲਈ ਬਹੁਤ ਵੱਡੀ ਆਰਥਿਕ ਸਹਾਇਤਾ ਦੇ ਲਾਰੇ ਲਾ ਰਹੇ ਸਨ। ਸਰਹੱਦੀ ਜ਼ਿਲਿਆਂ ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਬੇਕਾਰ ਨੌਜਵਾਨਾਂ ਲਈ ਹਜ਼ਾਰਾਂ ਨਵੇਂ ਰੁਜ਼ਗਾਰ ਪੈਦਾ ਕਰਨ ਦੀਆਂ ਆਸ਼ਾਵਾਂ ਅਖਬਾਰੀ ਖਬਰਾਂ ਨੇ ਪੈਦਾ ਕੀਤੀਆਂ ਸਨ। ਪਰ ਪ੍ਰਧਾਨ ਮੰਤਰੀ ਨੇ ਪਹਾੜ ਪੁੱਟ ਕੇ ਹੇਠੋਂ ਚੂਹਾ ਕੱਢ ਦਿਖਾਇਆ ਹੈ। ਹੋਰ ਤਾਂ ਹੋਰ, ਪ੍ਰਧਾਨ ਮੰਤਰੀ ਦੇ ਆਉਣ ਤੋਂ ਪਹਿਲਾਂ ਇਹ ਖਬਰ ਛਪਵਾਈ ਗਈ ਕਿ ਗੋਇੰਦਵਾਲ ਨੂੰ ਰੇਲ ਰਾਹੀਂ ਬਿਆਸ ਸਟੇਸ਼ਨ ਨਾਲ ਜੋੜਿਆ ਜਾਵੇਗਾ, ਪਰ ਪ੍ਰਧਾਨ ਮੰਤਰੀ ਨੇ ਇਸ ਗੱਲ ਦਾ ਜ਼ਿਕਰ ਤਕ ਨਹੀਂ ਕੀਤਾ। ਗੋਇੰਦਵਾਲ ਇੰਡਸਟਰੀਅਲ ਕੰਪਲੈਕਸ 1977 ਤੋਂ 1980 ਤੱਕ ਦੀ ਅਕਾਲੀ ਸਰਕਾਰ ਦੀ ਵਿਉਂਤ ਸੀ ਤੇ ਇਸ ਨੂੰ ਭਾਰਤ ਸਰਕਾਰ ਦੀ ਵੀ ਪ੍ਰਵਾਨਗੀ ਦਿਲਵਾਈ ਸੀ। ਖਿਆਲ ਇਹ ਸੀ ਕਿ ਅੰਮ੍ਰਿਤਸਰ ਜ਼ਿਲੇ ਦਾ ਇਹ ਪਛੜਿਆ ਇਲਾਕਾ ਇਸ ਵੱਡੇ ਉਦਯੋਗਿਕ ਕੇਂਦਰ ਦੀ ਸਥਾਪਤੀ ਨਾਲ ਉਨਤ ਹੋਵੇਗਾ। ਕੇਂਦਰ ਸਰਕਾਰ ਨੇ ਇਥੇ ਪਬਲਿਕ ਸੈਕਟਰ ਦੇ ਕੁਝ ਕਾਰਖਾਨੇ ਲਾਉਣ ਦੀ ਆਸ ਬੰਨ੍ਹਾਈ ਸੀ। ਪਰ ਕੁਝ ਨਹੀਂ ਹੋਇਆ। ਕਾਗਜ਼ ਮਿਲ ਤਾਂ ਪੰਜਾਬ ਸਰਕਾਰ ਦੀ ਯੋਜਨਾ ਹੈ। ਵਿਸ਼ੇਸ਼ ਤੌਰ 'ਤੇ ਜਦੋਂ ਤਕ ਇਹ ਸ਼ਹਿਰ ਰੇਲ-ਲੀਹ ਨਾਲ ਨਹੀਂ ਜੁੜਦਾ, ਇਥੇ ਤਰੱਕੀ ਦੀ ਰਫਤਾਰ ਤੇਜ਼ ਨਹੀਂ ਹੋਣੀ। ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਜਿਥੇ ਆਮ ਲੋਕ, ਆਪਣੀ ਪਹਿਲ-ਕਦਮੀ ਨਾਲ ਨਿੱਕੇ-ਮੋਟੇ ਉਦਯੋਗ ਤੇ ਵਪਾਰ ਸਥਾਪਤ ਕਰਨ ਲਈ, ਇਕੱਠੇ ਹੋਈ ਜਾਣ ਉਹੋ ਸ਼ਹਿਰ ਵਧਦਾ-ਫੁਲਦਾ ਹੈ। ਗੋਰਾਇਆ, ਫਗਵਾੜਾ ਅਤੇ ਬਟਾਲਾ ਇਉਂ ਹੀ ਵਧੇ-ਫੁਲੇ। ਪਰ ਇਹ ਸਾਰੇ ਰੇਲਵੇ ਲਾਈਨ ਉਤੇ ਹਨ। ਰੇਲਵੇ ਲਾਈਨ ਤੋਂ ਬਿਨਾਂ ਨਾ ਕੱਚਾ ਮਾਲ ਪਹੁੰਚਦਾ ਹੈ, ਨਾ ਹੀ ਬਣਾਇਆ ਮਾਲ ਮੰਡੀਆਂ ਨੂੰ ਜਾਂਦਾ ਹੈ। ਸੋ, ਗੋਇੰਦਵਾਲ ਲਈ ਰੇਲ-ਲਾਈਨ ਮੁੱਢਲੀ ਲੋੜ ਹੈ।

ਪ੍ਰਧਾਨ ਮੰਤਰੀ ਨੇ ਇੱਕੀ ਸਤੰਬਰ ਨੂੰ ਆਪਣੇ ਭਾਸ਼ਨਾਂ ਵਿਚ ਪੰਜਾਬੀਆਂ ਦੀ ਬਹੁਤ ਖੁੱਲ੍ਹ ਕੇ ਤਾਰੀਫ ਕੀਤੀ। ਪੰਜਾਬੀ ਦੇਸ਼ ਭਗਤ ਹਨ। 1965 ਦੇ ਯੁੱਧ ਦੀ ਗੱਲ ਦੁਹਰਾਈ ਕਿ ਪੰਜਾਬੀ ਟਰੱਕਾਂ ਦੇ ਡਰਾਈਵਰਾਂ ਤੇ ਆਮ ਨਾਗਰਿਕਾਂ ਨੇ ਸਰਹੱਦ ਵਲ ਜਾ ਰਹੇ ਫੌਜੀਆਂ ਦੀ ਬਹੁਤ ਮੱਦਦ ਕੀਤੀ ਸੀ। ਇਹ ਗੱਲ ਵੀ ਆਖੀ ਕਿ ਪਿਛਲੇ ਦਿਨਾਂ ਦੀ ਹਿੰਸਾ ਦੀ ਭੜਕਾਹਟ ਦੇ ਬਾਵਜੂਦ ਹਿੰਦੂਆਂ-ਸਿੱਖਾਂ ਨੇ ਸੰਪਰਦਾਇਕ ਏਕਤਾ ਬਣਾਈ ਰੱਖੀ। ਇਹ ਵੀ ਆਖਿਆ ਕਿ ਦਹਿਸ਼ਤਗਰਦਾਂ ਨੂੰ ਆਮ ਪੰਜਾਬੀ ਲੋਕਾਂ ਦੀ ਹਮਾਇਤ ਪ੍ਰਾਪਤ ਨਹੀਂ ਹੈ।

## ਸਮਝੌਤਾ

ਪਰ ਜਿਹੜੀ ਗੱਲ ਪ੍ਰਧਾਨ ਮੰਤਰੀ ਕਮਾਲ ਦੀ ਹੁਸ਼ਿਆਰੀ ਨਾਲ ਛੁਪਾ ਗਏ, ਉਹ ਸੀ ਉਨ੍ਹਾਂ ਦੀ ਕਾਂਗਰਸ ਸਰਕਾਰ ਦੀ ਹੁਣ ਤੱਕ ਪੰਜਾਬ ਬਾਰੇ ਗਲਤ ਨੀਤੀ। ਉਨ੍ਹਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਜ਼ਿਕਰ ਕੀਤਾ। ਕਿਹਾ ਕਿ "ਪੰਜਾਬ ਸਮਝੌਤਾ" ਪੰਜਾਬ ਸਮੱਸਿਆ ਦੇ ਹੱਲ ਲਈ ਬਿਹਤਰੀਨ ਕਦਮ ਸੀ। ਇਹ ਵੀ ਆਖਿਆ ਕਿ ਪੰਜਾਬ ਸਮਝੌਤਾ ਇਸ ਕਰਕੇ ਨਹੀਂ ਲਾਗੂ ਹੋਇਆ, ਕਿਉਂਕਿ ਸੰਤ ਜੀ ਤਾਂ ਸ਼ਹੀਦ ਹੋ ਗਏ, ਪਰ ਪਿਛੋਂ ਉਨ੍ਹਾਂ ਦੇ ਬਰਾਬਰ ਰਾਜਨੀਤਕ ਕੱਦ ਦਾ ਨੇਤਾ ਕੋਈ ਨਹੀਂ ਸੀ। ਇਸ ਤੋਂ ਵੱਡੀ ਰਾਜਨੀਤਕ ਗਲਤਬਿਆਨੀ ਹੋਰ ਕੋਈ ਨਹੀਂ ਹੋ ਸਕਦੀ। ਸੰਤ ਹਰਚੰਦ ਸਿੰਘ ਤਾਂ ਸ਼ਹੀਦ ਹੋ ਗਏ। ਉਨ੍ਹਾਂ ਨਾਲ ਕੀਤਾ ਸਮਝੌਤਾ ਪਿਛੋਂ ਪ੍ਰਧਾਨ ਮੰਤਰੀ ਲਈ ਹੋਰ ਵੀ ਜ਼ਿਆਦਾ ਪਵਿੱਤਰ ਸੀ। ਇਹ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਾ ਆਪਣਾ ਦੋਸ਼ ਸੀ, ਜੋ ਪਿਛੋਂ ਇਹ ਸਮਝੌਤਾ ਲਾਗੂ ਨਹੀਂ ਹੋਇਆ। ਪ੍ਰਧਾਨ ਮੰਤਰੀ ਆਪ ਹੀ ਸਮਝੌਤੇ ਤੋਂ ਪਿਛੇ ਹਟੇ। ਇਨਾ ਸ਼ੁਕਰ ਹੈ ਕਿ ਉਨ੍ਹਾਂ ਨੇ ਇਹ ਮੰਨ ਲਿਆ ਕਿ ਇਸ ਸਮਝੌਤੇ ਉਤੇ ਅਮਲ ਨਹੀਂ ਹੋਇਆ। ਨਹੀਂ ਤਾਂ, ਹੁਣ ਤਕ ਪ੍ਰਧਾਨ ਮੰਤਰੀ ਆਪ ਵੀ ਤੇ ਉਨ੍ਹਾਂ ਦੇ ਗ੍ਰਹਿ ਮੰਤਰੀ ਸ. ਬੂਟਾ ਸਿੰਘ ਵੀ ਇਹ ਦਾਅਵੇ ਕਰਨ ਲਈ ਪ੍ਰਸਿੱਧ ਹੋ ਚੁੱਕੇ ਹਨ ਕਿ ਗਿਆਰਾਂ ਵਿਚੋਂ ਅੱਠ ਮੱਦਾਂ ਉਤੇ ਅਮਲ ਹੋ ਚੁੱਕਾ ਹੈ।

## ਨਿਸ਼ਾਨਾ

ਸੱਚੀ ਗੱਲ ਇਹ ਹੈ ਕਿ ਸ੍ਰੀ ਰਾਜੀਵ ਗਾਂਧੀ ਦੀ ਸਰਕਾਰ ਨੇ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਨੂੰ ਨਾ ਦੇ ਕੇ ਸਮਝੌਤੇ ਦੀ ਸਭ ਤੋਂ ਮਹੱਤਵਪੂਰਨ ਮੱਦ ਤੋੜੀ। ਚੰਡੀਗੜ੍ਹ ਬਦਲੇ ਅਬੋਹਰ, ਫਾਜ਼ਿਲਕਾ ਹਰਿਆਣਾ ਨੂੰ ਦਿਲਵਾਣ ਲਈ ਕੇਂਦਰ ਸਰਕਾਰ ਨੇ ਅਤੇ ਹਰਿਆਣੇ ਦੀ ਸ੍ਰੀ ਭਜਨ ਲਾਲ ਸਰਕਾਰ ਨੇ ਹਰ ਜਾਇਜ਼-ਨਜਾਇਜ਼ ਯਤਨ ਕੀਤੇ। ਪਰ ਸਰਕਾਰ ਦੇ ਆਪਣੇ ਬਣਾਏ ਕਮਿਸ਼ਨ ਹੀ ਇਹ ਨਾ ਕਰ ਸਕੇ। ਫੇਰ ਪੰਜਾਬ ਦੀ ਅਕਾਲੀ ਸਰਕਾਰ ਦੀ ਬਾਂਹ ਮਰੋੜ ਕੇ ਸੱਤਰ ਹਜ਼ਾਰ ਏਕੜ ਭੂਮੀ ਹਰਿਆਣਾ ਨੂੰ ਦਿਲਵਾਣ ਦੇ ਯਤਨ ਕੀਤੇ ਗਏ, ਜੋ ਅਕਾਲੀ ਵਿਧਾਨਕਾਰ ਪਾਰਟੀ ਨੇ ਪ੍ਰਵਾਨ ਨਾ ਕੀਤਾ। ਉਸ ਵੇਲੇ ਪ੍ਰਧਾਨ ਮੰਤਰੀ ਦਾ ਧਿਆਨ ਪੰਜਾਬ ਨੂੰ ਸੰਤੁਸ਼ਟ ਕਰਨ ਵਲ ਨਹੀਂ ਸੀ, ਹਾਲਾਂਕਿ ਇਹ ਪੰਜਾਬ ਹੀ ਸੀ, ਜਿਸ ਵਿਚ ਪ੍ਰਧਾਨ ਮੰਤਰੀ ਦੇ ਆਪਣੇ ਸ਼ਬਦਾਂ ਵਿਚੋਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖਤਰਾ ਬਣਿਆ ਹੋਇਆ ਸੀ। ਅਕਾਲੀ ਸਰਕਾਰ ਅਤੇ ਅਕਾਲੀ ਪਾਰਟੀ ਚਾਹੁੰਦੀ ਸੀ ਕਿ ਕੇਂਦਰ ਸਰਕਾਰ ਪੰਜਾਬ ਦੀ ਨਾਰਾਜ਼ਗੀ ਘਟਾਏ। ਸਮਝੌਤੇ ਮੁਤਾਬਕ ਚੰਡੀਗੜ੍ਹ ਪੰਜਾਬ ਨੂੰ ਦੇਣਾ ਨਰਾਜ਼ਗੀ ਤੇ ਬੇਇਨਸਾਫੀ ਦੀ ਭਾਵਨਾ ਘਟਾਉਣ ਦਾ ਇਕ ਪ੍ਰਤੀਕਾਤਮਕ ਸਬੂਤ ਸੀ। ਪਰ ਪ੍ਰਧਾਨ ਮੰਤਰੀ ਨੂੰ ਹਰਿਆਣੇ ਦੀ ਵਿਧਾਨ ਸਭਾ ਦੀ ਚੋਣ ਜਿੱਤਣ ਦੀ ਵਧੇਰੇ ਚਿੰਤਾ ਸੀ, ਪੰਜਾਬ ਨੂੰ ਸ਼ਾਂਤ ਕਰਨ ਦੀ ਕੋਈ ਕਾਹਲੀ ਨਹੀਂ ਸੀ। ਹਰਿਆਣੇ ਦੀ ਚੋਣ ਜਿੱਤਣ ਲਈ ਹੀ ਪਾਣੀਆਂ ਦੀ ਵੰਡ ਕਰਾਉਣ ਲਈ ਇਰਾਦੀ ਕਮਿਸ਼ਨ ਨੂੰ ਹਦਾਇਤਾਂ ਮਨਮਰਜ਼ੀ ਦੀਆਂ ਦਿੱਤੀਆਂ ਗਈਆਂ। ਉਸ ਤੋਂ ਫੈਸਲਾ ਵੀ ਮਨਮਰਜ਼ੀ ਦਾ ਕਰਵਾਇਆ ਗਿਆ। ਹਰਿਆਣੇ ਦੀ ਚੋਣ ਫੇਰ ਵੀ ਨਾ ਜਿੱਤੀ ਗਈ। ਜਦੋਂ ਪੂਰੇ ਦੇਸ਼ ਦਾ ਪ੍ਰਧਾਨ ਮੰਤਰੀ ਸਿੱਖ ਭਾਈਚਾਰੇ ਦੀ ਨਾਰਾਜ਼ਗੀ ਦੂਰ ਕਰਨ ਅਤੇ ਹਿੰਸਾ ਉਤੇ ਉਤਾਰੂ ਪੰਜਾਬ ਨੂੰ ਸ਼ਾਂਤ ਕਰਨ ਦੇ ਕੰਮ ਨੂੰ ਮਹੱਤਵ ਨਾ ਦੇਵੇ, ਹਰਿਆਣੇ ਨੂੰ ਪ੍ਰਸੰਨ ਕਰਨ ਲਈ ਹਰ ਹਥਿਆਰ ਵਰਤੇ, ਉਦੋਂ ਇਹ ਗੱਲ ਕਿਵੇਂ ਮੰਨੀ ਜਾ ਸਕਦੀ ਹੈ ਕਿ ਪੰਜਾਬ ਦੀ ਦੇਸ਼ ਭਗਤੀ, ਪੰਜਾਬ ਦੀ ਜ਼ਮੀਨ ਉਪਜਾਉਣ ਦੀ ਯੋਗਤਾ ਅਤੇ ਪੰਜਾਬ ਦੀ ਸੰਪਰਦਾਇਕ ਏਕਤਾ ਬਣਾਈ ਰੱਖਣ ਦੀ ਸਿਫਤ ਦੀ ਤਾਰੀਫ ਪ੍ਰਧਾਨ ਮੰਤਰੀ ਸੱਚੇ ਦਿਲੋਂ ਕਰ ਰਹੇ ਹਨ?

ਸੱਚੀ ਗੱਲ ਅਤੇ ਕੌੜੀ ਗੱਲ ਇਹ ਹੈ ਕਿ ਹੁਣ ਤਕ ਕੇਂਦਰ ਸਰਕਾਰ ਦਾ ਪੰਜਾਬ ਬਾਰੇ ਸਿਰਫ ਇਕ-ਨੁਕਾਤੀ ਨਿਸ਼ਾਨਾ ਇਹ ਰਿਹਾ ਹੈ ਕਿ ਪੰਜਾਬ ਦੀ ਹਿੰਸਾ ਨੂੰ ਸਖਤੀ ਨਾਲ ਦਬਾਓ। ਹਿੰਸਾਵਾਦੀ ਤੱਤਾਂ ਦੀ ਨੀਤੀ ਗਲਤ ਹੈ। ਉਹ ਸਫਲ ਨਹੀਂ ਹੋ ਰਹੇ। ਬਦਨਾਮ ਹੋ ਰਹੇ ਹਨ। ਪਰ ਨਾਲ ਨਾਲ ਇਹ ਗੱਲ ਵੀ ਤਾਂ ਚਿੱਟੇ ਦਿਨ ਵਾਂਗ ਸੱਚ ਹੈ ਕਿ ਸਮੁੱਚੇ ਸਿੱਖ ਭਾਈਚਾਰੇ ਨਾਲ ਲਗਾਤਾਰ ਵਿਤਕਰਾ ਕੀਤਾ ਜਾ ਰਿਹਾ ਹੈ। ਜੋਧਪੁਰ ਦੇ ਨਜ਼ਰਬੰਦਾਂ ਨੂੰ ਚਾਰ ਸਾਲ ਬਾਅਦ ਵੀ ਟੋਲੀਆਂ ਵਿਚ ਛੱਡਣਾ, ਸ. ਪ੍ਰਕਾਸ਼ ਸਿੰਘ ਬਾਦਲ ਅਤੇ ਕਈ ਅਕਾਲੀ ਨੇਤਾਵਾਂ ਨੂੰ ਕੈਦ ਕਰੀ ਰੱਖਣਾ ਅਤੇ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਨਾ ਦੇਣੀ ਅਤੇ ਪੰਜਾਬ ਵਿਚ ਘੁੰਮਦਿਆਂ ਵੀ ਬਿਦਰ ਦੇ ਦੰਗਾਕਾਰੀਆਂ ਬਾਰੇ ਇਕ ਸ਼ਬਦ ਨਾ ਬੋਲਣਾ ਸਰਾਸਰ ਵਿਤਕਰੇ ਵਾਲੀ ਅਤੇ ਸਿੱਖ ਘੱਟ ਗਿਣਤੀ ਨੂੰ ਦਬਾ ਕੇ ਰੱਖਣ ਵਾਲੀ ਨੀਤੀ ਦੀਆਂ ਨਿਸ਼ਾਨੀਆਂ ਹਨ।

## ਤਿਆਗ

ਕਾਂਗਰਸ ਨੂੰ ਇਸ ਫਿਰਕੂ ਨੀਤੀ ਵਿਚੋਂ 1984 ਦੀ ਲੋਕ ਸਭਾ ਦੀ ਚੋਣ ਵਿਚ ਲਾਭ ਹੋ ਗਿਆ ਸੀ। ਮੁੜ ਕੇ ਕਿਸੇ ਹੋਰ ਚੋਣ ਵਿਚ ਲਾਭ ਨਹੀਂ ਹੋਇਆ। ਅਗੋਂ ਵੀ ਲਾਭ ਨਹੀਂ ਹੋਣਾ। ਇਸ ਕਰਕੇ ਬਿਹਤਰ ਹੈ ਕਿ ਸਿੱਖ ਭਾਈਚਾਰੇ ਨੂੰ ਚਿੜਾਉਣ ਵਾਲੀ ਅਤੇ ਪੰਜਾਬ ਦੀਆਂ ਮੰਗਾਂ ਲਟਕਾਈ ਰੱਖਣ ਵਾਲੀ ਨੀਤੀ ਤਿਆਗ ਦਿੱਤੀ ਜਾਏ। ਸਿੱਖ ਭਾਈਚਾਰੇ ਦੀ ਨਾਰਾਜ਼ਗੀ ਘਟਿਆਂ ਹੀ ਦਹਿਸ਼ਤਗਰਦੀ ਘਟਣੀ ਹੈ। ਸਰਕਾਰ ਦੀ ਸਖਤੀ ਦਹਿਸ਼ਤਗਰਦੀ ਨਹੀਂ ਰੋਕ ਸਕੀ। ਪੰਜਾਬ ਦੇ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਇਹ ਗੱਲ ਕਹਿੰਦੇ ਰਹੇ ਹਨ, ਪਰ ਪ੍ਰਧਾਨ ਮੰਤਰੀ ਠੀਕ ਨੀਤੀ ਨਹੀਂ ਅਪਣਾ ਰਹੇ। ਹੁਣ ਉਨ੍ਹਾਂ ਨੇ ਆਖਿਆ ਹੈ ਕਿ ਵਿਰੋਧੀ ਪਾਰਟੀਆਂ ਨਾਲ ਗੱਲਬਾਤ ਕਰਨਗੇ। ਚੰਗੀ ਗੱਲ ਹੈ ਪਰ ਗੱਲਾਂਬਾਤਾਂ ਤਾਂ 1984 ਤੱਕ ਵੀ ਬਹੁਤ ਹੋਈਆਂ। ਕਾਂਗਰਸ ਲੀਡਰਸ਼ਿਪ ਪੰਜਾਬ ਤੇ ਸਿੱਖ ਭਾਈਚਾਰੇ ਬਾਰੇ ਆਪਣਾ ਮਨ ਸਾਫ ਕਰੇ। ਮਸਲਾ ਫੌਰਨ ਹੱਲ ਹੋ ਜਾਵੇਗਾ

## ਗ਼ਜ਼ਲ

**ਜਸਪਾਲ ਸਿੰਘ ਸੂਸ**

ਉਹ ਤਾਂ ਹੁਣ ਅੰਗਾਰ, ਫੁੱਲਾਂ ਤੇ ਸੁੱਟਦਾ ਏ।
ਅਨ-ਖਿੜੀਆਂ ਕਲੀਆਂ ਨੂੰ, ਜੜ੍ਹ ਤੋਂ ਪੁੱਟਦਾ ਏ।

ਉਸਦੇ ਹੀ ਮੂੰਹ ਵਿਚ, ਪਵੇਗਾ ਸੱਜਣ ਜੀ,
ਥੁੱਕ ਜਿਹੜਾ ਉਹ, ਸੂਰਜ ਵੱਲ ਥੁੱਕਦਾ ਏ।

ਸ਼ੋਰ ਹੈ ਜਿਹੜਾ ਪਾਉਂਦਾ, ਜ਼ਿਆਦਾ ਧਰਮਾਂ ਦਾ,
ਜਨਤਾ ਨੂੰ ਉਹ ਹਰ ਪਾਸੇ ਤੋਂ ਲੁੱਟਦਾ ਏ।

ਸ਼ੇਰ ਦੇ ਵਾਂਗਰ ਥਾਂ ਥਾਂ ਰਹਿੰਦਾ ਬੁੱਕਦਾ ਜੋ,
ਆਈ ਤੇ ਗਿੱਦੜ ਦੇ ਵਾਂਗਰ ਲੁਕਦਾ ਏ।

ਵੱਡੇ ਵੱਡੇ ਮਹਿਲਾਂ ਦਾ, ਜੋ ਵਾਰਿਸ ਹੈ,
ਉਹੀਓ ਹਰ ਕਾਮੇ ਦੀ ਸੰਘੀ ਘੁੱਟਦਾ ਏ।

ਹਰ ਪਾਸੇ ਹਨ ਪੈੜਾਂ, ਗਲੀਆਂ ਨ੍ਹੇਰੇ ਨੇ,
ਚਾਨਣ ਫਿਰਦਾ ਖੱਲੀਂ-ਖੂੰਜੀਂ ਲੁਕਦਾ ਏ।
ਉਸਨੂੰ ਨਹੀਓਂ ਸਾਰ ਹਾਲੇ ਜੋ ਹੋਰਾਂ ਲਈ,
ਪੁੱਟਦਾ ਟੋਆ ਆਪਣੇ ਲਈ ਹੀ ਪੁੱਟਦਾ ਏ।

## ਗ਼ਜ਼ਲ

**ਗੁਰਚਰਨ ਰਾਮਪੁਰੀ**

ਹਰ ਫੁੱਲ ਵਿਚ ਇਕ ਬੀਜ ਪਿਆ ਹੈ
ਆਦਿ ਅੰਤ ਇੱਕੋ ਹੀ ਥਾਂ ਹੈ।

ਹਰ ਦੋ-ਚਿੱਤੀ ਇਕ ਬੀਮਾਰੀ
ਮੁਕਤੀ ਤਾਂ ਇਕ-ਮਨ ਹੋਣਾ ਹੈ।

ਪਿਆਲੀ ਪਹਿਲੇ ਦਿਨ ਭੁੱਲਾ ਹੈ
ਫਿਰ ਪਤੰਗ ਦੇ ਲਈ ਰੋਸਾ ਹੈ।

ਓਹ ਦਲ ਦੀਕਰ ਜੁੱਗ ਪਲਟਾਊ
ਜਿਸ ਵਿਚ ਹਰ ਕੋਈ ਸੁਹੇਆ ਹੈ।

ਵਿਉਂਤ ਭਵਿੱਖ ਨੂੰ ਅੱਜ ਕਰਦੀ ਹੈ
ਹੁਣ ਮਿਥ ਜੋ ਕੱਲ੍ਹ ਨੂੰ ਕਰਨਾ ਹੈ।

ਦੁਨੀਆਂ ਦੇ ਕਾਮੇ ਇਕ ਹੋਵਣ
ਨੇਤਾਵਾਂ ਦਾ ਤਾਂ ਝਗੜਾ ਹੈ।

ਤੇਰੀ ਹੋਣੀ ਤੇਰੇ ਵਸ ਹੈ
ਅੰਬਰ ਅੱਖ ਦੀ ਹੀ ਸੀਮਾ ਹੈ।

ਜੋ ਚਿਤਵੇ ਉਹੀ ਰੱਬ ਹੋਵੇ
ਮਾਨਵ ਹੀ ਸਿਰਜਣਹਾਰਾ ਹੈ।

# ਕਾਂਗਰਸ ਪਾਰਟੀ ਦੇ ਆਗੂ ਦਾ ਕਤਲ

ਚੰਡੀਗੜ੍ਹ — ਖ਼ਬਰ ਹੈ ਕਿ ਅਤਿਵਾਦੀਆਂ ਨੇ ਪੰਜਾਬ ਕਾਂਗਰਸ ਪਾਰਟੀ ਦੇ ਉਪ ਪ੍ਰਧਾਨ ਸ੍ਰੀ ਭਗਵਾਨ ਦਾਸ ਅਤੇ ਉਨ੍ਹਾਂ ਦੇ ਬਾਡੀ ਗਾਰਡ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਅਤਿਵਾਦੀ ਨੇ ਹੋਰ ਨੌਂ ਲੋਕਾਂ ਨੂੰ ਵੀ ਕਤਲ ਕਰ ਦਿੱਤਾ ਹੈ। ਖ਼ਬਰ ਹੈ ਕਿ ਸ੍ਰੀ ਰਾਜੀਵ ਗਾਂਧੀ ਦੇ ਪੰਜਾਬ ਵਿਚ ਹੜ੍ਹਾਂ ਮਾਰੇ ਇਲਾਕਿਆਂ ਦਾ ਦੌਰਾ ਕਰਨ ਤੋਂ ਪਹਿਲਾਂ ਇਹ ਕਤਲ ਕੀਤੇ ਗਏ


MORTGAGE MONEY?

High mortgage amounts available on conventional basis
No insurance fees!
Purchasing or re-financing

Bad credit rating?
Turn Down?
NO PROBLEM
Residential, Commercial, Motels & Interim financing.
1st & 2nd Mortgages

1 & 2nd Mortgage up to 85-90%

AFRO-CANADIAN MORTGAGE LTD.
8 YEARS EXPERIENCE
SHERALI VELJI
Monday to Friday 9.30 to 5.30
Saturday 11-4
Ph. 433-6391
Ste. 300-3665 Kingsway Vancouver, B.C
Res: 433-7975

Non-smokers pay less for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter
Ph. Off. 430-0455
Ph. Res. 433-1684

Suite 1206,
4330 Kingsway,
urnaby, B.C.

SunLife OF CANADA

Get your life in shape.

AUTOPAC PROTECTING MANITOBANS ON THE MOVE

Dorion Insurance Agency
ਡੋਰੀਅਨ ਇਨਸ਼ੋਰੈਂਸ ਏਜੰਸੀ
ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

ਕੁਲਵੰਤ ਸਿੰਘ ਬਰਾੜ ਫੋਨ : 772-3301 775-1061

AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ



Kulwant S. Brar
Manager & Owner

Thinking of Buying or Selling



ਨਿਰਮਲ ਸਿੰਘ ਧਾਲੀਵਾਲ

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

*For The Best Selection & 100% Satisfaction*

NIRMAL (Neil) DHALIWAL

Bus: 588-9955 Res: 597-2069

Specializing in: Lots, New Homes, Investment Properties, Farms, Industrial & Commercials

WORKING 100% FOR YOU



LAKEVIEW REALTY LTD.
10732 KING GEORGE HWY., SURREY, B.C. V3T 2X7

WHEATON PONTIAC BUICK GMC LTD.

GM Canada



Kuldip S. Jhand

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿੱਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿੱਕ-ਅੱਪ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

SPECIAL PRICE ON NEW ACADIAN, FINANCE AVAILABLE - 8.8% LIMITED TIME



Bus: 526-2781 Res: 524-4137 Pager 687- 7711 #7610

325—12th St., New Westminster, B.C.

# ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ

**ਮੇਹਰ ਸਿੰਘ ਸੰਧੂ, ਵੈਨਕੂਵਰ**

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿਰ ਢਕ ਕੇ ਜਾਣ ਨਾਲ ਹੀ ਗੁਰੂ ਦਾ ਸਤਿਕਾਰ ਹੈ ?

ਜੋ ਗੁਰੂ ਦੇ ਉਲੀਕੇ ਪੰਧ ਉਤੇ ਚਲੇ ਉਹ ਹੀ ਸਿਖ ਅਖਵਾਉਣ ਦਾ ਅਧਿਕਾਰੀ ਹੋ ਸਕਦਾ ਹੈ। ਗੁਰਮਤਿ ਵਿਚ ਪਹਿਲ ਅੰਦਰਲੀ ਸਿੱਖੀ ਅਥਵਾ ਨਾਮ ਨੂੰ ਹੈ, ਬਾਹਰਲੇ ਕਰਮ ਧਰਮ ਵੇਸ ਨੂੰ ਨਹੀਂ ।

ਕਾਮਣਿ ਤਉ ਸ਼ੀਗਾਰ ਕਰਿ ਪਹਿਲਾ ਕੰਤੁ ਮਨਾਇ ॥ (788)

ਜੋ ਅੰਦਰਲੀ ਸਿੱਖੀ ਤੋਂ ਬਿਨਾਂ ਬਾਹਰਲੇ ਰੂਪ ਤੇ ਪਹਿਰਾਵਿਆਂ ਨਾਲ ਸਿੱਖ ਬਣਨਾ ਚਾਹੁੰਦੇ ਹਨ, ਉਨ੍ਹਾਂ ਨੂੰ ਬਾਣੀ ਵਿਚ ਮ੍ਰਿਤਕ ਦਾ ਸ਼ਿਗਾਰ ਕਰਨਾ ਲਿਖਿਆ ਹੈ ।

ਰਾਜਿਆਂ ਦੇ ਕੱਪੜੇ ਪਾ ਕੇ ਰਾਜੇ ਨਹੀਂ ਬਣ ਜਾਈਦਾ, ਸਵਾਂਗੀ ਹੋਈਦਾ ਹੈ ਗੁਰੂ ਘਰ ਵਿਚ ਅਜਿਹਾ ਨੂੰ ਭੇਖੀ, ਪਾਖੰਡੀ, ਕਪਟੀ ਕਿਹਾ ਹੈ । ਕੀ ਉਸ ਅੰਤਰਜ਼ਾਮੀ ਨੂੰ ਖਾਲੀ ਕੇਸ ਦਾੜ੍ਹੀ ਰੱਖ ਕੇ ਜਾਂ ਖਾਲਸਾ ਪੰਥ ਦਾ ਪਹਿਰਾਵਾ ਕਰਕੇ, ਭਰਮਾਇਆ ਜਾ ਸਕਦਾ ਹੈ ? ਕੀ ਉਸ ਦਿਲਾਂ ਦੇ ਜਾਣਨ ਵਾਲੇ ਨੂੰ ਇਹ ਪਤਾ ਨਹੀਂ ਕਿ ਇਨ੍ਹਾਂ ਦਰਸ਼ਨੀ ਸਿੰਘਾਂ ਤੇ ਸਿੱਖੀ ਦਾ ਕੇਵਲ ਸਰੂਪ ਧਾਰਨ ਵਾਲਿਆਂ ਦੇ ਹਿਰਦੇ ਗੁਰਸਿੱਖੀ ਨਹੀਂ ?

ਮਹਾਤਮਾ ਬੁੱਧ ਜੀ ਦਾ ਕਹਿਣਾ ਹੈ ਕਿ ਜੇ ਬੀਜ ਰੋਗੀ ਹੈ ਤਾਂ ਫਲ ਵੀ ਜ਼ਰੂਰ ਰੋਗੀ ਹੋਵੇਗਾ । ਕਿਸੇ ਡਿੰਗੀ ਬੁਨਿਆਦ ਉਤੇ ਸਿੱਧੀ ਇਮਾਰਤ ਕਿਵੇਂ ਬਣ ਸਕਦੀ ਹੈ ? ਦਿੱਲੀ ਤੋਂ ਆਗਰੇ ਵਾਲੀ ਸੜਕ ਉਤੇ ਜਾਣ ਨਾਲ ਅੰਮ੍ਰਿਤਸਰ ਕਿਵੇਂ ਕੋਈ ਪਹੁੰਚ ਸਕਦਾ ਹੈ ? ਬਾਹਰਲੇ ਵੇਸ ਪਹਿਰਾਵਿਆਂ ਨਾਲ ਦਰਸ਼ਨੀ ਸਿੰਘ ਤਾਂ ਬਣ ਸਕੋਗੇ ਪਰ ਜਿਸ ਨੂੰ ਗੁਰੂ ਘਰ ਵਿਚ ਸਿੱਖ ਕਿਹਾ ਹੈ, ਉਹ ਨਹੀਂ।

ਜਿਸ ਜੋਗ ਦੀ ਜ਼ਹਿਮਤ ਵਿਚੋਂ ਗੁਰੂ ਸਾਹਿਬਾਨ ਨੇ ਦੋ ਸੌ ਸਾਲ ਦੀ ਅਣਥੱਕ ਮਿਹਨਤ ਨਾਲ ਸਾਨੂੰ ਕੱਢਿਆ, ਉਸੇ ਢੱਠੇ ਖੂਹ ਵਲ ਸਾਨੂੰ ਸਾਡੇ ਧਾਰਮਿਕ ਨੇਤਾ ਧੱਕ ਰਹੇ ਤੇ ਗੁਰੂ ਨਾਨਕ ਦੇ ਕੀਤੇ ਨੂੰ ਅਣਕੀਤਾ ਕਰ ਰਹੇ ਹਨ। ਚੇਤੇ ਰਹੇ ਕਿ ਬਾਹਰਲੇ ਵੇਸ ਪਹਿਰਾਵਿਆਂ ਤੇ ਕਰਮ-ਕਾਂਡਾਂ ਦੇ ਆਸਰੇ ਕੋਈ ਮਜ਼ਹਬ ਬਹੁਤਾ ਚਿਰ ਹਰਿਆ ਭਰਿਆ ਨਹੀਂ ਰਹਿ ਸਕਦਾ, ਜਿਸ ਤਰ੍ਹਾਂ ਉਹ ਦਰਖਤ ਜਿਸ ਦੀਆਂ ਜੜ੍ਹਾਂ ਨੂੰ ਘੁਣ ਲੱਗਾ ਹੋਵੇ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 305 ਉਤੇ ਸਿੱਖ ਦੇ ਲੱਛਣ ਲਿਖੇ ਹਨ। ਇਸ ਅਨੁਸਾਰ ਗੁਰਸਿੱਖ ਦਾ ਮੁਖ ਮੰਤਵ ਨਾਮ ਦੀ ਕਮਾਈ ਹੈ। ਜੋ ਇਕ ਨਿਰੰਕਾਰ ਦੀ ਉਪਾਸ਼ਨਾ ਕਰਨ ਵਾਲੇ ਹਨ, ਉਹ ਇਕ ਮਤ ਵਾਲੇ ਹਨ, ਭਾਵੇਂ ਕੋਈ ਉਨ੍ਹਾਂ ਨੂੰ ਹਿੰਦੂ ਕਹੇ, ਮੁਸਲਮਾਨ ਜਾਂ ਈਸਾਈ । ਉਹ ਸਿੱਖ ਹਨ ।

ਫਰੀਦਾ ਜੋ ਤੈ ਮਾਰਨਿ ਮੁੱਕੀਆਂ, ਤਿਨਾ ਨਾ ਮਾਰੇ ਘੁੰਮਿ ॥
ਆਪਨੜੇ ਘਰਿ ਜਾਈਐ, ਪੈਰ ਤਿਨਾ ਦੇ ਚੁੰਮਿ — ਸਲੋਕ 7
ਫਰੀਦਾ ਖਾਲਕ ਖਲਕ ਮਹਿ, ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੂੰ ਆਖੀਐ, ਜਾਂ ਤਿਸ ਬਿਨੁ ਕੋਈ ਨਾਹਿ॥ ਸਲੋਕ 75
ਕਬੀਰ ਸਭ ਤੇ ਹਮ ਬੁਰੇ, ਹਮ ਤਜਿ ਭਲੋ ਸਭੁ ਕੋਇ
ਜਿਨਿ ਐਸਾ ਕਰ ਬੁਝਿਆ, ਮਤਿ ਹਮਾਰਾ ਸੋਇ — ਸਲੋਕ 7

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਤੋਂ ਬਹੁਤ ਪਹਿਲੇ ਹੋਏ ਮਹਾਂ ਪੁਰਸ਼ਾਂ ਦੀ ਬਾਣੀ ਦਾ ਹੋਣਾ, ਇਸ ਗੱਲ ਦਾ ਸਬੂਤ ਹੈ ਕਿ ਗੁਰਮਤ ਸਰਬ ਵਿਆਪਕ ਤੇ ਵਿਸ਼ਾਲ ਹੈ। ਸੋ ਵੀਰੋ ਗੁਰਮਤ ਨਿਕੀਆਂ ਨਿਕੀਆਂ ਵਲਗਣਾਂ ਵਿਚ ਬੰਦ ਨਹੀਂ ਕੀਤਾ ਜਾ ਸਕਦਾ ।

ਇਹ ਠੀਕ ਹੈ ਕਿ ਪੰਜਾਬੀ ਸਿੱਖਾਂ ਵਿਚ ਕਮਜ਼ੋਰੀਆਂ ਹਨ, ਤੇ ਉਨ੍ਹਾਂ ਵਿਚੋਂ ਮੈਂ ਵੀ ਇਕ ਹਾਂ। ਮੈਂ ਆਲਸੀ ਹਾਂ, ਢਿੱਲੜ ਹਾਂ, ਨਾਮ ਬਾਣੀ ਦੇ ਅਭਿਆਸ ਤੋਂ ਵਾਂਝਾ ਹਾਂ, ਪੰਜੇ ਵਿਕਾਰ ਵੀ ਹਨ ਤੇ ਘੜੀ ਘੜੀ ਪਲ ਪਲ ਗੁਰਸਿੱਖੀ ਦੇ ਆਦਰਸ਼ ਤੋਂ ਡਿਗਦਾ ਪਿਆ ਹਾਂ। ਪਰ ਗੁਰੂ ਤੋਂ ਮੁਨਕਰ ਤਾਂ ਨਹੀਂ! ਪੁਤਰ ਤੋਂ ਕਪੁਤਰ ਹੋਇਆ ਵੀ ਆਸ ਤਾਂ ਉਸੇ ਦੀ ਹੀ ਹੈ ।

### "ਗੁਰੂ ਮਾਨਯੋ ਗ੍ਰੰਥ"

ਸ੍ਰੀ ਗੁਰੂ ਮੁਖਵਾਕ ਨਹੀਂ, ਕਿਸੇ ਕਵੀ ਦੀ ਰਚਨਾ ਹੈ। ਸ੍ਰੀ ਮੁਖ ਵਾਕ ਹੈ — ਬਾਣੀ ਗੁਰੂ ਗੁਰੂ ਹੈ ਬਾਣੀ । (982)

"ਗੁਰੂ ਮਾਨਯੋ ਗ੍ਰੰਥ" ਦਾ ਭਾਵ ਵੀ ਸਿੱਖਿਆ ਦਾ ਪਾਲਣ ਹੀ ਹੋ ਸਕਦਾ ਹੈ ਤੇ ਉਸ ਅਨੁਸਾਰ ਵੀ ਬਾਣੀ ਨੂੰ ਹੀ ਗੁਰੂ ਕਿਹਾ ਜਾਣਾ ਚਾਹੀਦਾ ਹੈ — ਸਤਿਗੁਰ ਬਚਨ ਬਚਨ ਹੈ ਸਤਿਗੁਰ (1310) ਸ਼ਿਖਿਆ ਦੇ ਪਾਲਣ ਲਈ ਸਿਖਿਆ ਦਾ ਪੜ੍ਹਨਾ, ਸਮਝਣਾ, ਵਿਚਾਰਨਾ ਤੇ ਉਸ ਉਤੇ ਅਮਲ ਕਰਨਾ ਹੈ ।

ਗੁਰਮਤਿ ਵਿਚ ਬੁੱਤਪ੍ਰਸਤੀ ਦਾ ਖੰਡਨ ਹੈ। ਗੁਰੂ ਘਰ ਵਿਚ ਬੁੱਤ ਪ੍ਰਸਤੀ ਕਿਸੇ ਰੂਪ ਵਿਚ ਵੀ ਪ੍ਰਵਾਨ ਨਹੀਂ। ਪਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਮੱਥਾ ਟੇਕਦੇ, ਸਿਰ ਕੱਜ ਕੇ (ਢਕ ਕੇ) ਨੀਵੇਂ ਬੈਠਦੇ, ਚੌਰ ਕਰਦੇ, ਫੁੱਲਾਂ ਦੇ ਗੁਲਦਸਤੇ ਤੇ ਹਾਰ ਲਿਆਉਂਦੇ, ਕੜਾਹ ਪ੍ਰਸ਼ਾਦ ਦੀ ਭੇਟ ਕਰਦੇ, ਬੀੜ ਥੱਲੇ ਗਦੇਲੇ ਰੱਖਦੇ, ਪਾਸੀਂ ਤੱਕੀਏ ਕਰਦੇ, ਉਤੇ ਸੁੰਦਰ ਰੁਮਾਲੇ ਚੜ੍ਹਾਉਂਦੇ ਸਹੀ ਅਰਥਾਂ ਵਿਚ ਗੁਰੂ ਨੂੰ ਮੰਨਣਾ ਨਹੀਂ । ਜੇ ਬਾਣੀ ਦੇ ਸਮਝਣ ਵਿਚਾਰਨ ਆਦਿ ਦਾ ਧਿਆਨ ਨਹੀਂ ਤਾਂ ਨੀਵੇਂ ਬੈਠਣ, ਸਿਰ ਕੱਜਣ (ਉਤੇ ਰੁਮਾਲ ਰੱਖਣ) ਮੱਥਾ ਟੇਕਣ, ਡੰਡੌਤ ਕਰਨ, ਨੱਕ ਜ਼ਮੀਨ ਉਤੇ ਰਗੜਨ, ਕੜਾਹ ਪ੍ਰਸ਼ਾਦ ਦੀ ਭੇਟ ਦੇਣ, ਚੌਰ ਕਰਨ ਆਦਿ ਨੂੰ ਬੀੜ ਦੀ ਪੂਜਾ ਹੀ ਕਹਿਣਾ ਪਵੇਗਾ ।

ਪਰ ਅਸੀਂ ਬੁੱਤ ਪ੍ਰਸਤੀ ਦੇ ਦੋਸ਼ ਤੋਂ ਬਚਣ ਲਈ ਕਹਿੰਦੇ ਹਾਂ ਕਿ ਇਹ ਸਭ ਕੁਝ ਬਾਣੀ ਦਾ ਸਤਿਕਾਰ ਹੈ ।

ਸਵਰਗਵਾਸੀ ਭਾਈ ਸਾਹਿਬ ਅਰਦਮਾਨ ਸਿੰਘ ਬਾਗੜੀਆ ਨੇ ਇਕ ਲੇਖ ਵਿਚ ਲਿਖਿਆ ਸੀ ਕਿ ਜਿਸ ਤਰ੍ਹਾਂ ਦਾ ਰੁਖ ਬੱਧ ਰਿਹਾ ਹੈ ਇਸ ਤਰ੍ਹਾਂ ਸ਼ਾਇਦ ਗੁਰੂ ਗ੍ਰੰਥ ਸਾਹਿਬ ਨੂੰ ਸਵੇਰੇ ਇਸ਼ਨਾਨ ਕਰਾਉਣਾ ਵੀ ਸ਼ੁਰੂ ਹੋ ਜਾਵੇ।

ਗੁਰਬਾਣੀ ਦਾ ਸਤਿਕਾਰ ਗੁਰਬਾਣੀ ਦੇ ਪਾਲਣ ਵਿਚ ਹੈ ਸਿਰ ਢੱਕ ਕੇ ਜਾਣ ਵਿਚ ਨਹੀਂ ।

ਪ੍ਰਮਾਤਮਾ ਦੀ ਉਸਤਤ ਜਾਂ ਨਿੰਦਾ ਕਰਨ ਨਾਲ ਉਸ ਨੂੰ ਤਾਂ ਕੋਈ ਫਰਕ ਨਹੀਂ ਪੈਣਾ। ਉਹ ਉਸਤਤ ਨਿੰਦਾ ਤੋਂ ਉਚਾ ਹੈ। ਉਸਤਤ ਨਿੰਦਾ ਕਰਨ ਨਾਲ ਲਾਭ ਜਾਂ ਹਾਨੀ ਆਪਣੀ ਹੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਸਾਹਮਣੇ ਕੋਈ ਮੰਦਾ ਕਰਮ ਕਰਨ ਨਾਲ ਨਿਰਲੇਪ ਗੁਰੂ ਦਾਂ ਕੁਝ ਨਹੀਂ ਵਿਗੜਦਾ ।

ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨੰਗੇ ਸਿਰ ਜਾਣ, ਮੱਥਾ ਨਾ ਟੇਕਣ, ਆਦਿ ਨਾਲ ਗੁਰੂ ਨੂੰ ਵਾਧ ਘਾਟ ਨਹੀਂ ।

ਕੋਈ ਗੁਰੂ ਦਾ, ਸਾਡੀ ਸਮਝ ਅਨੁਸਾਰ, ਸਤਿਕਾਰ ਨਹੀਂ ਕਰਦਾ ਤਾਂ ਸਾਨੂੰ ਅਸ਼ਾਂਤ ਹੋਣ ਦੀ ਲੋੜ ਨਹੀਂ ।

**ਸਿੱਖ ਧਰਮ ਤੇ ਭਾਰਤੀ (ਭਾਰਤ ਵਿਚ ਰਹਿਣ ਵਾਲਾ) ਜਾਂ ਖਾਲਸਾ ਪੰਥ ਦੇ ਰਹਿਣ-ਢੰਗ ਵਿਚ ਫਰਕ ਹੈ ।**

**ਇਸੇ ਤਰ੍ਹਾਂ ਸਤਿਕਾਰ ਵਜੋਂ ਪੈਰੋਂ ਨੰਗਾ ਤੇ ਸਿਰ ਕੱਜਣਾ ਆਦਿ ਸਾਡਾ ਰਹਿਣ-ਢੰਗ ਹੈ — "ਇਹ ਸਿੱਖ ਧਰਮ ਦਾ ਅੰਗ ਨਹੀਂ ।"**

**ਲੋੜ ਸਿੱਖ ਧਰਮ ਦੇ ਪਰਚਾਰ ਦੀ ਹੈ, ਆਪਣਾ ਰਹਿਣ-ਢੰਗ ਪ੍ਰਚਲਤ ਕਰਨ ਦੀ ਨਹੀਂ । ਦੋਹਾਂ ਨੂੰ ਇਕੱਠਾ ਕਰਨਾ, ਭਰਮ ਭੁਲੇਖੇ ਦਾ ਕਾਰਨ ਹੈ ਸਕਦਾ ਹੈ, ਤੇ ਹੋ ਰਿਹਾ ਵੀ ਹੈ ।**

**ਨੋਟ !**

ਰਹਿਤ ਮਰਯਾਦਾ ਸੰਬੰਧੀ ਭਿੰਨ ਭੇਦ ਦਾ ਮੂਲ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਫੋਕਟ ਰਤੂ ਰੀਤੀਆਂ, ਕਰਮ ਕਾਂਡਾਂ ਦਾ ਖੰਡਨ ਅਤੇ ਦਸਮੇਸ਼ ਜੀ ਦੇ ਆਪ ਕੋਈ ਰਹਿਤ ਮਰਯਾਦਾ ਨਾ ਲਿਖੀ ਹੋਣ ਕਰਕੇ ਹੈ। ਜਿਸ ਕਿਸੇ ਦੇ ਮਨ ਵਿਚ ਆਈ, ਉਸ ਨੇ ਆਪਣੀ ਸਮਝ ਬੁੱਧੀ ਮੁਜਬ ਨਿਯਮ ਘੜਨ ਦੀ ਕੀਤੀ ।

ਕਈਆਂ ਗੁਰੂ ਮਹਾਰਾਜ ਜੀ ਵਲੋਂ ਹੋ ਕੇ ਲਿਖਿਆ, ਕਈਆਂ ਆਪਣੀਆਂ ਰਚਨਾਵਾਂ ਦੇ ਆਦਿ ਵਿਚ 'ਸ੍ਰੀ ਮੁਖ ਵਾਕ ਪਾਤਸ਼ਾਹੀ 10' ਲਿਖ ਦਿਤਾ, ਅਤੇ ਕਈਆਂ ਨੇ ਆਪਣੀ ਘੜੀ ਰਹਿਤ ਨੂੰ ਆਪਣਾ ਨਾਮ ਲਿਖਣ ਦੀ ਬਜਾਏ ਸਿਖਾਂ ਦੀਆਂ ਉਘੀਆਂ ਹਸਤੀਆਂ ਦਾ ਨਾਮ ਲਿਖ ਦਿੱਤਾ ।

ਸਾਰੇ ਸੰਸਾਰ ਵਿਚ ਸ਼ਾਇਦ ਹੀ ਕੋਈ ਹੋਰ ਮਜ਼ਹਬ ਹੋਵੇਗਾ, ਜਿਥੇ ਕਵੀਆਂ, ਜੋ ਇਤਿਹਾਸਕਾਰ ਨਹੀਂ ਸਨ, ਦੀਆਂ ਲਿਖੀਆਂ ਕਥਾਂ, ਵਾਰਤਾ ਨੂੰ, ਅਤੇ ਜੋ ਮਜ਼ਹਬ ਦੇ ਧਰਮ ਗ੍ਰੰਥ ਦੀ ਸਿਖਿਆ ਦੇ ਵਿਰੋਧੀ ਵੀ ਹੋਣ ਪ੍ਰਮਾਣਿਕ ਤਸਲੀਮ ਕੀਤਾ ਗਿਆ ਹੋਵੇ ।

ਗੁਰ ਸਿਖੀ ਨੇ ਜਗਤ ਧਰਮ ਹੋਣਾ ਸੀ, ਜੇ ਸਾਡੇ ਮਨਚਲੇ ਕਵੀ, ਇਸ ਦਿਆਂ ਪੈਰਾਂ ਵਿਚ ਰਹਿਤ ਮਰਯਾਦਾ ਦੀਆਂ ਬੇੜੀਆਂ ਨਾ ਪਾਂਦੇ ।

(ਚਲਦਾ)

# ਬਹੁ ਸਭਿਆਚਾਰਕ ਬਿਲ ਅਤੇ ਨਸਲੀ ਰਿਸ਼ਤੇ (ਪਿਛੋਕੜ)

**ਗੁਰਨਾਮ ਸਿੰਘ ਸੰਘੇੜਾ**

ਬਹੁ-ਸਭਿਆਚਾਰਕ ਬਿਲ-93 ਪਹਿਲੀ ਦਸੰਬਰ 1987 ਨੂੰ ਪਾਰਲੀਮੈਂਟ ਵਿਚ ਪੇਸ਼ ਕੀਤਾ ਗਿਆ ਅਤੇ ਹੁਣ ਪਾਸ ਹੋ ਚੁਕਿਆ ਹੈ। ਇਸ ਬਾਰੇ ਅਖਬਾਰਾਂ, ਟੈਲੀਵਿਜ਼ਨ ਅਤੇ ਸਰਕਾਰੀ ਕਾਗਜ਼ਾਂ ਵਿਚ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਸ ਤਰ੍ਹਾਂ ਦਾ ਦੁਨੀਆਂ ਵਿਚ ਪਹਿਲਾ ਐਕਟ ਹੈ ਇਸ ਬਹੁ-ਸਭਿਆਚਾਰਕ ਬਿਲ-93 ਨੂੰ ਇਕ ਤਿਹਾਈ ਗੈਰ ਅੰਗਰੇਜ਼ ਤੇ ਗੈਰ ਫਰਾਂਸੀਸੀ ਆਬਾਦੀ ਲਈ ਅਹਿਮ ਅਤੇ ਚਮਕਦਾ ਚਿੰਨ ਦੱਸਿਆ ਜਾ ਰਿਹਾ ਹੈ। ਇਹ ਐਕਟ ਮੰਨਦਾ ਹੈ ਕਿ ਕੈਨੇਡਾ ਬਹੁ-ਨਸਲੀ ਤੇ ਬਹੁ-ਸਭਿਆਚਾਰ ਵਾਲਾ ਦੇਸ਼ ਹੈ ਅਤੇ ਭੂਮਕਾ ਵਿਚ ਕੈਨੇਡਾ ਦੇ ਵਿਧਾਨ ਵਿਚ ਕਾਨੂੰਨ ਵਿਚ ਅਤੇ ਕਾਨੂੰਨ ਸਾਹਮਣੇ ਬਰਾਬਰੀ ਅਤੇ ਜ਼ਮੀਰ, ਧਰਮ, ਵਿਚਾਰ, ਯਕੀਨ, ਰਾਏ, ਲਿਖਣ ਬੋਲਣ ਤੇ ਅਮਨ ਨਾਲ ਇਕੱਠੇ ਹੋਣ ਦੀ ਆਜ਼ਾਦੀ ਦੇ ਹੱਕਾਂ ਬਾਰੇ ਆਖਦਾ ਹੈ। ਪਰ ਇਹ ਸਭ ਕੁਝ ਅੰਗਰੇਜ਼ੀ ਅਤੇ ਫਰਾਂਸੀਸੀ ਦੇ ਭਾਸ਼ਾਵਾਂ ਦੇ ਦਾਇਰੇ ਦੇ ਅੰਦਰ ਰਹਿ ਕੇ ਗੱਲ ਕਰਦਾ ਹੈ। ਪਰ ਇਹ ਐਕਟ (ਚਿੰਨ) ਅਸਲੀ ਠੋਸ ਮੂਲ ਮੁੱਦੇ ਤੋਂ ਖਾਲੀ ਹੈ। ਇਸ ਦੀਆਂ ਪ੍ਰਾਪਤੀਆਂ ਜਾਂ ਘਾਟਾਂ ਨੂੰ ਮੌਨੀਟਰ ਕਰਨ (ਨਾਪਣ ਤੋਲਣ) ਦਾ ਕੋਈ ਤਰੀਕਾ ਨਹੀਂ ।

ਇਸ ਬਿਲ ਬਾਰੇ ਚਰਚਾ ਤੋਂ ਪਹਿਲਾਂ ਇਸ ਦਾ ਪਿਛੋਕੜ ਜਾਂ ਨਸਲੀ ਰਿਸ਼ਤਿਆਂ ਬਾਰੇ ਲਿਖਣਾ ਜ਼ਰੂਰੀ ਹੈ। ਦੇਸ਼ ਦੇ ਢਾਂਚੇ ਦੀ ਬੁਨਿਆਦ ਹੀ ਵਿਤਕਰੇ ਅਤੇ ਨਸਲਵਾਦ ਉਤੇ ਹੈ। ਇਥੋਂ ਦੇ ਅਸਲੀ ਵਸਨੀਕਾਂ ਨੂੰ ਅਜੇ ਵੀ ਬਹੁਤ ਸਾਰੇ ਹੱਕਾਂ ਤੋਂ ਵਾਂਝਿਆਂ ਕੀਤਾ ਹੋਇਆ ਹੈ। ਏਸ਼ੀਆ ਤੇ ਅਫਰੀਕਾ ਤੋਂ ਆਏ ਲੋਕਾਂ ਨਾਲ ਕਾਫੀ ਵਿਤਕਰਾ ਹੈ। 1960 ਵਿਚ ਹੱਕਾਂ ਦੇ ਬਿਲ ਬਾਰੇ ਆਇਆ, ਪਰ ਕੋਈ ਠੋਸ ਕੰਮ ਨਾ ਕੀਤਾ ਗਿਆ। 1969 ਵਿਚ ਸਰਕਾਰੀ ਭਾਸ਼ਾਵਾਂ ਦਾ ਐਕਟ ਦੇ ਅਧੀਨ ਕੈਨੇਡਾ ਨੂੰ ਦੋ ਭਾਸ਼ਾਈ ਦੇਸ਼ ਮੰਨਿਆ । 1969 ਵਿਚ ਹੀ ਵਾਈਟ ਪੇਪਰ ਰਾਹੀਂ ਆਦੀ ਵਾਸੀਆਂ ਲਈ ਇੰਡੀਅਨ ਐਕਟ ਵਿਚ ਸੋਧ ਹੋਈ ਅਤੇ ਆਦੀ ਵਾਸੀਆਂ ਆਪਣੀਆਂ ਕਮਿਊਨਿਟੀਆਂ ਨੂੰ ਬਚਾਉਣ ਲਈ ਅਮਲ (ਐਕਸ਼ਨ) ਅਰੰਭੇ। 1972 ਵਿਚ ਬਹੁ-ਸਭਿਆਚਾਰ ਲਈ ਸਟੇਟ ਮੰਤਰੀ ਨੀਯਤ ਕੀਤਾ ਅਤੇ 1973 ਵਿਚ ਬਹੁ-ਸਭਿਆਚਾਰਕ ਪ੍ਰੋਗਰਾਮਾਂ ਲਈ ਗਰਾਂਟਾਂ ਦਾ ਕੰਮ ਆਰੰਭਿਆ । 1973 ਵਿਚ ਹੀ ਕੈਨੇਡੀਅਨ ਬਹੁ-ਸਭਿਆਚਾਰਕ ਕੌਂਸਲ ਬਣਾਈ ਗਈ । 1977 ਵਿਚ ਕੈਨੇਡੀਅਨ ਪਾਰਲੀਮੈਂਟ ਨੇ ਕੈਨੇਡੀਅਨ ਹਿਊਮਨ ਰਾਈਟਸ ਐਕਟ ਬਣਾਇਆ। 1982 ਵਿਚ ਕੈਨੇਡੀਅਨ ਵਿਧਾਨ ਵਿਚ ਕੈਨੇਡੀਅਨ ਚਾਰਟਰ ਔਫ ਰਾਈਟਸ ਅਤੇ ਆਜ਼ਾਦੀਆਂ ਦੇ ਸੈਕਸ਼ਨ 15 ਤੇ 27 ਰਾਹੀਂ ਬਰਾਬਰੀ ਦੇ ਹੱਕ ਅਤੇ ਬਹੁ-ਸਭਿਆਚਾਰ ਨੂੰ ਅੰਕਤ ਕੀਤਾ। ਫਿਰ **"ਹੁਣੇ ਹੀ ਬਰਾਬਰੀ"** ਅਤੇ **"ਜੱਜ ਅਬੈਲਾ"** ਰੀਪੋਰਟਾਂ ਨੇ ਨਸਲੀ ਵਿਤਕਰੇ ਦੇ ਵਿਰੁੱਧ ਅਤੇ ਬਹੁ-ਸਭਿਆਚਾਰ ਦੇ ਹੱਕ ਵਿਚ ਠੋਸ ਐਕਸ਼ਨਾਂ ਲਈ ਜ਼ੋਰ ਪਾਇਆ ਅਜੇ ਬਹੁਤ ਊਣਤਾਈਆਂ ਹਨ ਜਿਹਨਾਂ ਬਾਰੇ ਅਗਲੇ ਲੇਖ ਵਿਚ । ਆਖਿਆ ਜਾਂਦਾ ਹੈ ਕਿ ਇਸ ਐਕਸ਼ਨ ਦਾ ਆਧਾਰ ਤਿੰਨ ਬੁਨਿਆਦੀ ਅਸੂਲਾਂ ਤੇ ਹੈ ਕਿ — (1) ਬਹੁ-ਸਭਿਆਚਾਰ ਕੈਨੇਡੀਅਨ ਨਾਗਰਿਕਤਾ ਦਾ ਕੇਂਦਰੀ ਫੀਚਰ (ਰੂਪ) ਹੈ (2) ਹਰ ਕੈਨੇਡੀਅਨ ਆਪਣੇ ਪਿਤਰੀ ਵਿਰਸੇ ਨੂੰ ਆਜ਼ਾਦੀ ਨਾਲ ਮਾਣ ਸਕਣ (3) ਕੇਂਦਰੀ ਸਰਕਾਰ ਦਾ ਫਰਜ਼ ਹੈ ਕਿ ਬਹੁ-ਸਭਿਆਚਾਰ ਨੂੰ ਕੇਂਦਰੀ ਮਹਿਕਮਿਆਂ ਤੇ ਏਜੰਸੀਆਂ ਵਿਚ ਲਾਗੂ ਕਰੇ । ਇਸ ਸੰਬੰਧ ਵਿਚ ਸਟੈਂਡਿੰਗ ਕਮੇਟੀ ਨੇ ਭੀ ਸਿਫਾਰਸ਼ਾਂ ਕੀਤੀਆਂ ਜਿਹਨਾਂ ਵਿਚੋਂ ਕਈ ਮੰਨੀਆਂ ਨਹੀਂ ਗਈਆਂ ।

ਵੱਖਰੇ ਵੱਖਰੇ ਐਥਨਿਕ ਲੋਕਾਂ ਦੀ ਗਿਣਤੀ ਵੱਖ ਵੱਖ ਸੂਬਿਆਂ ਵਿਚ ਵੱਖੋ ਵੱਖਰੀ ਤੇ ਘੱਟ ਵੱਧ ਹੈ। ਜਿਵੇਂ ਕਿਊਬਿਕ ਵਿਚ ਫਰਾਂਸੀਸ ਜ਼ਿਆਦਾ ਹਨ ਅਤੇ ਨਿਊਫਾਊਂਡਲੈਂਡ ਤੇ ਬੀ ਸੀ ਵਿਚ ਅੰਗਰੇਜ਼ । ਮੈਨੀਟੋਬਾ ਤੇ ਸਿਸਕੈਚਵਿਨ ਵਿਚ ਕਈ ਪਿਛੋਕੜਾਂ ਦੇ ਲੋਕ ਹਨ। ਹੁਣ ਤਾਂ ਏਸ਼ੀਆ, ਅਫਰੀਕਾ, ਮੱਧ ਪੂਰਬ ਤੇ ਲਾਤੀਨੀ ਅਮਰੀਕਾ ਵਿਚੋਂ ਭੀ ਕਾਫੀ ਆਏ ਹਨ। ਅਤੇ ਇਹ ਆਬਾਦੀ ਵਧੇਗੀ ਇਨ੍ਹਾਂ ਲੋਕਾਂ ਨੇ ਆਰਥਿਕ ਤੇ ਸਮਾਜਿਕ ਤੌਰ ਤੇ ਬਹੁਤ ਹਿੱਸਾ ਪਾਇਆ ਹੈ। ਇਸ ਬਹੁ-ਸਭਿਆਚਾਰਕ ਬਿਲ ਨੇ ਸਰਕਾਰ ਦੀ ਬਚਨਬੱਧਤਾ ਨਹੀਂ ਦਰਸਾਈ ਅਤੇ ਨਾ ਹੀ ਠੋਸ ਢੰਗ ਨਾਲ ਅਮਲ ਕਰਨ ਦਾ ਢੰਗ ਤਰੀਕਾ ਦੱਸਿਆ ਹੈ। ਨਸਲੀ ਰਿਸ਼ਤਿਆਂ ਦੇ ਸੰਬੰਧ ਵਿਚ ਤਾਂ ਘੱਟ ਅਤੇ ਚਿਹਰੇ ਜਾਂ ਰੰਗ ਵਲੋਂ ਦਿਖਤ ਘੱਟ ਗਿਣਤੀਆਂ ਬਾਰੇ ਨਾਮ ਮਾਤਰ ਨੌਕਰੀਆਂ ਵਿਚ (ਫੈਡਰਲ ਪੱਧਰ ਤੇ) ਲੈਣ ਲਈ ਪਹਿਲਾਂ ਹੀ ਆਖਿਆ ਹੈ । ਪਰ ਅਮਲ ਵਿਚ ਕਿਵੇਂ ਹੁੰਦਾ ਹੈ — ਵੇਖੋ ।

ਓਨਟੇਰੀਓ ਨੇ ਬਹੁ-ਸਭਿਆਚਾਰ ਅਤੇ ਨਸਲੀ ਰਿਸ਼ਤਿਆਂ ਦੇ ਸੰਬੰਧ ਵਿਚ ਨਵੀਂ ਨੀਤੀ ਅਪਣਾਈ ਹੈ । ਕੰਮਾਂ ਵਿਚ "ਬਰਾਬਰੀ ਦੇ ਪ੍ਰੋਗਰਾਮ ਅਧੀਨ ਕੁੱਝ ਟੀਚੇ ਮਿਥੇ ਹਨ । ਬਹੁਤ ਸਾਰੇ ਸ਼ਹਿਰਾਂ ਦੀਆਂ ਮਿਊਂਸਪਲ ਕਮੇਟੀਆਂ ਨੇ ਭੀ ਸਲਾਹਕਾਰ ਕਮੇਟੀਆਂ ਅਤੇ "ਬਰਾਬਰੀ ਦੇ ਮੌਕੇ" ਦੇਣ ਦੇ ਨਾਮ ਤੇ ਮਹਿਕਮੇ ਬਣਾਏ ਹਨ । ਇਹਨਾਂ ਨੇ ਕੈਨੇਡੀਅਨ ਪੱਧਰ ਤੇ ਭੀ ਕਮੇਟੀ ਬਣਾਈ ਹੈ ਅਤੇ ਇਸ ਮਸਲੇ ਤੇ ਤਾਲ ਮੇਲ ਲਈ ਰੇਸ ਰੀਲੇਸ਼ਨ ਅਫਸਰ ਰੱਖਿਆ ਹੈ। ਬੀ ਸੀ ਦੀ ਸਰਕਾਰ ਤਾਂ ਇਸ ਮਸਲੇ ਨੂੰ ਮੰਨਦੀ ਨਹੀਂ ਅਤੇ ਮਨੁੱਖੀ ਹੱਕਾਂ ਦੇ ਕਾਨੂੰਨ ਨੂੰ ਅਤੀ ਕਮਜ਼ੋਰ ਕਰਕੇ — ਨਾ-ਮਾਤਰ ਰਹਿਣ ਦਿੱਤਾ ਹੈ । ਭਾਵੇਂ ਕਿ ਬੀ ਸੀ ਵਿਚ ਤੇ ਬਾਕੀ ਦੇਸ਼ ਵਿਚ ਹਰ ਪੱਧਰ ਤੇ ਨਸਲਵਾਦ ਤੇ ਨਸਲੀ ਵਿਤਕਰਾ ਹੈ ਪਰ ਅਜੇ ਤੱਕ ਇਸ ਨੂੰ ਖੁੱਲੇ ਆਮ ਵੰਗਾਰ ਕੇ ਕਰਿਮੀਨਲ ਐਕਟ ਅਧੀਨ ਲਿਆਉਣ ਦੀ ਲੋੜ ਹੈ । ਡੌਨਲਡ ਮਾਰਸ਼ਲ (ਆਦੀਵਾਸੀ) ਬਾਰੇ ਨੋਵਾ ਸਕੋਸ਼ੀਆ ਵਿਚ ਚਲ ਰਹੀ ਪੜਤਾਲ ਇਹ ਸਾਫ ਪ੍ਰਗਟ ਕਰਦੀ ਹੈ ਕਿ ਨਸਲਵਾਦ ਹਰ ਪੱਧਰ ਤੇ ਚਲ ਰਿਹਾ ਹੈ

ਜਦੋਂ ਤਾਮਿਲ 1986 ਵਿਚ ਅਤੇ 1987 ਵਿਚ 174 ਭਾਰਤੀ ਨੋਵਾ ਸਕੋਸ਼ੀਆ ਦੇ ਕੰਢੇ ਤੇ ਪਹੁੰਚੇ ਤਾਂ ਇਥੇ ਦੇ ਪ੍ਰਸਾਰ ਸਾਧਨ ਨੇ ਅਤੇ ਫੈਡਰਿਲ ਤੇ ਬੀ ਸੀ ਆਦਿ ਦੀਆਂ ਸਰਕਾਰਾਂ ਨੇ ਇਨੀ ਰੌਲੀ ਪਾਈ ਤੇ ਵਿਗਾੜ ਕੇ ਪੇਸ਼ ਕੀਤਾ ਜਿਵੇਂ ਇਨਾ ਕੁਝ ਸੈਂਕੜੇ ਬੰਦਿਆਂ ਨਾਲ ਕੈਨੇਡਾ ਤਬਾਹ ਹੋ ਜਾਏਗਾ ਜਾਂ ਲੁੱਟਿਆ ਪੁੱਟਿਆ ਜਾਵੇਗਾ । ਭਾਵੇਂ ਕਿ ਦੂਜੇ ਪਾਸੇ ਹਜ਼ਾਰਾਂ ਹੀ ਹੋਰ ਚਿੱਟੇ ਯੂਰਪੀ ਭੀ ਇਥੇ ਨਾਜਾਇਜ਼ ਆਉਂਦੇ ਹਨ । ਫਿਰ ਉਸ ਸਰਕਾਰ ਤੋਂ ਕਿਵੇਂ ਆਸ ਹੋ ਸਕਦੀ ਹੈ ਕਿ ਉਹ ਨਸਲਵਾਦ ਹਟਾਉਣ ਅਤੇ ਬਹੁ-ਸਭਿਆਚਾਰ ਦੀ ਬੜੋਤੀ ਲਈ ਦ੍ਰਿੜ ਤੇ ਈਮਾਨਦਾਰ ਹੈ ? ਬਹੁ-ਸਭਿਆਚਾਰ ਸਿਰਫ ਵੱਖੋ ਵੱਖਰੇ ਕੱਪੜੇ ਪਾ ਕੇ ਜਾਂ ਵੱਖਰੇ ਵੱਖਰੇ ਦੇਸ਼ਾਂ ਦੇ ਖਾਣੇ ਖਾਣ ਵਿਚ ਹੀ ਹੈ। ਬਲਕਿ ਇਸ ਲਈ ਜੁਦੇ ਅਦਾਰੇ, ਮੰਤਰਾਲੇ (ਕੇਂਦਰੀ ਤੇ ਸੂਬਾਈ ਪੱਧਰ ਤੇ), ਸਕੂਲਾਂ ਆਦਿ ਵਿਚ ਦਸ ਬੱਚਿਆਂ ਤੋਂ ਵੱਧ ਜੇ ਚਾਹੁੰਦੇ ਹਨ ਤਾਂ ਉਹਨਾਂ ਦੀ ਪਿਤਰੀ ਜ਼ਬਾਨ ਦੀ ਖੁੱਲ, ਕੰਮਾਂ ਕਾਰਾਂ ਤੇ ਰਾਜਨੀਤੀ ਵਿਚ ਯੋਗ ਬਰਾਬਰੀ ਦੀ ਥਾਂ, ਸਰਕਾਰ ਸਲਾਹਕਾਰ ਕਮੇਟੀਆਂ ਵਿਚ ਆਮ ਪੱਧਰ ਤੇ ਲੋਕਾਂ ਦੇ ਨੁਮਾਇੰਦੇ (ਨਾ ਕਿ ਕੁਝ ਜੀ ਹਜ਼ੂਰੀਏ ਤੇ ਚਮਚੇ) ਲੈਣਾ ਅਤੇ ਹਿਊਮਨ ਰਾਈਟਸ ਅਦਾਰਿਆਂ ਨੂੰ ਅਸਰਦਾਇਕ ਠੋਸ ਅਧਿਕਾਰ ਆਦਿ ਦੇਣਾ ਜ਼ਰੂਰੀ ਹੈ ।

[ਅਗਲਾ — ਬਹੁ-ਸਭਿਆਚਾਰਕ ਐਕਟ — (ਬਿਲ ਸੀ-93)]

## ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਾਸਿਕ ਸਾਹਿਤਕ ਮੀਟਿੰਗ ਡਾਕਟਰ ਸਾਧੂ ਸਿੰਘ ਧਾਮੀ ਦਾ ਸੁਆਗਤ

### ਅਗਲੀ ਮੀਟਿੰਗ 5 ਨਵੰਬਰ 88 ਨੂੰ

ਅਕਤੂਬਰ 1, 88 ਨੂੰ ਪੰਜਾਬੀ ਲੇਖਕ ਮੰਚ ਦੀ ਮਾਸਿਕ ਮੀਟਿੰਗ ਹੋਈ ਜਿਸ ਵਿਚ ਡਾਕਟਰ ਸਾਧੂ ਸਿੰਘ ਧਾਮੀ ਨੂੰ ਮੰਚ ਵਲੋਂ ਜੀ ਆਇਆਂ ਆਖਿਆ ਗਿਆ। ਧਾਮੀ ਸਾਹਿਬ 1922 ਵਿਚ ਪਿੰਡ ਪਿਪਲਾਂਵਾਲਾ (ਹੁਸ਼ਿਆਰਪੁਰ) ਤੋਂ ਕੈਨੇਡਾ ਆਏ ਸਨ। ਉਨ੍ਹਾਂ ਦਾ ਨਾਵਲ 'ਮਲੂਕਾ' 1978 ਵਿਚ ਅੰਗਰੇਜ਼ੀ ਵਿਚ ਛਪਿਆ ਸੀ। ਉਸਦਾ ਪੰਜਾਬੀ ਅਨੁਵਾਦ ਵੈਨਕੂਵਰ ਸੱਥ ਵਲੋਂ ਛਾਪਿਆ ਗਿਆ ਜਿਸ ਨੂੰ ਰੀਲੀਜ਼ ਕਰਨ ਧਾਮੀ ਸਾਹਿਬ ਸਵਿਟਜ਼ਰਲੈਂਡ ਤੋਂ ਏਥੇ ਆਏ ਸਨ ।

ਧਾਮੀ ਸਾਹਿਬ ਨੇ ਆਪਣੇ ਜੀਵਨ ਵਿਦਿਆ, ਲਿਖਤਾਂ ਅਤੇ ਫਲਸਫੇ ਬਾਰੇ ਵਿਸਥਾਰ ਨਾਲ ਲਗਪਗ 3 ਘੰਟੇ ਗੱਲਬਾਤ ਕੀਤੀ । ਲੇਖਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਕਿਹਾ, "ਮਲੂਕਾ" ਪੰਜਾਬੀ ਵਿਚ ਛਪਣ ਨਾਲ ਮੈਨੂੰ ਹੁਣ ਇਹ ਪ੍ਰਣ ਕਰਨਾ ਪਿਆ ਹੈ ਕਿ ਮੈਂ ਇਸਦਾ ਅਗਲਾ ਹਿੱਸਾ ਲਿਖਾਂ। ਲੋਕਾਂ ਨੇ ਮੈਨੂੰ ਨਾਵਲਿਸਟ ਬਣਾ ਦਿੱਤਾ ਹੈ। 82 ਸਾਲਾ ਇਸ ਨੌਜਵਾਨ ਦੀ ਤੋਰ, ਗਲਬਾਤ ਵਿਚ ਜ਼ਿੰਦਗੀ ਤੇ ਜਵਾਨੀ ਟਪਕਦੀ ਦਿਸਦੀ ਹੈ ।

ਮੀਟਿੰਗ ਵਿਚ ਸ਼ਾਮਲ ਹੋਣ ਵਾਲੇ ਲੇਖਕ ਸਨ : ਗੁਰਚਰਨ ਰਾਮਪੁਰੀ, ਬਲਦੇਵ ਦੁਹੜੇ, ਸੋਹਣ ਸੁਰਿੰਦਰ ਸੰਘਾ, ਗੁਰਨਾਮ ਸਿੰਘ ਸੰਘੇੜਾ, ਸੂਫੀ ਅਮਰਜੀਤ, ਮਹਿੰਦਰ ਸੁਮਲ, ਮੇਹਰ ਸਿੰਘ ਸੰਧੂ, ਅਮਰ ਸਿੰਘ ਬੈਨੀਪਾਲ, ਸੋਹਣ ਸਿੰਘ ਪੂੰਨੀ, ਮੰਗਾ ਸਿੰਘ ਬਾਸੀ, ਅਜਮੇਰ ਰੋਡੇ, ਸੁਰਜੀਤ ਕਲਸੀ, ਸਾਧੂ, ਜਗਦੀਸ਼, ਸੁਖਵੰਤ ਹੁੰਦਲ, ਪ੍ਰਕਾਸ਼, ਪਾਲ ਬਿਨਿੰਗ, ਜਸ ਬਿਨਿੰਗ, ਗੁਰਚਰਨ ਟੱਲੇਵਾਲੀਆ ਅਤੇ ਅਮਰਜੀਤ ਚਾਹਲ ।

# The Manitoba Mirror

# ਮੈਨੀਟੋਬਾ ਦਰਪਣ

## BRAR NATURAL FLOUR MILLS

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

Ph. 775-6989

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: (204) 694-5000

Res: 694-3198

Pager 942-7788 #02284



Sales Representative

## REMAX REALTY

10 - 2230 McPhillps St., Winnipeg, MB R2V 3C8



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ







ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

Ph. Bus. 772-3937

New Location — 724 - Sargent Ave., Winnipeg, MAN.

Res. 633-6567

## REDWOOD MOTORS LTD.



ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ

**Automotive Repairs — Alignment and Wheel Balancing**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

# ਮਾਝਾ—ਮਾਲਵਾ ਭਾਰੂ ਰਿਹਾ ਹੈ ਸਿੱਖ ਸਿਆਸਤ ’ਤੇ

ਸਤਿਬੀਰ ਸਿੰਘ



ਪ੍ਰਕਾਸ਼ ਸਿੰਘ ਬਾਦਲ



ਸੁਰਜੀਤ ਸਿੰਘ ਬਰਨਾਲਾ



ਜਗਦੇਵ ਸਿੰਘ ਤਲਵੰਡੀ

ਨਵੇਂ ਪੰਜਾਬ ਦੀ ਕਾਇਮੀ ਭਾਵ ਇਕ ਨਵੰਬਰ 1966 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਵਿਸ਼ੇਸ਼ ਕਰਕੇ ਸੰਤ ਫਤਹਿ ਸਿੰਘ, ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਹੱਥਾਂ ਵਿਚ ਰਹੀ। ਇਹ ਤਿੰਨੇ ਲੀਡਰ ਹੀ ਪੰਜਾਬ ਦੇ ਮਾਲਵਾ ਖੇਤਰ ਨਾਲ ਸਬੰਧਤ ਰਹੇ ਹਨ। ਕੁਝ ਸਮੇਂ ਤੋਂ ਸ. ਸੁਰਜੀਤ ਸਿੰਘ ਬਰਨਾਲਾ, ਬਾਬਾ ਜੋਗਿੰਦਰ ਸਿੰਘ ਤੇ ਸਿਮਰਨਜੀਤ ਸਿੰਘ ਮਾਨ ਵੀ ਸਿਖ ਸਿਆਸਤ ਦੇ ਮੋਹਰੀਆਂ ਵਜੋਂ ਉਭਰੇ ਹਨ। ਇਹ ਵੀ ਮਾਲਵਾ ਖੇਤਰ ਦੇ ਹੀ ਵਾਸੀ ਹਨ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਬਹੁਤ ਸਮਾਂ ਸੰਤ ਚੰਨਣ ਸਿੰਘ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਾਸ ਹੀ ਰਹੀ। ਇਨ੍ਹਾਂ ਦੋਵਾਂ ਦਾ ਸੰਬੰਧ ਵੀ ਮਾਲਵੇ ਨਾਲ ਹੈ। ਇਸ ਤੋਂ ਵੀ ਅਗਲੀ ਗੱਲ ਕਿ ਪੰਜਾਬੀ ਸੂਬੇ ਦੀ ਕਾਇਮੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵਲੋਂ ਬਣੇ ਮੁਖ ਮੰਤਰੀ ਜਿਨ੍ਹਾਂ ਵਿਚ : ਜਸਟਿਸ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ, ਪ੍ਰਕਾਸ਼ ਸਿੰਘ ਬਾਦਲ ਅਤੇ ਸੁਰਜੀਤ ਸਿੰਘ ਬਰਨਾਲਾ ਵੀ ਮਾਲਵੇ ਤੋਂ ਹੀ ਸਨ।

ਹੋਰ ਤਾਂ ਹੋਰ 1977 ਵਿਚ ਕੇਂਦਰ ਵਿਚ ਬਣੀ ਜਨਤਾ ਸਰਕਾਰ ਵਿਚ ਕੇਂਦਰੀ ਮੰਤਰੀ ਦੇ ਤੌਰ ’ਤੇ ਸ਼ਾਮਲ ਕੀਤੇ ਗਏ ਵਿਅਕਤੀ ਵੀ ਮਾਲਵੇ ਤੋਂ ਹੀ ਸਨ। ਇਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ, ਧੰਨਾ ਸਿੰਘ ਗੁਲਸ਼ਨ ਤੇ ਸੁਰਜੀਤ ਸਿੰਘ ਬਰਨਾਲਾ ਸ਼ਾਮਲ ਸਨ। ਹੁਣ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਵੰਡੇ ਹੋਏ ਅਕਾਲੀ ਦਲਾਂ ਦੇ ਪ੍ਰਧਾਨ ਵੀ ਸਾਰੇ ਮਾਲਵੇ ਦੇ ਹੀ ਹਨ। ਅਕਾਲ ਤਖਤ ਦੇ ਜਥੇਦਾਰ ਪ੍ਰੋ. ਦਰਸ਼ਨ ਸਿੰਘ ਤੇ ਭਾਈ ਜਸਬੀਰ ਸਿੰਘ ਹਨ, ਦੋਵੇਂ ਹੀ ਮਾਲਵੇ ਖੇਤਰ ਨਾਲ ਸਬੰਧਤ ਹਨ।

ਮਾਝਾ ਖੇਤਰ ਜਿਹੜਾ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਦੀ ਰਾਜਧਾਨੀ ਲਾਹੌਰ ਅਤੇ ਸਿੱਖਾਂ ਦੀ ਰਾਜਧਾਨੀ ਅੰਮ੍ਰਿਤਸਰ ਨਾਲ ਲਗਦਾ ਸੀ, ਉਦੋਂ ਸਿਆਸੀ ਸ਼ਕਤੀ ਵਧੇਰੇ ਕਰਕੇ ਮਾਝੇ ਦੇ ਲੀਡਰਾਂ ਕੋਲ ਹੀ ਰਹੀ। ਸਰਦਾਰ ਪ੍ਰਤਾਪ ਸਿੰਘ ਕੈਰੋਂ ਤੇ ਗਿਆਨੀ ਗੁਰਮੁਖ ਸਿੰਘ ਮੁਸਾਫਿਰ (ਮੁਸਾਫਿਰ ਦੇਸ਼ ਵੰਡ ਉਪਰੰਤ ਅੰਮ੍ਰਿਤਸਰ ਆ ਗਿਆ ਸੀ) ਤੇ ਏਧਰ ਦੇ ਹੀ ਰਹਿਣ ਵਾਲੇ ਮਾਸਟਰ ਤਾਰਾ ਸਿੰਘ ਕੋਲ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਰਹੀ ਤੇ ਉਹ ਕਈ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਰਹੇ। ਗਿਆਨੀ ਕਰਤਾਰ ਸਿੰਘ ਜਿਹੜਾ ਕਿ ਕਾਫੀ ਸਮਾਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਰਿਹਾ, ਉਹ ਵੀ ਨਾਗੋਕੇ ਜ਼ਿਲਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਸਰਦਾਰ ਊਧਮ ਸਿੰਘ ਨਾਗੋਕੇ, ਸ. ਈਸ਼ਰ ਸਿੰਘ ਮਝੈਲ ਤੇ ਪ੍ਰੇਮ ਸਿੰਘ ਲਾਲਪੁਰਾ ਜਿਹੜੇ ਬਦਲਵੇਂ ਤੌਰ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਦੇ ਰਹੇ, ਉਹ ਵੀ ਮਾਝੇ ਦੇ ਹੀ ਰਹਿਣ ਵਾਲੇ ਸਨ।

ਪ੍ਰੰਤੂ 1966 ਤੋਂ ਬਾਅਦ ਨਵੇਂ ਪੰਜਾਬ ਦੀ ਹੱਦਬੰਦੀ ਵਿਚ ਮਝੈਲਾਂ ਦੀ ਸਿਆਸੀ ਤੇ ਧਾਰਮਿਕ ਸ਼ਕਤੀ ਉਨ੍ਹਾਂ ਹੱਥੋਂ ਖਿਸਕ ਗਈ। ਭਾਵੇਂ ਕੁਝ ਸਮੇਂ ਲਈ ਜਥੇਦਾਰ ਮੋਹਨ ਸਿੰਘ ਤੁੜ ਅਕਾਲੀ ਦਲ ਦੇ ਪ੍ਰਧਾਨ ਰਹੇ ਪਰ ਕੁਝ ਮਹੀਨਿਆਂ ਵਿਚ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਖਾੜਕੂ ਮਲਵਈਆਂ ਦੀ ਮਦਦ ਨਾਲ ਉਨ੍ਹਾਂ ਨੂੰ ਉਤਾਰ ਕੇ ਆਪ ਅਕਾਲੀ ਦਲ ਦੀ ਵਾਗਡੋਰ ਸੰਭਾਲ ਲਈ। ਕੁਦਰਤੀ ਤੌਰ ’ਤੇ ਸਰਕਾਰੀ ਅਦਾਰਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਅਤੇ ਅਕਾਲੀ ਲੀਡਰਸ਼ਿਪ ਵਿਚ ਮਾਝੇ ਦੇ ਲੋਕਾਂ ਦਾ, ਜਿਹੜੇ ਬੜੇ ਸੂਰਮੇ, ਦਲੇਰ ਤੇ ਬਹਾਦਰ ਸਨ, ਹਿਸਾ ਨਾ ਰਿਹਾ। ਜਿਸ ਮਾਝੇ ਦੇ ਸਥਾਨ ਉਤੇ ਨੌਂ ਗੁਰੂ ਸਾਹਿਬਾਨਾਂ ਨੇ ਥਾਂ ਥਾਂ ਉਤੇ ਜਾ ਕੇ ਧਰਮ ਦੇ ਕੇਂਦਰ ਬਣਾਏ, ਜਿਥੇ ਸਿਖ ਸ਼ਕਤੀ ਪੂਰੇ ਜੋਬਨ ’ਤੇ ਰਹੀ। ਇਹੀ ਧਰਤੀ ਸੀ ਜਿਥੇ ਵਧੇਰੇ ਕਰ ਕੇ ਸਿੱਖ ਮਿਸਲਾਂ ਨੇ ਮੁਗਲਾਂ ਤੇ ਪਠਾਣਾਂ ਵਿਰੁਧ ਲੜਾਈਆਂ ਲੜ ਕੇ ਆਪਣੇ ਆਪ ਨੂੰ ਸ਼ਕਤੀਸ਼ਾਲੀ ਬਣਾਇਆ ਸੀ। ਇਸੇ ਹੀ ਧਰਤੀ ’ਤੇ ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਰੂਪੀ ਮਣਕਿਆਂ ਨੂੰ ਪਰੋ ਕੇ ਸਿੱਖ ਰਾਜ ਦੀ ਮਾਲਾ ਬਣਾਈ।

ਹਿੰਦੁਸਤਾਨ ਦੀ ਵੰਡ ਤੋਂ ਬਾਅਦ ਮਾਝੇ ਦੇ ਲੋਕ ਜ਼ਿਆਦਾਤਰ ਸਰਹੱਦੀ ਖੇਤਰ ਦੇ ਹੋਣ ਕਾਰਨ ਉਹ ਇਨੀ ਜਲਦੀ ਸਰਹੱਦੋਂ ਪਾਰਲੇ ਲੋਕਾਂ ਨਾਲੋਂ ਮੋਹ-ਤੋੜ ਗੋਲੀਆਂ ਖਾ ਕੇ ਨਾ ਬੈਠ ਸਕੇ। ਦੂਜੇ, ਇਹ ਲੋਕ ਜ਼ਿਆਦਾਤਰ ਸੈਨਿਕ ਭਰਤੀ ਨੂੰ ਤਰਜੀਹ ਦਿੰਦੇ ਸਨ। ਪਰ ਹਿੰਦੁਸਤਾਨ ਦੀ ਨਵੀਂ ਸਰਕਾਰ ਨੇ ਸਿੱਖਾਂ ਦੀ ਭਰਤੀ ਦਾ ਕੋਟਾ ਨਿਸਚਿਤ ਕਰ ਦਿੱਤਾ ਜਿਸ ਕਾਰਨ ਇਹ ਲੋਕ ਸੈਨਿਕ ਸੇਵਾਵਾਂ ’ਚ ਸ਼ਾਮਲ ਹੋਣ ਤੋਂ ਵੰਚਿਤ ਹੋ ਗਏ। ਤੀਜੇ, ਇਧਰ ਆਬਾਦੀ ਵੱਧ ਹੋਣ ਕਾਰਨ ਭੂਮੀ ਬੜੀ ਘੱਟ ਸੀ। ਚੌਥੇ, ਇਨ੍ਹਾਂ ਲੋਕਾਂ ਵਿਚ ਦੁਆਬੀਆਂ ਵਾਂਗ ਵਿਦੇਸ਼ਾਂ ਵਿਚ ਜਾਣ ਦੀ ਵੀ ਜਾਗ੍ਰਤੀ ਨਹੀਂ ਸੀ। ਭਾਵੇਂ 1947 ਤੋਂ ਬਾਅਦ ਕੁਝ ਲੋਕਾਂ ਨੇ ਯੂ. ਪੀ. ਵਿਚ ਜਾ ਕੇ ਜ਼ਮੀਨਾਂ ਖਰੀਦੀਆਂ ਤੇ ਤਰੱਕੀ ਵੀ ਕੀਤੀ ਪਰ ਇਹ ਗਿਣਤੀ ਆਟੇ ’ਚ ਲੂਣ ਬਰਾਬਰ ਹੀ ਸੀ। ਉਪਰੋਕਤ ਕਾਰਨ ਵਿਚੋਂ ਉਤਪੰਨ ਹੋਈਆਂ ਮਜ਼ਬੂਰੀਆਂ ਕਾਰਨ ਹੀ ਕੁਝ ਲੋਕਾਂ ਨੇ ਸਮਗਲਿੰਗ ਦੇ ਧੰਦੇ ਰਾਹੀਂ ਆਪਣਾ ਗੁਜ਼ਾਰਾ ਤੋਰਨਾ ਹੀ ਬਿਹਤਰ ਸਮਝਿਆ ਤੇ ਇਹ ਲੋਕ ਭਾਰਤੀ ਤੇ ਪਾਕਿਸਤਾਨੀ ਵਸਤਾਂ ਨੂੰ ਸਰਹੱਦ ਦੇ ਆਰ-ਪਾਰ ਲੰਘਾਉਂਦੇ ਰਹੇ। ਇਸ ਨਾਲ ਗੁਜ਼ਾਰਾ ਵੀ ਚਲਦਾ ਰਿਹਾ ਤੇ ਉਧਰ ਦੇ ਲੋਕਾਂ ਨਾਲ ਰਾਬਤਾ ਵੀ ਕਾਇਮ ਰਿਹਾ।

1966 ਤੋਂ ਬਾਅਦ ਮਝੈਲਾਂ ਦੀ ਨਵੀਂ ਪੀੜ੍ਹੀ ਆਈ, ਜਿਸ ਨੇ ਆਪਣੇ ਆਪ ਨੂੰ ਸਿਆਸੀ ਤੌਰ ’ਤੇ ਸ਼ਕਤੀਹੀਣ, ਆਰਥਿਕ ਤੌਰ ’ਤੇ ਕਮਜ਼ੋਰ ਤੇ ਭਾਈਚਾਰਕ ਤੌਰ ’ਤੇ ਕਰੰਡੀ ਗਈ ਮਹਿਸੂਸ ਕੀਤਾ। ਇਹੀ ਪੀੜ੍ਹੀ ਸੀ ਜਿਸ ਨੂੰ ਮਾਲਵੇ ਦੇ ਲੀਡਰਾਂ ਨੇ ਮੋਰਚਿਆਂ ਵਿਚ ਇਸਤੇਮਾਲ ਕਰਨ ਦੀ ਕੋਸ਼ਿਸ਼ ਕੀਤੀ। ਸ. ਪ੍ਰਕਾਸ਼ ਸਿੰਘ ਬਾਦਲ ਨੇ ਐਸ ਵਾਈ ਐਲ ਨਹਿਰ ਵਿਰੁਧ ਆਵਾਜ਼ ਬੁਲੰਦ ਕੀਤੀ, ਜਥੇਦਾਰ ਤਲਵੰਡੀ ਨੇ ਸਮਾਨਅੰਤਰ ਸਰਕਾਰ ਬਣਾਉਣ ਦਾ ਨਾਅਰਾ ਲਾਇਆ, ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਮੁਕਤੀ ਵਾਹਿਨੀ ਸੈਨਾ ਬਣਾ ਕੇ ਫੌਜਾਂ ਨਾਲ ਲੜਨ ਦਾ ਦਮਗਜ਼ਾ ਮਾਰਿਆ। ਸ਼ਾਇਦ ਇਹ ਸਾਰੇ ਨਾਅਰੇ ਲੋਕਾਂ ਨੂੰ ਅਪੀਲ ਕੀਤੇ। ਉਨ੍ਹਾਂ ਅਕਾਲੀ ਲੀਡਰਾਂ ਨੂੰ ਪੂਰਾ ਸਹਿਯੋਗ ਦਿੱਤਾ। ਜੇਲ੍ਹਾਂ ਵਿਚ ਗਏ, ਕੁਰਬਾਨੀਆਂ ਕੀਤੀਆਂ।

ਪਿਛਲੇ 15 ਵਰ੍ਹਿਆਂ ਵਿਚ ਪੰਜ ਲੀਡਰ ਮੁੱਖ ਤੌਰ ’ਤੇ ਸਿੱਖਾਂ ਦੇ ਸਿਆਸੀ ਮੰਚ ’ਤੇ ਉਭਰੇ। ਇਨ੍ਹਾਂ ਵਿਚੋਂ ਦੋ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਅੱਜ ਸਾਡੇ ਵਿਚ ਮੌਜੂਦ ਨਹੀਂ। ਪਰ ਇਹ ਦੋਵੇਂ ਵਿਅਕਤੀ ਅਹਿਮ ਹੋ ਕੇ ਉਭਰੇ ਤੇ ਇਨ੍ਹਾਂ ਬਾਰੇ ਫੈਸਲਾ ਤਵਾਰੀਖ ਹੀ ਕਰੇਗੀ। ਪ੍ਰੰਤੂ ਤਿੰਨ ਲੀਡਰ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਸਾਡੇ ਵਿਚ ਮੌਜੂਦ ਹਨ। ਪਿਛਲੇ 15 ਵਰ੍ਹਿਆਂ ਤੋਂ (ਸਧਾਰਨ ਅਰਸਾ ਛੱਡ ਕੇ) ਜਥੇਦਾਰ ਗੁਰਚਰਨ ਸਿੰਘ ਟੌਹੜਾ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚਲੇ ਆ ਰਹੇ ਹਨ। ਸ. ਪ੍ਰਕਾਸ਼ ਸਿੰਘ ਬਾਦਲ ਦੋ ਵਾਰ ਮੁਖ ਮੰਤਰੀ ਬਣੇ ਤੇ ਇਵੇਂ ਹੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਕਾਲੀ ਦਲ ਦੇ ਪ੍ਰਧਾਨ ਰਹੇ। ਇਹ ਤਿੰਨ ਲੀਡਰ ਹੀ ਹੁਣ ਇਨੇ ਵਰ੍ਹਿਆਂ ਵਿਚ ਹੋਏ ਕੌਮ ਦੇ ਨਫੇ ਨੁਕਸਾਨ ਲਈ ਜਵਾਬਦੇਹ ਹਨ ? ਪਿਛਲੇ ਸਾਲਾਂ ਵਿਚ ਪੰਜ ਹਜ਼ਾਰ ਤੋਂ ਵੱਧ ਸਿੱਖ ਦੰਗੇ ਫਸਾਦਾਂ, ਮੁਕਾਬਲਿਆਂ ਤੇ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ ਹਨ। ਬਹੁਤ ਸਾਰੇ ਸਿੱਖ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਨਜ਼ਰਬੰਦ ਹਨ। ਸ਼ਕਤੀ ਲੀਰੋ ਲੀਰ ਹੋ ਗਈ ਤੇ ਸਿੱਖ ਭਾਈਚਾਰੇ ਵਿਚ ਤਣਾਅ ਤੇ ਟਕਰਾਅ ਪੈਦਾ ਹੋ ਗਿਆ ਹੈ। ਕੇਂਦਰ ਸਰਕਾਰ ਤੇ ਹੱਕੀ ਮੰਗਾਂ ਦੇ ਦਬਾਓ ਲਈ ਜਿਹੜਾ ਮੋਰਚਾ ਲਾਇਆ ਸੀ, ਉਹ ਭਰਾ ਮਾਰੂ ਜੰਗ ਦਾ ਰੂਪ ਅਖਤਿਆਰ ਕਰ ਗਿਆ ਹੈ, ਇਸ ਸਭ ਕਾਸੇ ਦਾ ਫੈਸਲਾ ਵੀ ਤਰੀਖੇ-ਪੰਜਾਬ ਨੇ ਹੀ ਕਰਨਾ ਹੈ।

ਆਪਸੀ ਖਾਨਾਜੰਗੀ ਦੀ ਸਿੱਖਾਂ ਦੀ ਵਰਤਮਾਨ ਅਵਸਥਾ ਉਹੀ ਹੈ, ਜਿਹੜੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਲੜਕੇ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਤੇ ਪੋਤਰੇ ਨੌ ਨਿਹਾਲ ਸਿੰਘ ਨੂੰ, ਜਦੋਂ ਉਹ ਬਾਪ ਦੀ ਚਿਤਾ ਨੂੰ ਅੱਗ ਦਿਖਾ ਕੇ ਵਾਪਸ ਪਰਤ ਰਿਹਾ ਸੀ ਡਿਊਢੀ ਦਾ ਛੱਤਾ ਸੁੱਟ ਕੇ ਥਾਏਂ ਢੇਰੀ ਕਰ ਦਿੱਤਾ। ਥੋੜ੍ਹੇ ਸਮੇਂ ਲਈ ਮਹਾਰਾਜਾ ਰਣਜੀਤ ਸਿੰਘ ਦਾ ਦੂਸਰਾ ਪੁੱਤਰ ਸ਼ੇਰ ਸਿੰਘ ਲਾਹੌਰ ਦਾ ਹੁਕਮਰਾਨ ਬਣ ਗਿਆ, ਜਿਸ ਨੂੰ ਬਾਅਦ ਵਿਚ ਸੰਧਾਵਾਲੀਏ ਸਰਦਾਰਾਂ ਨੇ ਗੋਲੀਆਂ ਮਾਰ ਕੇ ਸਦਾ ਦੀ ਨੀਂਦ ਸੁਲਾ ਦਿੱਤਾ। ਉਦੋਂ ਖਾਨਾਜੰਗੀ ਇਸ ਹੱਦ ਤੱਕ ਵਧ ਗਈ ਕਿ ਮਹਾਰਾਜੇ ਦੇ ਬਾਕੀ ਪੁੱਤਰ ਕਸ਼ਮੀਰਾ ਸਿੰਘ, ਪਿਸ਼ੌਰਾ ਤੇ ਲਹੌਰਾ ਸਿੰਘ ਨੂੰ ਵੀ ਗੋਲੀਆਂ ਨਾਲ ਉਡਾ ਦਿੱਤਾ ਗਿਆ। ਦੂਰ ਕੀ ਜਾਣਾ ਹੈ ਉਸ ਸਮੇਂ ਦੇ ਧਾਰਮਿਕ ਆਗੂ ਬਾਬਾ ਵੀਰ ਸਿੰਘ ਨੂੰ ਵੀ ਨਾ ਬਖਸ਼ਿਆ ਗਿਆ। ਉਸ ਤੋਂ ਬਾਅਦ ਜੋ ਸਿਖ ਰਾਜ ਦਾ ਹਸ਼ਰ ਹੋਇਆ, ਇਤਿਹਾਸ ਉਸ ਦਾ ਗਵਾਹ ਹੈ।

ਬੜੇ ਲੰਬੇ ਸੰਘਰਸ਼ ਤੋਂ ਬਾਅਦ ਅੰਗਰੇਜ਼ ਦੀ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਕੇ ਮੁਲਕ ਆਜ਼ਾਦ ਹੋਇਆ। ਕਈ ਵਿਰੋਧਾਂ ਤੋਂ ਬਾਅਦ ਪੰਜਾਬੀ ਸੂਬਾ ਹੋਂਦ ਵਿਚ ਆਇਆ ਤੇ ਸਿਖ ਸ਼ਕਤੀ ਬਣੀ। ਪਰ ਬਲੈਕ ਥੰਡਰ ਕਾਰਵਾਈ ਤੋਂ ਬਾਅਦ ਦਰਬਾਰ ਸਾਹਿਬ ਸਮੂਹ ਮਲਬੇ ਵਿਚੋਂ ਮਨੁੱਖੀ ਪਿੰਜਰਾਂ ਦੇ ਮਿਲਣ ਦੀ ਦੁਖਦਾਈ ਘਟਨਾ ਨੇ ਸਿਖ ਕੌਮ ਨੂੰ ਸ਼ਰਮਸਾਰ ਕੀਤਾ। ਇਸ ਸਮੇਂ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਕਿਸ ਕੋਲ ਸੀ ? ਅਕਾਲੀ ਦਲ ਦਾ ਪ੍ਰਧਾਨ ਕੌਣ ਸੀ ਅਤੇ ਅਕਾਲ ਤਖਤ ਦਾ ਜਥੇਦਾਰ ਕੌਣ ਸੀ ? ਇਸ ਸਭ ਜਵਾਬਦੇਹ ਹਨ — ਸਿਖ ਕੌਮ ਦੇ ਰੂ-ਬ-ਰੂ।

ਹਾਸ ਵਿਅੰਗ

# ਸ਼ਰਾਬੀ ਵਿਚਾਰੇ ਕੀ ਕਰਨ ?

ਤ੍ਰਿਲੋਕ ਕਾਲੜਾ

ਇਸ ਤੋਂ ਪਹਿਲਾਂ ਕਿ ਆਪਾਂ ਸ਼ਰਾਬੀਆਂ ਲਈ ਵਧੇਰੇ ਸਹੂਲਤਾਂ ਦੀ ਮੰਗ ਕਰੀਏ ਪਹਿਲਾਂ ਸ਼ਰਾਬੀਆਂ ਦੀਆਂ ਮੋਟੀਆਂ ਮੋਟੀਆਂ ਕਿਸਮਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਲਈਏ। ਮੈਂ ਅਸਲ ਸ਼ਰਾਬੀ ਉਨ੍ਹਾਂ ਨੂੰ ਮੰਨਦਾ ਹਾਂ ਜੋ ਰੋਜ਼ ਪੀ ਕੇ ਆਉਣ ਤੇ ਹਰ ਰੋਜ਼ ਸਵੇਰੇ ਨਾ ਪੀਣ ਦੀ ਕਸਮ ਖਾਣ। ਜਿਵੇਂ ਸਾਡੇ ਨੇਤਾ ਰੋਜ਼ ਝੂਠ ਬੋਲਦੇ ਹਨ। ਉਹ ਪੰਜ ਸਾਲ ਦੇ 1856 ਦਿਨ ਲਾਰੇ ਲਾਉਂਦੇ ਰਹਿੰਦੇ ਹਨ। ਆਖਰ ਇਲੈਕਸ਼ਨ ਆ ਜਾਂਦੀ ਹੈ ਤੇ ਉਨ੍ਹਾਂ ਨੂੰ ‘ਸੱਚ’ ਬੋਲਣ ਦਾ ਦੌਰਾ ਪੈਣ ਲਗਦਾ ਹੈ ? ਰਾਜਨੀਤਕ ਵੀ ਸ਼ਰਾਬ ਪੀਂਦੇ ਹਨ ਪਰ ਚੋਰੀ ਚੋਰੀ। ਸ਼ਰਾਬ ਚੋਰੀ ਪੀਣ ਵਾਲਿਆਂ ਨੂੰ ਮੈਂ ਨਰਕ ਦੇ ਭਾਗੀ ਸਮਝਦੇ ਹਾਂ। ਰੱਬ ਅੱਗੇ ਮੈਂ ਸਿਫਾਰਸ਼ ਕਰਾਂਗਾ ਕਿ ਉਨ੍ਹਾਂ ਨੂੰ ਨਰਕ ਨਾ ਭੇਜ ਕੇ ਸਗੋਂ ਨਰਕ ਦੇ ਬੂਹੇ ਅੱਗੇ ਬਿਠਾ ਦਿੱਤਾ ਜਾਵੇ।

ਇਕ ਸ਼ਰਾਬੀ ਉਹ ਹਨ ਜੋ ਕੋਲੋਂ ਪੈਸੇ ਖਰਚ ਕੇ ਸ਼ਰਾਬ ਪੀਂਦੇ ਹਨ। ਧੰਨ ਹਨ ਇਹ ਸ਼ਰਾਬੀ। ਬੱਚੇ ਬੇਸ਼ੱਕ ਭੁੱਖੇ ਮਰ ਜਾਣ, ਉਧਾਰ ਦਿੱਤਾ ਲੈਣ ਵਾਲੇ ਬੇਸ਼ੱਕ ਧੱਕੇ ਖਾਣ, ਇਨ੍ਹਾਂ ’ਤੇ ਕੋਈ ਅਸਰ ਨਹੀਂ ਹੁੰਦਾ। ਇਕ ਹੋਰ ਸ਼ਰਾਬੀ ਹਨ ਜੋ ਮੁਫਤ ਦੀ ਪੀਂਦੇ ਹਨ। ਇਨ੍ਹਾਂ ਨੂੰ ਹਰ ਸਰਕਾਰੀ ਦਫਤਰ ਵਿਚ ਵੇਖਿਆ ਜਾ ਸਕਦਾ ਹੈ। ਕੋਈ ਅੜ੍ਹਿਆ ਕੰਮ ਇਨ੍ਹਾਂ ਅੱਗੇ ਝਟ ਝੜ ਜਾਂਦਾ ਹੈ। ਸ਼ਰਾਬ ਦੀ ਬੋਤਲ ਦਾ ਲਾਲਚ ਇਨ੍ਹਾਂ ਨੂੰ ਕੁਰਸੀ ’ਤੇ ਟਿਕਣ ਨਹੀਂ ਦਿੰਦਾ। ਕਈ ਵਾਰ ਇਹ ਤੁਹਾਡੇ ਨਾਲ ਬੈਠ ਕੇ ਨਹੀਂ ਪੀਂਦੇ ਇਸ ਲਈ ਨਕਦ ਨਰਾਇਣ ਨਾਲ ਕੰਮ ਸਰ ਜਾਂਦਾ ਹੈ। ਪੁਲੀਸ ਵਾਲੇ ਇਸ ਕਿਸਮ ਵਿਚ ਨਹੀਂ ਆਉਂਦੇ।

ਸਾਡਾ ਇਕ ਸ਼ਰਾਬੀ ਮਿੱਤਰ ਬਹੁਤ ਅਮੀਰ ਹੈ। ਇਕ ਦਿਨ ਉਸ ਨੇ ਪੰਜਾਹ ਦਾ ਨੋਟ ਦਿੰਦਿਆਂ ਕਿਹਾ,

“ਲੈ ਆਓ ਇਕ ਬੋਤਲ ?”

“ਇਕ ਰੁਪਿਆ ਭੁਜੀਏ ਲਈ ਵੀ।”

ਇਕ ਮਿੱਤਰ ਕਹਿਣ ਲੱਗੇ

“ਸਾਲੇ ਸ਼ਰਾਬੀ ਨਾ ਹੋਣ ’ਤੇ, 49 ਹੋਰ ਪਾ ਕੇ ਇਕ ਬੋਤਲ ਹੋਰ ਨਾ ਲੈ ਆਵਾਂਗੇ।

ਕਈ ਪੀਂਦੇ ਰੋਜ਼ ਹਨ, ਪਰ ਕੋਈ ਨਾ ਕੋਈ ਬਹਾਨਾ ਲਾ ਕੇ। ਅੱਜ ਧੁੱਪ ਬਹੁਤ ਹੈ। ਅੱਜ ਮੀਂਹ ਪੈ ਰਿਹਾ ਹੈ। ਅੱਜ ਘਰ ਵਾਲੀ ਲੜ ਪਈ ਸੀ। ਅੱਜ ਪੇਟ ਦਰਦ ਹੈ। ਅੱਜ ਕੋਈ ਮਰ ਗਿਆ ਹੈ। ਅੱਜ ਕੋਈ ਖੁਸ਼ੀ ਕਰਨੀ ਹੈ। ਸਾਡੇ ਇਕ ਮਿੱਤਰ ਹਨ। ਉਹ ਰੋਜ਼ ਸ਼ਰਾਬ ਪੀਂਦੇ ਹਨ। ਇਕ ਦਿਨ ਕੋਈ ਬਹਾਨਾ ਨਾ ਮਿਲੇ। ਮੈਨੂੰ ਕਹਿਣ ਲੱਗੇ,

“ਅੱਜ ਵਾਰ ਕੀ ਹੈ ?”

ਮੈਂ ਕਿਹਾ, “ਬੁੱਧਵਾਰ”।

ਕਹਿਣ ਲੱਗੇ, “ਨਹੀਂ ਵੀਰਵਾਰ ਹੈ।”

ਸ਼ਰਤ ਲੱਗ ਗਈ। ਵਿਚਾਰੇ ਜਾਣ ਕੇ ਹਾਰ ਗਏ। ਬਾਅਦ ’ਚ ਕਹਿਣ ਲੱਗੇ, “ਪਤਾ ਤਾਂ ਮੈਨੂੰ ਵੀ ਸੀ ਕਿ ਅੱਜ ਬੁੱਧਵਾਰ ਹੈ, ਪਰ ਜੇ ਸ਼ਰਤ ਨਾ ਲਾਉਂਦੇ ਤਾਂ ਪੀਂਦੇ ਕਿਸ ਤਰ੍ਹਾਂ ?”

ਮੈਂ ਉਨ੍ਹਾਂ ਲੋਕਾਂ ਨੂੰ ਨਫਰਤ ਕਰਦਾ ਹਾਂ ਜੋ ਸ਼ਰਾਬ ਨਾ ਪੀ ਕੇ ਕੁਝ ਹੋਰ ਪੀਂਦੇ ਹਨ ਤੇ ਸ਼ਰਾਬ ਪੀਣ ਦਾ ਵਿਰੋਧ ਕਰਦੇ ਹਨ। ਸ਼ਰਾਬ ਪੀਣ ਵਾਲਾ ਵਿਚਾਰਾ ਇਕ ਤਾਂ ਆਪ ਸਰੀਰਕ, ਮਾਨਿਸਕ ਤੇ ਆਰਥਿਕ ਕਸ਼ਟ ਭੋਗਦਾ ਹੈ ਤੇ ਦੂਜਾ ਉਸ ਨੂੰ ਨਫਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਇਹ ਸ਼ਰਾਬੀਆਂ ਦੇ ਭਾਈਚਾਰੇ ਨਾਲ ਸਰਾਸਰ ਜ਼ਿਆਦਤੀ ਹੈ। ਅਸੀਂ ਸਰਕਾਰ ਤੇ ਪੁਲੀਸ ਦੀਆਂ ਵਧੀਕੀਆਂ ਵਿਰੁਧ ਤਾਂ ਕਦੇ ਕਦੇ ਬੋਲਦੇ ਹਾਂ ਪਰ ਸ਼ਰਾਬੀਆਂ ਦੇ ਹੱਕਾਂ ਲਈ ਕਦੀ ਆਹ ਦਾ ਨਾਅਰਾ ਨਹੀਂ ਮਾਰਿਆ।

ਸ਼ਰਾਬੀਆਂ ਨੂੰ ਵੱਡਾ ਖਤਰਾ ਸਰਕਾਰ ਤੋਂ ਨਹੀਂ ਸਗੋਂ ਬੀਵੀਆਂ ਤੋਂ ਹੈ। ਸਰਕਾਰ ਤਾਂ ਕਦੇ ਕਦਾਈਂ ਐਮਰਜੈਂਸੀ ਲਾਉਂਦੀ ਹੈ ਪਰ ਬੀਵੀ ਦਾ ਵੇਲਣਾ ਹਰ ਸਮੇਂ ਸ਼ਰਾਬੀਆਂ ਦੇ ਸਿਰ ’ਤੇ ਮੰਡਰਾਉਂਦਾ ਰਹਿੰਦਾ ਹੈ। ਜਦੋਂ ਵੀ ਕੋਈ ਸ਼ਰਾਬੀ ਘਰ ਦੇਰ ਨਾਲ ਪਹੁੰਚਦਾ ਹੈ ਤਾਂ ਸਵਾਗਤ ਕੁਝ ਇਸ ਤਰ੍ਹਾਂ ਹੁੰਦਾ ਹੈ,

“ਆ ਗਏ ਅੱਜ ਫਿਰ ਡੱਫ ਕੇ। ਤੁਸੀਂ ਨਹੀਂ ਮੁੜਨਾ ਇਸ ਕੁੱਤੇ ਕੰਮ ਤੋਂ। ਮੈਂ ਹੀ ਚਲੀ ਜਾਂਦੀ ਆਂ ਸਵੇਰੇ ਪੇਕੇ।”

ਕਈ ਤਾਂ ਮੇਰੇ ਅਰਗੇ ਇਨ੍ਹਾਂ ਸਲੋਕਾਂ ਦੇ ਆਦੀ ਹੋ ਚੁੱਕੇ ਹੁੰਦੇ ਹਨ। ਕਈਆਂ ਨੂੰ ਸਰਕਾਰ ਵਾਂਗ ਹੋਸ਼ ਹੀ ਨਹੀਂ ਕਿ ਹੋ ਕੀ ਰਿਹਾ ਹੈ। ਮੈਂ ਕਹਿੰਦਾ ਹਾਂ ਵਿਅਕਤੀਗਤ ਆਜ਼ਾਦੀ ਦਾ ਜ਼ਮਾਨਾ ਹੈ। ਬੀਵੀ ਨੂੰ ਆਪਣਾ ਕੰਮ ਕਰਨ ਦਿਉ, ਤੁਸੀਂ ਆਪਣਾ ਕਰੀ ਜਾਓ। ਕੀ ਕਿਹਾ ਜੇ ਇਸ ਤਰ੍ਹਾਂ ਘਰ ਦੀ ਬਰਬਾਦੀ ਹੋ ਜਾਏਗੀ। ਇਸ ਦੀ ਚਿੰਤਾ ਤੁਸੀਂ ਕਿਉਂ ਕਰਦੇ ਹੋ। ਆਪੇ ਤੁਹਾਡਾ ਜਵਾਨ ਹੋ ਰਿਹਾ ਪੁੱਤਰ ਕਰੇਗਾ।

ਹਾਂ ਪੁੱਤਰ ਤੋਂ ਇਕ ਗੱਲ ਚੇਤੇ ਆਈ। ਇਕ ਦਿਨ ਮੇਰਾ ਜਵਾਨ ਅਫਸਰ ਪੁੱਤਰ ਕਹਿਣ ਲੱਗਾ,

“ਮੈਨੂੰ ਸ਼ਰਮ ਆਉਂਦੀ ਹੈ, ਤੁਹਾਨੂੰ ਆਪਣਾ ਡੈਡੀ ਕਹਿਣ ਲਗਿਆਂ ?”

“ਫਿਰ ਪਿਤਾ ਜੀ ਕਹਿ ਦਿਆ ਕਰ।”

“ਗੱਲ ਹਾਸੇ ਵਿਚ ਨਾ ਪਾਓ, ਤੁਸੀਂ ਸ਼ਰਾਬ ਪੀਣੀ ਛੱਡ ਦਿਉ।”

“ਅੱਛਾ !” ਮੈਂ ਹੱਸ ਪਿਆ।

“ਤੁਹਾਡਾ ਇਕ ਦੋਸਤ ਮਿਲਿਆ ਸੀ, ਕਹਿਣ ਲੱਗਾ ਕਿ ਮੈਂ ਕਾਲੜੇ ਦਾ ਦੋਸਤ ਹਾਂ।”

→

ਵਪਾਰ ਵਿਚ ਵਾਧੇ ਲਈ

ਯਾਦ ਰੱਖੋ

ਕਨੇਡਾ ਦਰਪਣ

# The Manitoba Mirror

# ਮੈਨੀਟੋਬਾ ਦਰਪਣ

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

**ਰਾਜ ਸਿੰਘ ਮਾਨ**

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ



NORTH AMERICAN LIFE

**R R S P**

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4

**Raj Singh Maan** Sales Manager

**Res. 694-0731**

Commissioner for oaths

## V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ:

**V.I.P. SUPERMARKET**
739, Elice Ave. WINNIPEG, MAN.

## Moti Flour Industries

620 - Sophia St., SELKIRK — MAN.

**Ph. 204-482-4111**
**Or. 204-785-1054**

**100% ਡੁਰਮ ਕਣਕ ਦਾ ਆਟਾ**

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ

## Bombay Fashions & Fabrics

720 — SARGENT AVE. WINNIPEG, MAN. R3E 0B2 **PH. 783-0904**

ਵਿਨੀਪੇਗ ਸ਼ਹਿਰ ਵਿਚ ਨਵੇਂ ਨਵੇਂ ਲੇਟੇਸਟ ਡੀਜ਼ਾਇਨਾਂ ਅਤੇ ਭਾਰੀ ਵਰਾਇਟੀ ਦਾ
ਸਭ ਤੋਂ ਵੱਡਾ ਇਕੋ ਇਕ ਸਟੋਰ ਜਿਥੇ ਹਰ ਸਮੇਂ ਮਿਲਦੇ ਹਨ

- ਪੰਜਾਬੀ ਇਕ ਪੀਸ, ਦੋ ਪੀਸ ਤੇ ਤਿੰਨ ਪੀਸ ਸੂਟ
- ਹਰ ਤਰ੍ਹਾਂ ਦੀਆਂ ਇੰਡੀਆਂ ਦੀ ਸਿਲਕ ਦੀਆਂ ਅਤੇ ਜਾਪਾਨੀ ਸਾੜ੍ਹੀਆਂ
- ਵਿਆਹ ਸ਼ਾਦੀ ਦਾ ਸਾਰਾ ਸਮਾਨ ਲਹਿੰਗੇ, ਸੂਟ ਅਤੇ ਸਾੜ੍ਹੀਆਂ ਵੀ
- ਹਿੰਦੁਸਤਾਨੀ ਹਾਰ ਸ਼ਿੰਗਾਰ ਦਾ ਸਾਰਾ ਸਮਾਨ
- ਬੱਚਿਆਂ ਲਈ ਫੈਨਸੀ ਲਹਿੰਗੇ ਸੂਟ
- ਆਦਮੀਆਂ ਅਤੇ ਮੁੰਡਿਆਂ ਲਈ ਰੈਡੀਮੇਡ ਕੁੜਤੇ ਪਜਾਮੇ
- ਲੇਡੀਜ ਦੇ ਰੈਡੀਮੇਡ ਸੂਟ
- ਸ਼ਾਲ ਅਤੇ ਬਹੁਤ ਵਰਾਇਟੀ ਵਿਚ ਗੋਟਾ-ਕਿਨਾਰੀ

ਕੁਆਲਿਟੀ ਵਧੀਆ ਅਤੇ ਕੀਮਤਾਂ
ਬਿਲਕੁਲ ਵਾਜਬ
ਆਉ ਤੇ ਅਜ਼ਮਾ ਕੇ ਦੇਖੋ !!

**ਬੰਬੇ ਫੈਸ਼ਨਜ਼ ਅਤੇ ਫੈਬਰਿਕਸ**



# 400 ਫਿਲਮਾਂ ਦੀ ਨ੍ਰਿਤਕੀ ਮਧੂਮਤੀ ਨਾਲ ਗੱਲਬਾਤ

**ਸ਼ਮਸ਼ੇਰ ਸਿੰਘ ਸੰਧੂ**



ਮਧੂਮਤੀ ਕਿਸੇ ਸਮੇਂ ਖੁਦ ਨ੍ਰਿਤ ਕਰਦੀ ਹੁੰਦੀ ਸੀ ਤੇ ਅੱਜ ਕੱਲ੍ਹ ਉਹ ਨ੍ਰਿਤ ਸਿਖਾਉਣ ਦਾ ਕੰਮ ਕਰਦੀ ਹੈ। ਜਿਵੇਂ ਬੰਬਈ ਵਿਚ ਰੋਸ਼ਨ ਤਨੇਜਾ ਤੇ ਆਸ਼ਾ ਚੰਦਰਾ ਦੇ ਸਕੂਲ ਨਵੇਂ ਕਲਾਕਾਰਾਂ ਨੂੰ ਐਕਟਿੰਗ ਸਿਖਾਉਣ ਲਈ ਬਹੁਤ ਮਹੱਤਵਪੂਰਨ ਸਮਝੇ ਜਾਂਦੇ ਹਨ ਤਿਵੇਂ ਡਾਂਸ ਦੇ ਮਾਮਲੇ 'ਚ ਮਧੂਮਤੀ ਦੀ ਅਕਾਡਮੀ ਨੇ ਵਾਹਵਾ ਭੱਲ ਬਣਾਈ ਹੋਈ ਹੈ।

ਅਭਿਨੇਤਰੀ ਮੰਦਾਕਨੀ ਨੇ ਫਿਲਮ ਲਾਈਨ 'ਚ ਪੈਰ ਪਾਉਣ ਤੋਂ ਪਹਿਲਾਂ ਮਧੂਮਤੀ ਕੋਲੋਂ ਡਾਂਸ ਸਿੱਖਿਆ। ਇਹਨੀਂ ਦਿਨੀਂ ਸੋਨਮ ਨਾਂ ਦੀ ਜਿਸ ਨਵੀਂ ਕੁੜੀ ਦੀ ਚਾਰੇ ਪਾਸੇ ਚਰਚਾ ਹੈ, ਉਹ ਵੀ ਮਧੂਮਤੀ ਦੀਆਂ ਚੇਲੀਆਂ ਵਿਚੋਂ ਹੈ। ਸਾਬਕਾ ਅਭਿਨੇਤਾ ਦੇਵ ਕੁਮਾਰ ਦੀ ਧੀ ਮਨੀਸ਼ਾ ਕੋਹਲੀ ਨੂੰ ਜਦੋਂ ਬੀ. ਆਰ. ਚੋਪੜਾ ਨੇ 'ਅਵਾਮ' ਫਿਲਮ ਲਈ ਚੁਣਿਆ ਤਾਂ ਮਧੂਮਤੀ ਦੀ ਅਕਾਡਮੀ 'ਚ ਉਸ ਦਾ ਡਾਂਸ ਦੇਖ ਕੇ ਹੀ ਚੁਣਿਆ ਸੀ। ਰੁਝੇਵੇਂ ਭਰਪੂਰ ਐਕਟਰ ਗੋਵਿੰਦਾ ਨੂੰ ਤੇ ਸੁਮੀਤ ਸਹਿਗਲ ਨੂੰ ਮਧੂਮਤੀ ਨੇ ਡਾਂਸ ਦੇ ਕੁਝ ਖਾਸ 'ਸਟੈਪ' ਸਿਖਾਏ। ਗੱਲ ਕੀ, ਆਰਤੀ ਗੁਪਤਾ ਤੋਂ ਲੈ ਕੇ ਪੂਜਾ ਸਕਸੈਨਾ ਤੇ ਰਾਹੁਲ ਤਕ ਸੈਂਕੜੇ ਕੁੜੀਆਂ-ਮੁੰਡੇ ਉਸ ਕੋਲੋਂ ਸਮੇਂ ਸਮੇਂ ਸਿਰ ਡਾਂਸ ਸਿੱਖ ਕੇ ਜਾਂਦੇ ਰਹੇ।

ਜਦੋਂ ਵੀ ਬੰਬਈ ਦਾ ਗੇੜਾ ਲੱਗੇ ਤੇ ਜਿਨ੍ਹਾਂ ਫਿਲਮੀ ਲੋਕਾਂ ਦੇ ਘਰਾਂ 'ਚ ਸਾਨੂੰ 'ਆਪਣਾਪਣ' ਜਿਹਾ ਮਹਿਸੂਸ ਹੁੰਦਾ ਹੈ, ਮਧੂਮਤੀ ਦਾ ਘਰ ਵੀ ਅਜਿਹੇ ਘਰਾਂ ਵਿਚੋਂ ਇਕ ਹੈ। ਉਹ ਇਸ ਕਰਕੇ ਕਿ ਉਸ ਦਾ ਪਤੀ ਮਨੋਹਰ ਦੀਪਕ ਮਹਾਂਨਗਰ 'ਚ ਰਹਿੰਦਿਆਂ ਵੀ ਸੁਭਾਅ ਪੱਖੋਂ ਅਜੇ ਤੱਕ ਸੁਨਾਮ ਵਾਲਾ ਮਨੋਹਰ ਦੀਪਕ ਹੀ ਹੈ। ਭਾਵੇਂ ਅਨਿਲ ਦੀਪਕ ਦਾ ਮਾਮਾ ਹੋਣ ਕਰਕੇ ਅਸੀਂ ਵੀ ਸਾਰੇ ਉਹਨੂੰ ਮਾਮਾ ਹੀ ਕਹਿੰਦੇ ਹਾਂ ਪਰ ਉਹ ਉਮਰ ਦੀਆਂ ਵਿੱਥਾਂ ਮੇਟ ਕੇ ਮਿਲਦਾ ਹੈ। ਲੋਕ ਤਾਂ ਕਹਿੰਦੇ ਹੀ ਕਹਿੰਦੇ ਨੇ ਪਰ ਮਨੋਹਰ ਦੀਪਕ ਖੁਦ ਵੀ ਮੰਨਦਾ ਹੈ, "ਜੇਕਰ ਮਧੂਮਤੀ ਵਰਗੀ ਸੁਚੱਜੀ ਤੇ ਸੁਘੜ ਔਰਤ ਜੀਵਨ-ਸਾਥਣ ਵਜੋਂ ਨਾ ਮਿਲੀ ਹੁੰਦੀ ਤਾਂ ਮੈਂ ਕਦੋਂ ਦਾ ਖਿੰਡ ਗਿਆ ਹੋਣਾ ਸੀ।" ਇਥੇ ਪੇਸ਼ ਹੈ ਮਧੂਮਤੀ ਨਾਲ ਹੋਈ ਗੱਲਬਾਤ :

? ਮਧੂਮਤੀ ਜੀ, ਤੁਸੀਂ ਕਿਹੜੀਆਂ ਕਿਹੜੀਆਂ ਫਿਲਮਾਂ ਵਿਚਲੇ ਆਪਣੇ ਨ੍ਰਿਤਾਂ ਨੂੰ ਯਾਦਗਾਰੀ ਮੰਨਦੇ ਹੋ ?

— ਸਾਰੇ ਨਾਂਅ ਤਾਂ ਮੈਨੂੰ ਯਾਦ ਨਹੀਂ ਰਹੇ। ਫਿਰ ਵੀ ਮੈਂ ਆਖਾਂਗੀ ਕਿ 'ਤੁਲਾਸ਼', 'ਲੀਡਰ', 'ਆਂਖੇਂ', 'ਫੂਲ ਔਰ ਪੱਥਰ', 'ਹਮਰਾਜ਼', 'ਮੁਝੇ ਜੀਨੇ ਦੋ', 'ਰਸ', 'ਮਹਿਬੂਬ ਕੀ ਮਹਿੰਦੀ', 'ਮੇਰੇ ਹਜ਼ੂਰ', 'ਪਗਲਾ ਕਹੀਂ ਕਾ', ਤੇ 'ਅੰਨਦਾਤਾ' ਫਿਲਮਾਂ ਵਿਚਲੇ ਮੇਰੇ ਡਾਂਸ ਯਾਦਗਾਰੀ ਬਣ ਗਏ। ਇਨ੍ਹਾਂ ਫਿਲਮਾਂ ਦੇ ਚਲਣ ਦੇ ਹੋਰ ਕਾਰਨਾਂ ਦੇ ਨਾਲ ਨਾਲ ਮੇਰਾ ਡਾਂਸ ਵੀ ਇਕ ਕਾਰਨ ਬਣਿਆ ਮੈਂ 400 ਦੇ ਕਰੀਬ ਫਿਲਮਾਂ 'ਚ ਡਾਂਸ ਕੀਤਾ।

? ਫਿਲਮਾਂ ਤੋਂ ਸੰਨਿਆਸ ਲੈਣ ਦੀ ਕੋਈ ਖਾਸ ਵਜ੍ਹਾ ਸੀ ?

— ਹਰ ਆਰਟਿਸਟ ਦੀ ਇਕ ਉਮਰ ਹੁੰਦੀ ਹੈ। ਐਕਟਰਾਂ ਤੇ ਐਕਟਰੈਸਾਂ ਦੇ ਮੁਕਾਬਲੇ ਇਕ ਡਾਂਸਰ ਦੀ ਉਮਰ ਹੋਰ ਵੀ ਘੱਟ ਹੁੰਦੀ ਹੈ। ਡਾਂਸ ਦਾ ਤੁਅੱਲਕ ਇਕ ਤਰ੍ਹਾਂ ਨਾਲ ਜਵਾਨ ਧੜਕਣਾਂ ਨਾਲ ਹੁੰਦਾ ਹੈ। ਮੇਰਾ ਕਹਿਣ ਤੋਂ ਭਾਵ ਕਿ ਕੋਈ ਵੀ ਨ੍ਰਿਤਕੀ ਤਦ ਤਕ ਹੀ ਸਕਰੀਨ ਉਪਰ ਲੋਕਾਂ ਨੂੰ ਚੰਗੀ ਲੱਗੇਗੀ ਜਦ ਤਕ ਉਸ 'ਚ ਆਕਰਸ਼ਣ ਹੈ, ਫਿਗਰ ਹੈ। ਹੈਲਨ ਜੀ ਨੇ ਵੀ ਉਮਰ ਦੇ ਢਲਣ ਨਾਲ ਡਾਂਸ ਤਿਆਗ ਦਿੱਤਾ, ਪਦਮਾ ਖੰਨਾ ਨੇ ਵੀ।

? ਪਰ ਜਦੋਂ ਤੁਸੀਂ 'ਰਿਟਾਇਰਮੈਂਟ' ਦਾ ਐਲਾਨ ਕੀਤਾ ਉਦੋਂ ਅਜੇ ਤੁਹਾਡੇ 'ਚ ਆਕਰਸ਼ਨ ਦੀ ਕਮੀ ਨਹੀਂ ਸੀ ਆਹੀ ?

— ਇਕ ਨਿੱਜੀ ਕਾਰਨ ਹੋਰ ਵੀ ਬਣ ਗਿਆ ਸੀ ਕਿ ਮੈਨੂੰ ਸਾਹ ਦੀ ਤਕਲੀਫ ਹੋ ਗਈ ਸੀ। ਜ਼ਰਾ ਜਿੰਨਾ ਡਾਂਸ ਕਰਕੇ ਮੈਨੂੰ ਦਮ ਚੜ੍ਹਨ ਲੱਗ ਗਿਆ। ਡਾਕਟਰਾਂ ਨੇ ਸਲਾਹ ਦਿੱਤੀ ਕਿ ਤੁਸੀਂ ਡਾਂਸ ਸਮੇਤ ਜ਼ਿਆਦਾ ਥਕਾਵਟ ਪੈਦਾ ਕਰਨ ਵਾਲੇ ਸਾਰੇ ਕੰਮ ਤਿਆਗ ਦਿਓ।

? ਇਸੇ ਲਈ ਫਿਰ ਅਕਾਡਮੀ ਖੋਲ੍ਹੀ ?

— ਅਕਾਡਮੀ ਖੋਲ੍ਹਣ ਨਾਲ ਇਕ ਤਾਂ ਰੁਝੇਵਾਂ ਖੂਬ ਬਣ ਗਿਆ। ਜੋ ਮੈਂ ਆਪ ਨਾ ਕਰ ਸਕੀ, ਉਹ ਕੁਝ ਆਪਣੀਆਂ ਵਿਦਿਆਰਥਣਾਂ 'ਚ ਭਰਨ ਦੀ ਮੈਂ ਕੋਸ਼ਿਸ਼ 'ਚ ਰਹਿੰਦੀ ਹਾਂ।

? ਇਹਦਾ ਮਤਲਬ ਤੁਸੀਂ ਫਿਲਮਾਂ ਵਿਚਲੀ ਆਪਣੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਸੀ ?

— ਇਕ ਆਰਟਿਸਟ ਕਦੇ ਸੈਟਿਸਫਾਈਡ ਹੋ ਹੀ ਨਹੀਂ ਸਕਦਾ। ਆਰਟਿਸਟ ਨੂੰ ਸਦਾ ਤਮੰਨਾ ਰਹੇਗੀ, ਹੋਰ ਕਰਾਂ ਇਸ ਤੋਂ ਅੱਗੇ ਕੁਝ ਹੋਰ ਕਰ ਵਿਖਾਵਾਂ ... ।

? "ਮਧੂਮਤੀ ਮਨੋਹਰ ਦੀਪਕ ਕਲਚਰਲ ਟਰੂਪ" ਵਲੋਂ ਹੁਣ ਤੁਸੀਂ ਸਟੇਜ ਪ੍ਰੋਗਰਾਮ ਦਿੰਦੇ ਹੋ ਜਾਂ ਨਹੀਂ ?

— ਹੁਣ ਇਥੇ ਅਕਾਡਮੀ ਦਾ ਹੀ ਏਨਾ ਰੁਝੇਵਾਂ ਹੋ ਗਿਆ ਹੈ ਕਿ ਕਈ ਵਾਰ ਰਿਸ਼ਤੇਦਾਰੀਆਂ 'ਚ ਦਿਨ-ਸੁਦ 'ਤੇ ਪਹੁੰਚਣਾ ਮੁਸ਼ਕਲ ਹੋ ਜਾਂਦਾ ਹੈ। ਸਟੇਜ ਪ੍ਰੋਗਰਾਮ ਅਸੀਂ ਭਾਰਤ ਦੇ ਕੋਨੇ ਕੋਨੇ ਵਿਚ ਕੀਤੇ ਅਤੇ ਵਿਦੇਸ਼ਾਂ 'ਚ ਵੀ ਖੂਬ ਘੁੰਮੇ ਪਰ ਹੁਣ ਸਟੇਜਾਂ ਉਪਰ ਪ੍ਰੋਗਰਾਮਾਂ ਨਹੀਂ ਦਿੰਦੇ, ਉਂਜ ਗਾਹੇ-ਬਗਾਹੇ ਸਟੇਜ ਪ੍ਰੋਗਰਾਮਾਂ 'ਚ ਸ਼ਾਮਲ ਹੋ ਜਾਈਦਾ।

? ਤੁਸੀਂ ਤਾਂ ਪੰਜਾਬੀ ਨਹੀਂ ਹੋ ਪਰ ਏਨੀ ਵਧੀਆ ਤੇ ਠੇਠ ਪੰਜਾਬੀ ਕਿਵੇਂ ਸਿੱਖ ਲਈ ?

— ਇਹ ਸਭ ਦੀਪਕ ਜੀ ਦੀ ਮਿਹਰਬਾਨੀ ਸਦਕਾ ਹੈ। ਇਨ੍ਹਾਂ ਨੇ ਪੰਜਾਬੀ ਬੋਲੀ ਹੀ ਨਹੀਂ, ਪੰਜਾਬੀ ਰਹਿਣ-ਸਹਿਣ ਤੇ ਖਾਣ ਪਕਾਉਣ ਵੀ ਸਿਖਾ ਦਿੱਤਾ। ਸਾਡੇ ਘਰ 'ਚ ਅਕਸਰ ਪੰਜਾਬੀ ਖਾਣਾ ਬਣਦਾ ਹੈ। ਇਨ੍ਹਾਂ ਨੇ ਮੈਨੂੰ ਭੰਗੜਾ ਪਾਉਣਾ ਵੀ ਸਿਖਾ ਦਿੱਤਾ ਸੀ।

? ਜਵਾਨੀ ਵੇਲੇ ਦੇ ਮਨੋਹਰ ਦੀਪਕ ਬਾਰੇ ਅਸੀਂ ਬੜੇ ਕਿੱਸੇ ਸੁਣਦੇ ਆ ਰਹੇ ਹਾਂ। ਕੀ ਤੁਹਾਡੀ ਲਵ-ਮੈਰਿਜ ਸੀ ?

— ਉਨ੍ਹਾਂ ਸਭ ਕਿੱਸਿਆਂ 'ਤੇ ਅਸੀਂ ਹੁਣ ਵੀ 'ਕੱਠੇ ਬੈਠ ਕੇ ਹੱਸ ਛੱਡਦੇ ਹਾਂ। ਮੇਰੇ ਕੋਲੋਂ ਦੀਪਕ ਜੀ ਨੇ ਕੁਝ ਵੀ ਨਹੀਂ ਛੁਪਾਇਆ। ਸਾਡੀ ਮੈਰਿਜ ਨੂੰ ਲਵ-ਮੈਰਿਜ ਹੀ ਕਿਹਾ ਜਾ ਸਕਦਾ ਹੈ।

? ਤੁਹਾਨੂੰ ਆਪਣੇ ਵਿਦਿਆਰਥੀਆਂ ਜਾਂ ਵਿਦਿਆਰਥਣਾਂ ਵਿਚੋਂ ਸਭ ਤੋਂ ਵੱਧ ਕਿਸ ਉਪਰ ਗੌਰਵ ਹੈ ?

— ਆਪਣੀ ਆਪਣੀ ਜਗ੍ਹਾ ਸਾਰੇ ਹੀ ਪਿਆਰੇ ਨੇ। ਮੇਰੇ ਸਾਰੇ ਸ਼ਾਗਿਰਦ ਫਿਲਮ ਲਾਈਨ 'ਚ ਹੀ ਨਹੀਂ ਗਏ। ਕਈਆਂ ਨੇ ਸਿਰਫ ਸ਼ੌਕ ਦੀ ਖਾਤਰ ਨ੍ਰਿਤ ਸਿੱਖਿਆ। ਜਦੋਂ 'ਥਾਨਾ' 'ਚ ਡਾਂਸ ਸਕੂਲ ਚਲਾਇਆ ਕਰਦੀ ਸਾਂ ਉਥੇ ਮੇਰੇ ਕੋਲੋਂ ਇਕ ਲੜਕੀ ਡਾਂਸ ਸਿੱਖਣ ਆਈ ਜੋ ਮੈਨੂੰ ਬਹੁਤ ਪਿਆਰੀ ਲੱਗੀ, ਪਹਿਲੀ ਨਜ਼ਰੇ ਹੀ। ਉਥੇ ਉਹ ਮੇਰੇ 300 ਸਟੂਡੈਂਟਸ ਵਿਚੋਂ ਇਕ ਸੀ। ਮੈਂ ਉਸ ਉਪਰ ਖਾਸ ਤਵੱਜੋਂ ਦਿੱਤੀ। ਉਸ ਨੇ ਦੇਸ਼ 'ਚ ਹੀ ਨਹੀਂ ਵਿਦੇਸ਼ਾਂ ਵਿਚ ਵੀ ਨ੍ਰਿਤ 'ਚ ਨਾਂਅ ਕਮਾਇਆ। ਤੁਸੀਂ ਵੀ ਉਸ ਦਾ ਨਾਂਅ ਸੁਣਿਆ ਹੋਵੇਗਾ—ਯਾਮਨੀ ਕ੍ਰਿਸ਼ਨਾਮੂਰਤੀ।

? ਆਸ਼ਾ ਚੰਦਰਾ ਬਾਰੇ ਸੁਣਿਆ ਹੈ ਕਿ ਉਹ ਸ਼ਾਗਿਰਦਾਂ ਨੂੰ ਫਿਲਮਾਂ 'ਚ ਕੰਮ ਦਿਵਾਉਣ ਦਾ ਭਰੋਸਾ ਵੀ ਦਿਵਾਉਂਦੀ ਹੈ ਤੇ ਇਓਂ ਉਹਦੀ ਦੁਕਾਨ ਜ਼ਿਆਦਾ ਚਮਕ ਰਹੀ ਹੈ ?

— ਆਸ਼ਾ ਜੀ ਬਾਰੇ ਮੈਂ ਕੁਝ ਨਹੀਂ ਕਹਿ ਸਕਦੀ। ਪਰ ਅਸੀਂ ਕਦੇ ਕਿਸੇ ਸ਼ਾਗਿਰਦ ਨੂੰ ਨਾ ਭਰੋਸਾ ਦਿੱਤਾ ਤੇ ਨਾ ਲਾਰਾ ਲਾਇਆ। ਹਾਂ, ਪ੍ਰੋਡਿਊਸਰ, ਡਾਇਰੈਕਟਰ ਜਦੋਂ ਅਪਰੋਚ ਕਰਨ ਤਾਂ ਅਸੀਂ ਟਾਈਮ ਫਿਕਸ ਕਰਕੇ ਉਨ੍ਹਾਂ ਨੂੰ ਆਪਣੀ ਕਲਾਸ 'ਚ ਬੁਲਾ ਲਈਦਾ ਤੇ ਸਭਨਾਂ ਦਾ ਡਾਂਸ ਦਿਖਾ ਦੇਈਦਾ।

? ਬਿਲਕੁਲ ਅਣਜਾਣ ਨੂੰ ਡਾਂਸ ਸਿਖਾਉਣ 'ਚ ਤੁਸੀਂ ਕਿਤਨਾ ਸਮਾਂ ਲੈਂਦੇ ਹੋ ?

— ਘੱਟ ਤੋਂ ਘੱਟ ਤਿੰਨ ਮਹੀਨੇ। ਜੇਕਰ ਡਾਂਸ 'ਚ ਉਸ ਖੂਬਸੂਰਤੀ ਵੀ ਭਰਨੀ ਹੋਵੇ ਤਾਂ ਛੇ ਮਹੀਨੇ ਦੀ ਟਰੇਨਿੰਗ ਜ਼ਰੂਰੀ ਹੈ।

? ਤੁਸੀਂ ਗਰੁੱਪ ਪੱਧਰ 'ਤੇ ਡਾਂਸ ਸਿਖਾਉਂਦੇ ਹੋ ਜਾਂ ਇਕੱਲੇ ਇਕੱਲੇ ਨੂੰ ?

— ਲੋੜ ਅਨੁਸਾਰ ਇਕੱਲੇ ਇਕੱਲੇ ਨੂੰ ਵੀ ਸਿਖਾਇਆ ਜਾਂਦਾ ਹੈ। ਇਹ ਨਿਰਭਰ ਕਰਦਾ ਹੈ ਕਲਾਕਾਰ ਦੀ ਪਿਕ-ਅੱਪ 'ਤੇ।

? ਤੁਹਾਡੀ ਇਕ ਭੈਣ ਵੈਸ਼ਾਲੀ ਵੀ ਫਿਲਮਾਂ 'ਚ ਹੁੰਦੀ ਸੀ ?

— ਹਾਂ ਵੈਸ਼ਾਲੀ ਨੇ ਸ਼ਾਦੀ ਉਪਰੰਤ ਫਿਲਮ ਲਾਈਨ ਛੱਡ ਦਿੱਤੀ, ਉਹ ਸੁਖੀ ਜੀਵਨ ਬਤੀਤ ਕਰ ਰਹੀ ਹੈ ਅੱਜ ਕੱਲ੍ਹ।

? ਫਰਜ਼ ਕਰੋ, ਤੁਹਾਨੂੰ ਨਵੇਂ ਸਿਰਿਓਂ ਜੀਵਨ ਜਿਊਣ ਦਾ ਮੌਕਾ ਮਿਲੇ, ਤਾਂ ਕਿਹੜਾ ਪ੍ਰੋਫੈਸ਼ਨ ਅਪਣਾਉਗੇ।

— ਮੈਂ ਖਿੜੇ ਮੱਥੇ ਦੂਜੀ ਵਾਰ ਵੀ ਇਕ ਡਾਂਸਰ ਬਣਨਾ ਹੀ ਪਸੰਦ ਕਰਾਂਗੀ

? ਕਦੀ ਜੇ ਤੁਹਾਨੂੰ ਪੰਜਾਬ ਦੀ ਕੋਈ ਸੰਸਥਾ ਸਨਮਾਨ ਆਦਿ ਕਰਨ ਲਈ ਬੁਲਾਵੇ ਤਾਂ ਆਓਗੇ ?

— ਕਿਉਂ ਨਹੀਂ। ਆਖਰ ਮੈਂ ਪੰਜਾਬ ਦੀ ਨੂੰਹ ਹਾਂ।

---

→

"ਫਿਰ !"

"ਉਸ ਪੀਤੀ ਹੋਈ ਸੀ, ਮੈਨੂੰ ਨਫਰਤ ਹੈ ਪੀਣ ਵਾਲਿਆਂ ਤੋਂ।"

"ਫਿਰ ਇਸ ਦਾ ਇਲਾਜ ਮੈਂ ਦੱਸਦਾ ਹਾਂ, ਤੂੰ ਆਪਣੇ ਨਾਂ ਪਿੱਛੇ ਕਾਲੜਾ ਨਾਲ ਲਿਖਿਆ ਕਰ। ਆਪੇ ਲੋਕਾਂ ਨੂੰ ਪਤਾ ਨਹੀਂ ਲਗੇਗਾ ਕਿ ਇਹ ਕਾਲੜੇ ਦਾ ਮੁੰਡਾ ਆ।"

"ਇਹੀ ਤਾਂ ਮੁਸੀਬਤ ਹੈ, ਲੋਕਾਂ ਨੂੰ ਪਤਾ ਚਲ ਹੀ ਜਾਂਦਾ ਹੈ।

ਪਾਠਕੋ ਦੇਖਿਆ ਸ਼ਰਾਬੀਆਂ ਦੀਆਂ ਮੁਸੀਬਤਾਂ। ਮੁਸੀਬਤਾਂ ਅਜੇ ਇਥੇ ਹੀ ਨਹੀਂ ਮੁੱਕੀਆਂ। ਪੁਲੀਸ ਵਾਲਿਆਂ ਦੀ ਗੱਡੀ 'ਤੇ ਲਿਖਿਆ ਸੀ, 'ਪੁਲੀਸ ਤੁਹਾਡੀ ਸੇਵਾ ਵਿਚ ਹਾਜ਼ਰ ਹੈ।' ਇਕ ਸ਼ਰਾਬੀ ਨੇ ਇਹ ਸ਼ਬਦ ਪੜ੍ਹ ਲਏ ਤੇ ਜਾ ਪਹੁੰਚਿਆ ਆਪਣੀ ਫਰਿਆਦ ਲੈ ਕੇ।

"ਜੀ ਤੁਸੀਂ ਸਾਡੀ ਸੇਵਾ ਵਿਚ ਹਾਜ਼ਰ ਹੋ ?"

"ਕੀ ਗੱਲ ਆ ਉਏ।" (ਇਹ ਕਹਿਣ ਦੀ ਲੋੜ ਨਹੀਂ ਕਿ ਉਸ ਆਪ ਪੀਤੀ ਹੋਈ ਸੀ)।

"ਮੈਨੂੰ ਜ਼ਰਾ ਘਰ ਛੱਡ ਆਓ।"

ਤੇ ਪੁਲੀਸ ਉਸ ਨੂੰ ਵੱਡੇ ਘਰ ਛੱਡ ਆਈ। ਸਵੇਰੇ ਜੇਬ ਖਾਲੀ ਕਰ ਕੇ ਛੱਡਿਆ ਪਰ ਇਕ ਗੱਲ ਏ, ਸ਼ਰਾਬੀ ਹੁੰਦੇ ਈਮਾਨਦਾਰ ਹਨ। ਸਾਡੇ ਦੇਸ਼ ਦੀ ਪੁਲੀਸ ਵਾਂਗ, ਨਹੀਂ ਤਾਂ ਅਜ਼ਮਾ ਕੇ ਦੇਖ ਲਵੋ।

ਸ਼ਰਾਬੀਆਂ ਦੇ ਦੁਖੜੇ ਤਾਂ ਬਹੁਤ ਹਨ। ਪਰ ਇਸ ਲੇਖ ਵਿਚ ਉਨ੍ਹਾਂ ਦਾ ਜ਼ਿਕਰ ਕਰਨਾ ਅਤੀ ਮੁਸ਼ਕਲ ਹੈ। ਇਸੇ ਲਈ ਬੱਸ ਕਰਦਾ ਹਾਂ।

---




**ਗਿਆਨ ਸ਼ਕਤੀ ਹੈ**



**ਸਾਈਕਿਕ ਰੀਡਰ ਸਾਰਾ**

ਆਪਣੀਆਂ ਹਸਤ-ਰੇਖਾਵਾਂ ਤੋਂ ਜ਼ਿੰਦਗੀ, ਪਿਆਰ, ਵਿਆਹ, ਵਪਾਰ, ਸਿਹਤ ਦੀਆਂ ਮੁਸ਼ਕਲਾਂ ਤੋਂ ਜਾਣੂ ਹੋਵੋ। ਸਾਰਾ ਵਿਛੜਿਆਂ ਨੂੰ ਮੇਲਣ ਤੇ ਮਾੜੀ ਕਿਸਮਤ ਨੂੰ ਚੰਗੇ ਵਿਚ ਬਦਲਣ ਦੇ ਸਮਰੱਥ ਹੈ। ਇਕ ਵਾਰੀ ਜ਼ਰੂਰ ਆਜ਼ਮਾਓ।

ਮੁਲਾਕਾਤ ਲਈ ਸਮਾਂ ਨੀਯਤ ਕਰਨ ਲਈ ਫ਼ੋਨ ਕਰੋ :

Tarot Card and Palm Reader gifted by her ancestors, solves all problems of life. Helps reunite the separated, interpret your dreams, unfold the mystery of past life.

Let me prove to you that my capability is more superior than others you might have consulted with in the past. Guaranteed accuracy.

***Call for Appointment:***

**251-1246** (Vancouver) **$5 OFF WITH AD**

# GOYAL THE VIDEO KING



ਰਾਜਿੰਦਰ ਗੋਇਲ

**4160 FRASER ST., VANCOUVER, B.C. TEL: [604] 877-7778**

**.... SERVING YOU SINCE 1979**

## Guaranteed Low Prices on

# Panasonic

## Video Machines

**Best Prices in**

## Panasonic & Toshiba Microwave Ovens



OPEN

SEVEN

DAYS

## Luggage?

Travelling abroad & buying sets for marriage,
Remember, we're authorized dealers of
SAMSONITE

**Biggest store in British Columbia for 220V electrical appliances**

## Digital Transfer

We may not be the cheapest,
But we are certainly the **BEST** as far as quality is concerned
Same day service for Conversion of tapes from India, Pakistan, England, Europe
Africa to Canadian system and vice versa

Now you can buy **Video Machines, TVs, Blenders, Food Processors, Rechargeable Flash Lights, Irons, Heating Pads etc. for India, Africa and Pakistan**

**We've the BIGGEST SELECTION of Hindi/Punjabi/Urdu and Gujarati video films**
**And we're also the Distributors of all Video Cameras**

**Remember we gave you 'Ramayana' on Video**
**And very soon we eill have 'Mahabharat' for you**

**For more information please phone at (604) 877-7778**

# ROYAL FURNITURE LTD.

**2607 Main St., VANCOUVER, B.C. (Main & 10th Ave.)**

# 41st Anniversary Sale

**AT**

**YOUR NEIGHBORHOOD FURNITURE BARGAIN STORE**

**41st ਐਨੀਵਰਸਰੀ ਸੇਲ ਲੱਗ ਗਈ ਤੁਹਾਡੀ ਕਮਿਊਨਿਟੀ ਦੇ ਮਸ਼ਹੂਰ ਫਰਨੀਚਰ BARGAIN STORE ਰੋਇਲ ਫਰਨੀਚਰ 'ਤੇ**

**Below Wholesale Price**



**COLONIAL LIVING ROOM SUITE**

All 3 Pieces

100% Nylon Fabric, Lifetime Warranty on frame construction

YOU GET ■ Sofa ■ Loveseat ■ Chair

**$695**

## Visit Our Showroom

## Lowest Prices in Town



Matches Your Waterbed

**PINE BEDROOM SUITE**

4 Pieces

YOU GET : ■ Headboard ■ Dresser ■ Hutch ■ 1 Night Stand ■ Chest available

■ Footboard & Rails available

■ Similar to illustration

**$388**

## WE HAVE GOT :

- Wide variety in Dining room suites and Dinnets.
- Bedroom suites in PINE and SOLID OAK at factory wholesale prices.
- Best selection in SOFA SETS, CHESTER FIELD and HID-A-BED.
- All type of Mattresses by Brand Name — SEALY, GRANGE, RESTONIC, SIMMONS and POSTURE BEAUTY.
- YOU NAME IT AND WE GOT IT.

7 Pc.

**$429.98**



7 Pc. Solid Bedroom Suite

From **$595**



3 Pc. Pillow Back, Comfortable, Lifetime Warranty on frame construction

**$999**

YOU GET: ■ Sofa ■ Chair ■ Love Seat



**SAVE UP TO 50% ON MATTRESS SETS!**

**POSTURE BEAUTY**

| 39" Twin Set | 54" Double Set | 60" Queen Set |
|---|---|---|
| $139 Both Pcs. | $169 Both Pcs. | $239 Both Pcs. |

**SEALY**

| 39" Twin Set | 54" Double Set | 60" Queen Set |
|---|---|---|
| $229 Both Pcs. | $289 Both Pcs. | $329 Both Pcs. |

**RESTONIC**

| 39" Twin Set | 54" Double Set | 60" Queen Set |
|---|---|---|
| $199 Both Pcs. | $279 Both Pcs. | $299 Both Pcs. |



**9 Pc. TRADITIONAL DINING ROOM SUITE**

YOU GET : ■ Hutch ■ Buffet ■ Table with Leaf ■ 4 Side Chairs ■ 2 Arm Chairs

**$1988**

**ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5% ਨਾਲ ਬੀਟ ਕਰਾਂਗੇ!**

LOWEST PRICES GUARANTEED

# ROYAL FURNITURE LTD.

2607 MAIN STREET (at 10th. AVE.), VANCOUVER, B.C.

**TEL. 874-9525**

VISA

MasterCard

MASTER CARD VISA ACCEPTED

# GILL AUTO SALES




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

# ਕਾਰਾਂ ਉਤੇ ਸਪੈਸ਼ਲ ਸੇਲ

## ਸਾਡੇ ਕੋਲ ਹਰ ਮਾਡਲ ਦੀਆਂ ਕਾਰਾਂ ਹਨ — ਦੇਖਣ ਲਈ ਅੱਜ ਹੀ ਪੁੱਜੋ — ਵਾਜਬ ਕੀਮਤਾਂ

# GILL VANS




## Conversions & Accessories

| | |
|---|---|
| Bench Seats installed from | $300 |
| Captain Chairs with swivel bases, custom made from | pr. $390 |
| Sofa bed Deluxe from | $475 |
| Bay Windows installed from | $99 |
| Complete Van Interior from | $725 |
| Raised Roof installed from | $850 |
| Electric Sofa Bed | from $1299 |

- Accessories
- Service
- Installations
- Auto Upholstery

**CALL 522-2122 COLLECT**